ਨਿਰੀਖਜਕ NIRIKHIAK

# THE FOUNDER



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾ: ੧੨ਵੀਂ

SATGURU RAM SINGH JI

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

21

With best compliments from :

Phone : H.O. 5151

# Harbhajan Sarbjeet & Associates

CIVIL ENGINEERING CONTRACTORS

H. O. 562/6, Ramgarh Colony, Kanpur Road,
LUCKNOW-5 (U.P.)

*Branches* :

Bungalow No. 2
S. B. H. Officer Colony
Opp. Govt. Milk Scheme,
AURANGABAD (M.S.)
Phone : 3587

S. E. G. L. Project,
Central Railway
P. O. Karjat,
Distt. COLABA (M.S.)

UPPER PENGANGA PROJECT
Sakatpura
KOTA-8 (Rajasthan)
Phone : 3364

*Works in Hand* :

Construction of Paitham Righ
Bank Canal
Jayakwadi Project,
AURANGABAD (M.S.)
Costing Rs. 3-20 Crores

Construction of Central
Railway Project
in between Karjat & Lonavala
(Bombay) NANDED (M.S.)
Costing Rs. 2-33 Crores

Excavation of Road Cutting
for Thermal Power Station, KOTA
Costing Rs. 1-67 Crores

ੴ ਸ੍ਰੀ ਸਤਿਗੁਰੂ ਰਾਮ ਸਿਘ ਜੀ ਸਹਾਇ ।


Phones : : 269656
Office : 275938
Resi. : 213054

## ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

ਵਧੀਆਂ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਾਰੰਟੀ ਸੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ ।

# ਨਾਮਧਾਰੀ ਏਜੰਸੀਜ਼

2/2068 ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਕ, ਦਿਲੀ-110006.

Manufacturers & Suppliers of :

**Tukridar Printed Shamianas & Kanats
For all kinds, in Attractive and Guaranteed Fast Colours,
Wooden & Steel Furnitures**

*Please Contact :*

# NAMDHARI AGENCIES

2/2068, Chah Andara, (Behind Jubilee Cinema),
Chandni Chowk, DELHI-110006.



ਦਲੀਪ ਸਿੰਘ ਨਾਮਧਾਰੀ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਤੋਂ ਛਪਵਾ ਕੇ ਦਫਤਰ ਨਿਰੀਖਿਅਕ E-25, ਫੋਕਲ ਪੋਆਇੰਟ, ਲੁਧਿਆਣਾ-10 ਤੋਂ ਪ੍ਰਕਾਸ਼ਤ ਕੀਤਾ ।



Sri Satguru Jagjit Singh Ji Elibrary NamdhariElibrary@gmail.com

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਨਿਰੀਖਿਅਕ

ਸਤੰਬਰ, 1982 ਅੰਕ : ਦੂਜਾ ਜਿਲਦ : ਪੰਜ

ਸੰਪਾਦਕ :
ਦਲੀਪ ਸਿੰਘ ਨਾਮਧਾਰੀ

ਸਹਾਇਕ :
ਅਜੀਤ ਸਿੰਘ
ਸੁਖਵਿੰਦਰ ਸਿੰਘ

ਪ੍ਰਕਾਸ਼ਕ :
ਨਾਮਧਾਰੀ ਵਿਦਿਅਕ ਜੱਥਾ
ਲੁਧਿਆਣਾ

ਪਤਾ :
ਈ-25, ਫੋਕਲ ਪੁਆਇੰਟ
ਲੁਧਿਆਣਾ-141010
E-25, Focal Point
Ludhiana-141010

ਕੀਮਤ ਫੀ ਕਾਪੀ
ਪੰਜ ਰੁਪੈ


1. ਸੰਪਾਦਕੀ — ਦਲੀਪ ਸਿੰਘ ਨਾਮਧਾਰੀ — ੳ
2. ਪੌਰਾਣਿਕ ਸਾਖੀਆਂ ਨੂੰ ਮਾਨਤਾ — ਸ੍ਰੀ ਮਹਾਰਾਜਬੀਰ ਸਿੰਘ ਜੀ — 1
3. ਨਾਮਧਾਰੀ ਲਹਿਰ ਤੇ ਆਜ਼ਾਦੀ ਸੰਗ੍ਰਾਮ — ਸ੍ਰ. ਕਾਮਰੇਡ ਸੋਹਨ ਸਿੰਘ ਜੋਸ਼ — 11
4. ਜੰਗਿ ਆਜ਼ਾਦੀ ਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ — ਸੰਤ ਆਤਮਾ ਸਿੰਘ ਸਨਖਤਰਵੀ — 15
5. ਤੋਪਾਂ ਗਰਜਦੀਆਂ ਗਈਆਂ ਤੇ ਕੂਕੇ ਅਗ੍ਹਾਂ ਵਧਦੇ ਗਏ — ਮਾ. ਨਿਹਾਲ ਸਿੰਘ ਜੀ — 22
6. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਕੂਕਾ ਲਹਿਰ — ਸੰਤ ਵਾਸਦੇਵ ਸਿੰਘ ਭੰਵਰਾ — 37
7. ਗੀਤ — ਬੀਬੀ ਸਤਨਾਮ ਕੌਰ ਕੰਵਲ — 49
8. ਖੁਰਾਕ ਅਤੇ ਆਤਮਾ ਦਾ ਸਬੰਧ — ਗੁਰੂ ਨਾਨਕ ਸੰਦੇਸ਼ — 50
9. ਮੈਂ ਬੌਰਾ ਮੇਰਾ ਸਭ ਜਗ ਬੌਰਾ — ਡਾ. ਬਲਵੰਤ ਸਿੰਘ ਨੂਰ — 52
10. ਮਾਸ ਅਹਾਰ ਮਨੁੱਖ ਦੀ ਅਰੋਗਤਾ ਦਾ ਕਿਵੇਂ ਸਤਿਆਨਾਸ ਕਰਦਾ ਹੈ — 53
11. ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼ — ਦਲਬੀਰ ਸਿੰਘ ਜੋਸ਼ — 55
12. ਸ਼ਹੀਦਾਂ ਦੀ ਯਾਦ (ਕਵਿਤਾ) — ਮਹੰਤ ਗੋਪਾਲ ਦਾਸ — 56
13. ਨਾਮਧਾਰੀ ਰਹਿਤ-ਮਰਯਾਦਾ — ਦਲੀਪ ਸਿੰਘ ਨਾਮਧਾਰੀ — 57
14. ਜੇਕਰ ਪ੍ਰੀਤਮ ਪ੍ਰਦੇਸ ਨੂੰ ਜਾਂਵਦੇ ਨਾ — ਸੰਤ ਨਰਿੰਜਨ ਸਿੰਘ ਜਯੋਤੀ — 61
15. ਆਜ਼ਾਦੀ ਸੰਗਰਾਮ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ — ਸੰਤੋਖ ਸਿੰਘ — 63
16. ਸਿਖੀ ਨਾਲ ਪਿਆਰ — ਤੇਗ ਬਹਾਦਰ ਸਿੰਘ 'ਤੇਗ' — 69
17. ਇਤਿਹਾਸ ਗੁਰਦੁਆਰਾ ਮਨੀ ਕਰਣ — ਦਲੀਪ ਸਿੰਘ ਨਾਮਧਾਰੀ — 70
18. ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ (ਰਜਿ.) ਇਤਿਹਾਸ, ਨਿਯਮ-ਉਪਨਿਯਮ ਤੇ ਸਰਕੂਲਰ — 73
19. ਕਾਲਾ ਪਾਣੀ — ਸ੍ਰੀ ਮਹਾਰਾਜਬੀਰ ਸਿੰਘ ਜੀ — 86


ਨੋਟ— ਸੰਪਾਦਕ ਦਾ ਲੇਖਕ ਦੇ ਹਰ ਵਿਚਾਰ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

Sri Satguru Jagjit Singh Ji Elibrary NamdhariElibrary@gmail.com

ਸੰਪਾਦਕੀ—

# ਤਪੋ ਭੂਮੀ ਦਾ ਇਕ ਅਨੂਪਮ ਦ੍ਰਿਸ਼

ਕਲਪਨਾ ਕਰੋ ਕਿ ਇਸ ਅੰਧਾ ਧੁੰਦ ਕਲਜੁਗੀ ਸਮੇਂ ਵਿਚ ਵਿਸ਼ਵ ਏਕਤਾ ਤੇ ਸ਼ਾਂਤੀ ਲਈ ਲੋਕ ਭਲਾਈ ਤੇ ਦੁਖਾਂ ਕਲੇਸ਼ਾਂ ਦੇ ਨਾਸ ਹਿੱਤ, ਧਰਮ ਪ੍ਰਸਾਰਣ ਤੇ ਮਾਨਵਤਾ ਦੇ ਪ੍ਰਕਾਸ਼ ਲਈ, ਇਕ ਗੋਲ ਅਕਾਰ ਦੀ ਛਪਰ ਛੱਤੀ ਯੱਗ ਸ਼ਾਲਾ ਵਿਚਾਲੇ ਸੁਰਖਿਅਤ ਹਵਨ ਕੁੰਡ ਵਿਚ, ਪ੍ਰਚੰਡ ਅਗਨੀ ਤੇ ਸ਼ੁਧ ਦੇਸੀ ਘਿਉ ਤੇ ਜਲ ਦੇ ਛਟੇ ਵਜਦੇ ਹੋਣ। ਇਕ ਜਲ ਨਾਲੀ ਸਾਰੇ ਪਾਠੀਆਂ ਸਾਹਵੇਂ ਕੁੰਡ ਰੂਪ ਵਿਚ ਸਥਾਪਿਤ ਹੋਵੇ। ਦੂਸਰੇ ਪਾਸੇ ਵਕਤ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਿਰਾਜਮਾਨ ਹੋਣ, ਰਾਗੀ ਸਿੰਘ ਅੰਮ੍ਰਿਤ ਵੇਲੇ ਤੋਂ ਆਸਾ ਜੀ ਦੀ ਵਾਰ ਦਾ ਕੀਰਤਨ ਸੰਸਕ੍ਰਿਤਕ ਰਾਗਾਂ ਅਨੁਸਾਰ ਕਰ ਰਹੇ ਹੋਣ ਅਤੇ ਹਜ਼ਾਰਾਂ ਸਰੋਤੇ, ਆਪਣੀ ਸੁਰਤੀ ਸਤਿਗੁਰੂ ਚਰਨਾਂ ਨਾਲ ਜੋੜ, ਰਸਨਾ ਨਾਲ ਉਸ ਅਕਾਲ ਪੁਰਖ ਦਾ ਸਿਮਰਨ ਕਰ ਰਹੇ ਹੋਣ, ਕਿਉਂ ਨਾ ਸਿਰ ਝੁਕ ਜਾਂਦੇ ਹੋਣਗੇ, ਇਹ ਦ੍ਰਿਸ਼ ਨੂੰ ਵੇਖ ਕੇ ਇਸ ਅਦਭੁਤ ਰਚਨਾ ਦੇ ਰਚਨਹਾਰ ਦੇ ਆਦਰ ਸਤਿਕਾਰ ਲਈ।

ਇਹ ਮਨੋਹਰ ਦ੍ਰਿਸ਼ ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ ਤੇ ਹੋਏ ਮਹਾਨ ਚੰਡੀ ਯੱਗ ਦਾ ਹੈ। ਜੋ 20 ਸਿਤੰਬਰ ਤੋਂ 10 ਅਕਤੂਬਰ 1982 ਤਕ ਪੰਜ ਅਸੂ ਤੋਂ 25 ਅਸੂ ੨੦੩੯ ਤਕ ਨਿਰੰਤਰ ਚਲਦਾ ਰਿਹਾ। ਇਸ ਯਗ ਵਿਚ 134966 ਚੰਡੀ ਦੇ ਪਾਠਾਂ ਦਾ ਭੋਗ ਪਾਇਆ ਗਿਆ। ਪੰਜ ਪੀਪੇ ਦੇਸੀ ਘਿਓ ਦੀ ਰੋਜ਼ਾਨਾ ਅਹੂਤੀ ਪੈਂਦੀ ਰਹੀ। ਤੇ ਅਖੀਰਲੇ ਦਿਨੀਂ 12 ਮਿੰਟ ਵਿਚ ਇਕ ਪੀਪਾ ਘਿਉ ਦੀ ਅਹੂਤੀ ਪਾਈ ਗਈ। ਕਰੀਬ 500 ਪਾਠੀਆਂ ਨੇ ਇਸ ਪ੍ਰਯੋਗ ਵਿਚ ਯੋਗਦਾਨ ਪਾ ਕੇ ਜੀਵਨ ਸਫਲਾ ਕੀਤੇ ਹਨ। ਜੋ ਪਾਠੀ ਹਰ ਵੇਲੇ ਪਾਠ ਕਰਦੇ ਰਹਿੰਦੇ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛੱਤਰ ਛਾਇਆ ਹੇਠ ਪਹਿਲਾਂ ਸਵਾ ਲਖ ਚੰਡੀ ਦੀ ਵਾਰ ਦਾ ਯੱਗ 1937 ਈ: ਵਿਚ, ਲਾਹੌਰ ਵਿਚ ਮਹਾਂ ਵਿਨਾਸ਼ਕਾਰੀ ਮਸ਼ੀਨੀ ਬੁਚੜਖਾਨੇ ਦੇ ਵਿਰੁਧ ਕੀਤਾ ਗਿਆ। ਤੇ ਉਸ ਤੋਂ ਬਾਅਦ 1938, 1957 ਵਿਚ ਸਮੁੱਚੀ ਮਾਨਵਸ਼ਾਂਤੀ ਦੇ ਲਈ ਸ੍ਰੀ ਸਤਿਗੁਰੂ ਜੀ ਨੇ ਇਹ ਯੱਗ ਕਰਵਾਏ। ਪ੍ਰੰਪਰਾ ਗਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਵੀ ਸੰਸਾਰੀ ਜੀਵਾਂ ਦੇ ਉਧਾਰ ਲਈ 1962, 1972, ਤੇ 1979 ਵਿਚ ਇਹ ਯੱਗ ਕੀਤੇ ਗਏ। ਤੇ ਹੁਣ ਜਦੋਂ ਖਾਸ ਕਰ ਪੰਜਾਬ, ਭਾਰਤ ਤੇ ਸਾਰਾ ਵਿਸ਼ਵ ਹੀ, ਲੁਟ ਮਾਰ, ਜੀਵ-ਅਹਿੰਸਾ, ਬਦ ਅਮਨੀ, ਬਦਅਖਲਾਕੀ ਦੀ ਲਪੇਟ ਵਿਚ ਆਇਆ ਹੋਇਆ, ਜੰਗੀ ਹਥਿਆਰਾਂ ਦੀ ਦੌੜ ਨੇ ਮਨੁਖ ਨੂੰ ਰਾਖਸ਼ਸ਼ ਬਣਾ ਦਿਤਾ ਹੈ, ਸ੍ਰੀ ਸਤਿਗੁਰੂ ਜੀ ਨੇ ਫਿਰ ਸੁਖ, ਸ਼ਾਂਤੀ, ਸਮਰਿਧੀ, ਮਾਨਵ ਪਿਆਰ ਤੇ ਈਸ਼ਵਰੀ ਪ੍ਰਕਾਸ਼ ਲਈ ਇਹ ਯੱਗ ਕਰਵਾਇਆ ਹੈ। ਸਮਾਪਤੀ ਤੇ ਸੰਗਤ ਨੂੰ ਅਸ਼ੀਰਵਾਦ ਤੇ ਉਪਦੇਸ਼ ਦੇਂਦਿਆਂ ਫੁਰਮਾਇਆ "ਅਜ ਮਾੜੀਆਂ ਗੱਲਾਂ ਦਾ ਬੋਲਬਾਲਾ ਹੈ ਤੇ ਚੰਗੀਆਂ ਦਾ ਨਹੀਂ"......ਇਤਿਹਾਸ ਨੂੰ ਵਿਗਾੜਿਆ ਜਾ ਰਿਹਾ ਹੈ .. ਭਜਨ ਬੰਦਗੀ ਵਲ ਘੱਟ ਧਿਆਨ ਦਿਤਾ ਜਾ ਰਿਹਾ ਹੈ .....ਪਰ ਅਸੀਂ ਵਡਭਾਗੇ ਹਾਂ, ਸਤਿਗੁਰੂ ਜੀ ਦੇ ਹੁਕਮ ਮੰਨ ਰਹੇ ਹਾਂ।......ਸਾਨੂੰ ਗਊ ਦੀ ਰਖਸ਼ਾ ਤੇ ਪਾਲਣਾ ਕਰਨੀ ਚਾਹੀਦੀ ਹੈ। ਹਰ ਇਕ ਪੰਜਾਬੀ ਤੇ ਹਿੰਦੁਸਤਾਨੀ ਦੇ ਘਰ ਗਊ ਹੋਣੀ ਚਾਹੀਦੀ ਹੈ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ ਕਿ :

ਯਹੀ ਬੇਨਤੀ ਖਾਸ ਹਮਰੀ ਸੁਣੀਜੈ,
ਅਸੁਰ ਮਾਰ ਕਰ ਰਛ ਗਊਅਨ ਕਰੀਜੈ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਯਾਦਾ ਅਨੁਸਾਰ ਹੀ, ਇਹ ਹਵਨ ਹੋਇਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਪੰਜਾਬੀ ਲਿਪੀ ਵਿਚ ਰਚਿਤ ਬਾਣੀ ਚੰਡੀ ਦੀ ਵਾਰ ਦਾ ਪਾਠ ਕਰਕੇ ਇਹ ਯਗ ਕੀਤਾ ਗਿਆ।......



Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦੁਨੀਆਂ ਵਿਚ ਯੱਗ; ਹੋਮ, ਸੰਸਕ੍ਰਿਤ ਸਭਿਅਤਾ ਦੇ ਪ੍ਰਚਾਰ ਤੇ ਮਾਨਵ ਸੁਧਾਰ ਲਈ ਹੀ ਹੋਇਆ ਸੀ।

ਹਵਨ ਵਿਚ ਇਹ ਸ਼ਕਤੀ ਹੈ, ਕਿ ਮਾੜੇ ਗੁਣ ਨਿਕਲ ਜਾਂਦੇ ਹਨ, ਤੇ ਚੰਗੇ ਗੁਣਾਂ ਦਾ ਪ੍ਰਸਾਰ ਹੁੰਦਾ ਹੈ ਭਾਗਾਂ ਵਾਲੇ ਬਾਲਕ ਪੈਦਾ ਹੁੰਦੇ ਹਨ। ..... ਲੋਕ ਕਹਿੰਦੇ ਹਨ ਕਿ ਤੁਸੀਂ ਐਵੇਂ ਘਿਉ ਸਾੜੀ ਜਾਂਦੇ ਹੋ। ਪਰ ਲੋਕਾਂ ਨੂੰ ਪਤਾ ਨਹੀਂ ਕਿ ਇਸ ਘਿਓ ਨੂੰ ਸਾੜ ਕੇ ਸਾਰੀ ਧਰਤੀ ਤੇ ਇਸਦੀ ਖੁਸ਼ਬੋ ਫੈਲਣੀ ਹੈ ਜਿਸ ਨਾਲ ਮੌਸਮ ਖੁਸ਼ਗਵਾਰ ਹੁੰਦਾ ਹੈ।

ਪੰਜਾਬ ਤੇ ਦੇਸ਼ ਦਾ ਵਾਤਾਵਰਣ ਤਾਂ ਹੀ ਠੀਕ ਹੋ ਸਕਦਾ ਹੈ ਜਦੋਂ ਅਸੀਂ ਧਰਮ ਅਨੁਸਾਰ ਚਲਾਂਗੇ ਅਤੇ ਇਕ ਦੂਜੇ ਨੂੰ ਸਦਭਾਵਨਾ ਨਾਲ ਵੇਖਾਂਗੇ।"

ਇਸ ਪਵਿਤਰ ਉਪਦੇਸ਼ ਤੋਂ ਬਾਅਦ ਯੱਗ ਦੀ ਸਮਾਪਤੀ ਕੀਤੀ ਗਈ। ਕੜਾਹ ਪ੍ਰਸ਼ਾਦ ਦੇ ਖੁਲ੍ਹੇ ਗਫੇ ਵਰਤਾਏ ਗਏ। ਯਾਦ ਰਹੇ ਕਿ ਜਦੋਂ ਕਦੀ ਅਤੇ ਹੁਣ ਸ੍ਰੀ ਭੈਣੀ ਸਾਹਿਬ ਦੇ ਆਲੇ ਦੁਆਲੇ ਬਾਰਸ਼ ਨਹੀਂ ਹੁੰਦੀ ਤਾਂ ਪਿੰਡਾਂ ਵਾਲਿਆ ਦੇ ਅਰਜ਼ ਕਰਨ ਤੇ ਸਤਿਗੁਰੂ ਜੀ ਹਵਨ ਕਰਵਾਂਦੇ ਹਨ ਤਾਂ ਵਰਖਾ ਨਾਲ ਬਨਸਪਤੀ ਮੌਲ ਉਠਦੀ ਹੈ। ਹਵਨ ਯੱਗ ਸਾਡੀ ਸਨਾਤਨ ਮਰਿਯਾਦਾ ਅਨੁਸਾਰ ਅਜ ਵੀ ਉਨੇ ਹੀ ਲੁੜੀਂਦੇ ਹਨ ਜਿੰਨੇ ਕਿ ਪਹਿਲੇ ਸਮਿਆਂ 'ਚ ਹੋਇਆ ਕਰਦੇ ਸਨ। ਅਜ ਦੇ ਸਮੇਂ 'ਚ ਥੋੜਾ ਭਜਨ ਬਾਣੀ ਕੀਤਾ ਹੋਇਆ ਜਿਆਦਾ ਫਲਦਾਇਕ ਹੁੰਦਾ ਹੈ। ਦਸਵੰਧ ਕਢਣ ਦਾ ਹੁਕਮ ਹੈ ਤਾਂ ਤੇ 24 ਘੰਟਿਆਂ ਚੋਂ $2\frac{1}{2}$ ਘੰਟੇ ਰੋਜ਼ਾਨਾ ਨਾਮ ਜਪਣ ਲਈ ਜ਼ਰੂਰ ਕਢਣੇ ਚਾਹੀਦੇ ਹਨ। ਅਸੀਂ ਗੁਰ ਗੋਬਿੰਦ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਪੰਜ ਕਕਾਰ ਦੇ ਧਾਰਨੀ ਬਣੀਏ। ਅੰਮ੍ਰਿਤ ਛਕ ਕੇ ਸੁੱਚ-ਸੋਧ ਮਰਯਾਦਾ ਨੂੰ ਅਪਣਾਈਏ, ਅੰਮ੍ਰਿਤ ਵੇਲੇ ਪਹਿਲਾਂ ਨਾਮ ਸਿਮਰਨ ਕਰੀਏ ਫਿਰ "ਚੜ੍ਹੇ ਦਿਵਸ ਗੁਰਬਾਣੀ ਗਾਈਐ" ਦੇ ਵਾਕ ਅਨੁਸਾਰ ਬਾਣੀ ਪੜ੍ਹੀਏ। ਸੂਰਜ ਦੀ ਟਿਕੀ ਨਿਕਲਣ ਸਾਰ ਚੰਡੀ ਦੀ ਵਾਰ ਦੇ ਪਾਠ ਦਾ ਭੋਗ ਪਾ ਕੇ ਅਰਦਾਸ ਕਰੀਏ ਕਿ ਹੇ ਅਕਾਲ ਪੁਰਖ ਗਊ-ਗ਼ਰੀਬ ਦੀ ਰਖਸ਼ਾ ਹੋਵੇ, ਸਭ ਜੀਵ ਜੰਤ ਇਕ ਦੂਜੇ ਵਿਚ ਤੇਰੀ ਜੋਤ ਨੂੰ ਅਨੁਭਵ ਕਰਨ ਤੇ ਆਪਸ ਵਿਚਲਾ ਵੈਰ-ਵਿਰੋਧ ਮਿਟਾ ਕੇ ਪ੍ਰਸਪਰ ਪ੍ਰੇਮ-ਪਿਆਰ ਵਧੇ ਫੁਲੇ। ਅਜ ਦੀ ਇਹ ਮੰਗ ਹੈ ਕਿ ਗੈਰ ਜ਼ਰੂਰੀ ਗਲਾਂ ਵਿਚ ਅਸੀਂ ਸਮਾਂ ਨਸ਼ਟ ਨਾ ਕਰੀਏ। ਆਪਣਾ ਕਾਰ-ਵਿਹਾਰ ਕਰਦੇ ਹੋਏ ਬਾਕੀ ਦਾ ਸਮਾਂ ਪੰਥ, ਦੇਸ਼ ਦੇ ਹਿਤ ਲਈ ਦੇਈਏ। ਸਾਡਾ ਜੀਵਨ ਗੁਰਸਿਖੀ ਵਾਲਾ ਜੀਵਨ ਹੋਣਾ ਚਾਹੀਦਾ ਹੈ। ਤਾਂ ਜੁ ਹਰ ਹਿਰਦੇ ਚੋਂ ਖੁਸ਼ਬੋ ਤੇ ਖੇੜਾ ਪੈਦਾ ਹੁੰਦਾ ਦਿਸੇ। ਹਰ ਵਕਤ ਅਕਾਲਪੁਰਖ ਸਤਿਗੁਰੂ ਜੀ ਵਲ ਧਿਆਨ ਹੋਵੇ, ਨਾਮ ਜਪੀਏ ਤੇ ਵੰਡ ਛਕੀਏ। ਇਹ ਸਾਰੇ ਅਸੂਲ ਸਾਡੇ ਜੀਵਨ ਨੂੰ ਜਿਥੇ ਉੱਚਾ ਕਰਨਗੇ ਉਥੇ ਸਾਡਾ ਆਲਾ-ਦੁਆਲਾ ਵੀ ਸੁੰਦਰ ਬਣੇਗਾ। ਸਤਿਗੁਰੂ ਜੀ ਦਾ ਬਚਨ ਹੈ ਕਿ ਪਾਣੀ ਨੂੰ ਰੋਕਣ ਲਈ ਮਿਟੀ ਦਾ ਬੰਨ੍ਹ ਮਾਰੀਦਾ ਹੈ। ਪਾਣੀ ਬੰਨ੍ਹ ਨੂੰ ਤੋੜ ਦਿੰਦਾ ਹੈ, ਫਿਰ ਮਿਟੀ ਪਾਈਦੀ ਹੈ, ਦੂਜੀ ਤੀਜੀ ਭਾਵ ਜਿੰਨੀ ਵਾਰੀ ਤੋੜਦਾ ਹੈ ਅਸੀਂ ਮਿੱਟੀ ਪਾਈ ਜਾਈਦੀ ਹੈ ਉਸ ਨੂੰ ਰੋਕਣ ਦੇ ਲਈ। ਇਸੇ ਤਰ੍ਹਾਂ ਬੁਰਾਈਆਂ ਨੂੰ ਦਬਾਉਣ ਲਈ ਚੰਗੇ ਕਰਮ ਕਰਦੇ ਜਾਣਾ ਚਾਹੀਦਾ ਹੈ ਇਹ ਸਾਡਾ ਇਕ ਅਸੂਲ ਹੋਣਾ ਚਾਹੀਦਾ ਹੈ।

ਨਿਰੀਖਿਅਕ ਦਾ ਇਹ ਅੰਕ ਤੁਹਾਡੇ ਹੱਥਾਂ ਵਿਚ ਹੈ। ਐਤਕੀਂ ਇਸ ਵਿਚ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਖੋਜ ਭਰਪੂਰ ਲੇਖ "ਪੌਰਾਣਿਕ ਸਾਖੀਆਂ ਨੂੰ ਮਾਨਤਾ" ਅਤੇ "ਕਾਲਾ ਪਾਣੀ" ਹਨ। ਸੰਤ ਵਾਸਦੇਵ ਸਿੰਘ ਜੀ ਭਮਰਾ ਯੂ. ਕੇ. ਦਾ ਲੇਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਕੂਕਾ ਲਹਿਰ ਨੂੰ ਪੂਰੀ ਤਰ੍ਹਾਂ ਦਰਸਾਂਦਾ ਹੈ। ਸੰਤ ਆਤਮਾ ਸਿੰਘ ਜੀ ਦਾ ਲੇਖ "ਸ੍ਰੀ ਸਤਿਗੁਰੂ ਹਰੀ ਸਿੰਘ ਜੀ" ਤੇ ਇਕ ਸੁੰਦਰ ਝਾਤ ਹੈ। ਮਾਸਟਰ ਨਿਹਾਲ ਸਿੰਘ ਜੀ ਦਾ ਲੇਖ "ਤੋਪਾਂ ਗਰਜਦੀਆਂ ਗਈਆਂ ਕੂਕੇ ਵਧਦੇ ਗਏ" ਇਕ ਰੋਚਿਕ ਲੇਖ ਹੈ। ਸੰਤੋਖ ਸਿੰਘ ਜਮੁਨਾ ਨਗਰ ਨੇ "ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ" ਤੇ ਲੇਖ ਭੇਜਿਆ ਹੈ। ਇਸ ਤਰ੍ਹਾਂ ਰਹਿਤ-ਮਰਯਾਦ ਤੇ



Sri Satguru Jagjit Singh Ji Elibrary NamdhariElibrary@gmail.com

ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਨਿਯਮ-ਉਪ ਨਿਯਮ ਸਰਕੂਲਰ ਆਦਿ ਕਵਿਤਾਵਾਂ ਸਹਿਤ ਬਹੁਤ ਸਾਰੀ ਸਮਗਰੀ ਹੈ। ਆਪ ਜੀ ਇਸ ਨੂੰ ਪੜ੍ਹੋ ਤੇ ਵਿਚਾਰੋ, ਆਪਣੇ ਬਚਿਆਂ ਨੂੰ ਤੇ ਦੋਸਤਾਂ ਮਿਤਰਾਂ ਨੂੰ ਪੜ੍ਹਾਓ।

ਮੈਂ ਨਾਮਧਾਰੀ ਨੌਜਵਾਨ ਹਾਕੀ ਖਿਡਾਰੀਆਂ ਤੇ ਸੰਗੀਤ ਵਿਦਿਆਲੇ ਦੇ ਸਿਖਿਆਰਥੀਆਂ ਨੂੰ ਜਿਨ੍ਹਾਂ ਨੇ ਬਹੁਤ ਸਾਰੀਆਂ ਮਲਾਂ ਮਾਰੀਆਂ ਹਨ ਅਤੇ ਹੋਰ ਜਿੱਤਾਂ ਪ੍ਰਾਪਤ ਕਰਨ 'ਚ ਆਪਣੀ ਮਰਯਾਦਾ ਦੇ ਧਾਰਨੀ ਹੁੰਦੇ ਹੋਏ ਯਤਨ-ਸ਼ੀਲ ਹਨ ਨੂੰ ਵਧ ਈ ਦਿੰਦਾ ਹਾਂ।

ਮੈਂ ਸ੍ਰੀ ਸਤਿਗੁਰੂ ਜੀ, ਸ੍ਰੀ ਮਹਾਰਾਜ ਜੀ, ਸ੍ਰੀ ਠਾਕੁਰ ਜੀ, ਸੰਤ ਹਰਭਜਨ ਸਿੰਘ ਜੀ ਔਰੰਗਾਬਾਦ, ਸੰਤ ਸੇਵਾ ਸਿੰਘ ਜੀ ਟੈਂਟਾਂ ਵਾਲੇ ਦਿਲੀ, ਸੂਬਾ ਜੋਮਲ ਸਿੰਘ ਜੀ ਮੰਡੀ, ਸੰਤ ਹਰਵਿੰਦਰ ਸਿੰਘ ਜੀ ਹੰਸਪਾਲ ਐਮ ਪੀ., ਸੰਤ ਬਲਵੰਤ ਸਿੰਘ, ਮਹਿੰਦਰ ਸਿੰਘ ਬਾਲੀ ਨਗਰ ਦਿਲੀ, ਆਦਿ ਸਾਰੇ ਉਨ੍ਹਾਂ ਸਜਣਾਂ ਦਾ ਜਿਹੜੇ ਪੰਥ ਵਾਸਤੇ ਧਰਮ ਤੇ ਸਾਹਿਤ ਪ੍ਰਚਾਰ ਵਾਸਤੇ ਸਦਾ ਇਛਕ ਰਹਿੰਦੇ ਹਨ ਦਾ ਧੰਨਵਾਦ ਕਰਦਾ ਹਾਂ ਅਤੇ ਬਾਕੀ ਪ੍ਰੇਮੀ ਸਜਣਾਂ ਦਾ ਵੀ ਧੰਨਵਾਦ ਕਰਦਾ ਹਾਂ ਜਿਹੜੇ ਹਰ ਸਮੇਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ।

ਦਲੀਪ ਸਿੰਘ
ਨਾਮਧਾਰੀ

# ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ

ਮਾਤਾ ਚੰਨਣ ਕੌਰ ਤੇ ਪਿਤਾ ਸੰਤ ਨਿਰੰਜਣ ਸਿੰਘ ਜੀ ਦੇ ਲਾਡਲੇ ਸਪੁੱਤਰ ਸੰਤ ਦਰਸ਼ਨ ਸਿੰਘ ਜੀ ਪਿੰਡ ਮੰਡੇਰ ਜ਼ਿਲਾ ਜਲੰਧਰ ਵਿਖੇ ਪੈਦਾ ਹੋਏ। ਸਾਰੇ ਪਰਿਵਾਰ ਚੋਂ ਇਕੱਲੇ ਹੀ ਐਸੀ ਲਗਨ ਵਾਲੇ ਸਨ ਕਿ ਧਰਮ ਕਰਮ ਚ ਪੂਰਾ ਸਮਾਂ ਲਗਾਂਦੇ ਸੀ। 16 ਸਾਲਾਂ ਦੇ ਸਨ ਜਦੋਂ ਸ਼ਿਮਲੇ ਆਪਣੀ ਭੂਆ ਜੀ ਕੋਲ ਗਏ ਜੋ ਕਿ ਨਾਮਧਾਰੀ ਸਨ। ਭਾਵੇਂ ਪਹਿਲਾਂ ਵੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਦੇ ਰਹੇ ਪਰ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਿਮਲੇ ਇਨ੍ਹਾਂ ਦਿਨਾਂ ਚ ਆਏ ਤਾਂ ਆਪ ਜੀ ਨੂੰ ਸੇਵਾ ਵਿਚ ਮਗਨ ਤੇ ਲਗਨ ਨਾਲ ਜੁਟੇ ਹੋਏ ਵੇਖ ਸਤਿਗੁਰੂ ਪ੍ਰਤਾਪ ਸਿੰਘ ਜੀ ਕ੍ਰਿਪਾ ਕੀਤੀ ਤੇ ਉਦੋਂ ਤੋਂ ਨਾਮਧਾਰੀ ਸੱਜ ਗਏ। ਫਿਰ ਤੇ ਨਾਮ ਦੀ ਰੰਗਣ ਐਸੀ ਚੜ੍ਹੀ ਕਿ 1947 ਦੇ ਨੇੜੇ ਤੇੜੇ ਜਦੋਂ ਯੁਗੰਡਾ ਕਾਰੋਬਾਰ ਦੇ ਸਿਲਸਿਲੇ 'ਚ ਗਏ ਤਾਂ ਉਥੇ ਜਾਂਦਿਆਂ ਹੀ ਠੇਕੇਦਾਰੀ 'ਚ ਪੈ ਗਏ। ਪਹਿਲਾਂ ਯੁਗੰਡਾ ਫਿਰ 1960 ਤੋਂ ਨੈਰੋਬੀ ਆ ਗਏ। ਸਾਰੇ ਪਰਿਵਾਰ ਚੋਂ ਇਕੱਲੇ ਹੀ ਨਾਮਧਾਰੀ ਬਣੇ ਪਰ ਪੂਰੇ ਗੁਰਸਿਖੀ ਦੇ ਧਾਰਨੀ ਹੋ ਗਏ ਸਨ। ਆਪਣੀ ਨੇਕ ਕਮਾਈ ਚੋਂ ਦਸਵੰਧ ਜ਼ਰੂਰ ਕਢਦੇ ਸੀ ਅਤੇ ਇਹ ਸਾਰੀ ਉਮਰ ਕਢਦੇ ਰਹੇ। ਪਹਿਲਾਂ ਸੰਗਤ ਨੈਰੋਬੀ ਦੇ ਪ੍ਰਧਾਨ ਰਹੇ ਅਤੇ ਫਿਰ ਸੂਬਾ ਜੀ ਦੀ ਪਦਵੀ ਤੇ ਸੁਸ਼ੋਭਿਤ ਹੋਏ। ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪਿਆਰ ਇੰਨ੍ਹਾਂ ਕੁ ਹੋ ਗਿਆ ਕਿ ਜਦੋਂ ਯਾਦ ਕਰਨਾ ਸੂਬਾ ਜੀ ਪਹੁੰਚੇ ਹੋਣਾ। ਹਰ ਸਮੇਂ ਸਤਿਗੁਰੂ ਜੀ ਦੇ ਹੁਕਮਾਂ ਦੀ ਉਡੀਕ ਕਰਦੇ ਰਹਿਣਾ। ਅਤੇ ਜਦੋਂ ਸਮਾਂ ਮਿਲਣਾ ਸਤਿਗੁਰੂ ਜੀ ਨਾਲ ਦੌਰਿਆਂ ਤੇ ਚਲੇ ਜਾਣਾ।

ਉਨ੍ਹਾਂ ਦੇ ਸਵਰਗਵਾਸ ਹੋ ਜਾਣ ਤੇ ਪੰਥ ਨੂੰ ਇਕ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਸਪੁਤਰਾਂ ਸੰਤ ਨਰਿੰਦਰ ਸਿੰਘ ਜੀ ਸੰਤ ਸੁਰਿੰਦਰ ਸਿੰਘ ਜੀ, ਸੰਤ ਸਤਿਨਾਮ ਸਿੰਘ ਜੀ ਤੇ ਸੰਤ ਕੁਲਵੰਤ ਸਿੰਘ ਜੀ ਸਾਰਿਆਂ ਤੇ ਹੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਹੈ। ਸੰਤ ਸਤਿਨਾਮ ਸਿੰਘ ਜੀ ਨੂੰ ਤਾਂ ਛੋਟਾ ਸੂਬਾ ਜੀ ਦੀ ਪਦਵੀ ਮਿਲ ਚੁਕੀ ਹੋਈ ਹੈ। ਅਤੇ ਐਤਕੀਂ ਅਸੂ ਦੇ ਮੇਲੇ ਤੇ ਆ ਕੇ ਸੇਵਾ 'ਚ ਜੁੱਟੇ ਹੋਏ ਹਨ। ਸਤਿਗੁਰੂ ਜੀ ਇਸ ਸਾਰੇ ਪਰਿਵਾਰ ਤੇ ਇਸ ਤਰ੍ਹਾਂ ਕ੍ਰਿਪਾ ਦ੍ਰਿਸ਼ਟੀ ਰਖਣ ਅਤੇ ਇਹ ਪਰਿਵਾਰ ਪੰਥ ਦੀ ਸੇਵਾ, ਸਤਿਗੁਰੂ ਜੀ ਦੇ ਹੁਕਮਾਂ 'ਚ ਰਹਿ ਕੇ ਕਰਦਾ ਰਹੇ।



Sri Satguru Jagjit Singh Ji Elibrary NamdhariElibrary@gmail.com



ਜੁਲਾਈ 1972 ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ਼ ਗਵਨ ਸ਼ਤਾਬਦੀ ਸਮੇਂ ਇੰਗਲੈਂਡ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਡਾ: ਲਾਟੇ ਅਤੇ ਸ: ਸਵਰਨ ਸਿੰਘ ਸਨੇਹੀ ਜੀ ਕਿਸੇ ਖੁਸ਼ਗਵਾਰ ਸਮੇਂ ।



ਜੰਮੂ : ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਸਾਲਾਨਾ ਸਮਾਗਮ ਸਮੇਂ ਦਾ ਇਕ ਦ੍ਰਿਸ਼ ਖਬਿਓਂ ਸੱਜੇ : ਦਲੀਪ ਸਿੰਘ ਨਾਮਧਾਰੀ, ਮਹਾਰਾਜ ਬੀਰ ਸਿੰਘ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਪੰਡਿਤ ਗੋਪਾਲ ਸਿੰਘ ਜੀ ਸ਼: ਜਗਦੀਸ਼ ਸਿੰਘ ਨਾਮਧਾਰੀ ।

# ਸੁਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੀ ਯਾਦ 'ਚ





ਨੈਰੋਬੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਸੂਬਾ ਦਰਸ਼ਨ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com



ਸ੍ਰੀ ਰਾਜੀਵ ਗਾਧੀ, ਸ: ਹਰਪਾਲ ਸਿੰਘ ਹਰਿਆਣਾ ਕਾਗਰਸ ਦੇ ਪ੍ਰਧਾਨ, ਸ੍ਰੀ ਮਹਾਰਾਜ ਬੀਰ ਸਿੰਘ ਜੀ ਸਿਰਸੇ 'ਚ ਪਹਿਲੇ ਦੌਰੇ ਸਮੇਂ ।



ਚੁਨਾਰ (ਜ਼ਿਲਾ ਮਿਰਜ਼ਾਪੁਰ ਉੱਤਰ ਪ੍ਰਦੇਸ਼) ਕਿਲੇ ਦਾ ਬੰਦੀਖਾਨਾਂ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਰਵਾਸਤ ਸਮੇਂ ਬੰਦੀ ਬਣਾਏ ਹੋਏ ਸੂਬਾ ਮਾਨ ਸਿੰਘ, ਹੁਕਮਾ ਸਿੰਘ ਅਤੇ ਸੂਬਾ ਕਾਨ੍ਹ ਸਿੰਘ ਜੀ ਰਹਿੰਦੇ ਰਹੇ ਹਨ । ਅੰਗਰੇਜ਼ੀ ਰਾਜ ਸਮੇਂ ਬਾਦ ਵਿਚ ਵੀ ਰਾਜਸੀ ਕੈਦੀਆਂ ਨੂੰ ਇਥੇ ਰਖਿਆ ਜਾਂਦਾ ਰਿਹਾ । ਕੁਇਟ ਇੰਡੀਆ (ਭਾਰਤ ਛਡੋ) 1942 ਈ: ਵਾਲੇ ਆਂਦੋਲਨ ਦੇ ਕਿਤਨੇ ਹੀ ਰਾਜਸੀ ਕੈਦੀ ਇਥੇ ਰਖੇ ਗਏ ਸਨ । ਇਹੀ ਇਤਿਹਾਸਕ ਕਿਲਾ ਹੈ ਜਿਥੇ ਮਹਾਰਾਣੀ ਜਿੰਦਾਂ, ਅੰਗਰੇਜ਼ਾਂ ਨੇ ਬੰਦਸਾਲ ਵਿਚ ਰਖੀ ਸੀ ਅਤੇ ਕੁਝ ਚਿਰ ਬਾਦ ਉਹ ਭੇਸ ਬਦਲਕੇ ਇਥੋਂ ਨਿਕਲੀ ਅਤੇ ਨੇਪਾਲ ਪਹੁੰਚ ਗਈ ਸੀ ।



ਅਗਸਤ 1971 ਹਾਲੈਂਡ ਵਿਖੇ ਵਿਸ਼ਵ ਸ਼ਾਕਾਹਾਰੀ ਕਾਨਫਰੰਸ ਸਮੇਂ ਖਬਿਓਂ ਸਜੇ : ਨਿਰੰਜਨ ਸਿੰਘ ਗਹੀਰ, ਰਘੁਬੀਰ ਸਿੰਘ ਅਫਰੀਕਾ, ਮਹਿੰਦਰ ਸਿੰਘ ਸੰਦਲ, ਅਜੀਤ ਸਿੰਘ, ਸ੍ਰੀ ਸਤਿਗੁਰੂ ਜੀ, ਡਾ: ਪ੍ਰਿਥੀਪਾਲ ਸਿੰਘ, ਬਲਵੰਤ ਸਿੰਘ ਰੂਪ ਰਾਏ, ਸਵਰਨ ਸਿੰਘ ਸਨੇਹੀ, ਸਵਰਨ ਸਿੰਘ ਸਿਆਣ, ਕੈਮਰਾਮੈਨ ਰਘੁਬੀਰ ਸਿੰਘ ਬਾਹੜਾ, ਪਿਛੇ ਖੜੇ ਹਨ ਗੁਰਮੀਤ ਸਿੰਘ ਵਿਰਦੀ, ਡਾ: ਬੈਰੰਟਸ ਵਲੋਂ ਹਿੰਦੁਸਤਾਨ ਵਿਚ ਤਿਆਰ ਕੀਤੀ ਗਈ ਫਿਲਮ ਵੇਖਣ ਸਮੇਂ ।



ਵੁਡਲੈਂਡ ਕੀਲਰ ਸੁਪ੍ਰਸਤ World Vegeterian Congress, Dr. Barrents, ਕੁਝ ਡੇਲੀਗੇਟ ਇਸਰਾਈਲ ਦੇ ਸ੍ਰੀ ਮਾਨਕਰ ਜੀ, ਸ੍ਰੀ ਸੁਰਿੰਦਰ ਮਹਿਤਾ ਅਤੇ ਉਪ੍ਰੋਕਤ ਸਾਰੇ ਸਜਣ ਸ੍ਰੀ ਸਤਿਗੁਰੂ ਜੀ ਨਾਲ ਖੜੇ ਹਨ ।

Sri Satguru Jagjit Singh Ji Elibrary NamdhariElibrary@gmail com

# ਪੌਰਾਣਿਕ ਸਾਖੀਆਂ ਨੂੰ ਮਾਨਤਾ

ਸ੍ਰੀ ਮਹਾਰਾਜ ਬੀਰ ਸਿੰਘ ਜੀ
ਸ੍ਰੀ ਭੈਣੀ ਸਾਹਿਬ

ਸਿਖ ਧਰਮ ਦੇ ਸਰਬ ਪ੍ਰਥਮ ਸੰਚਾਲਕ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਅਵਤਾਰ ਜਿਸ ਕਾਰਨ ਹੋਇਆ, ਉਸ ਦਾ ਸੰਖੇਪ ਵਰਨਣ ਕਰਦੇ ਹੋਏ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ;—

ਪਾਲਨ ਹੇਤ 'ਸਨਾਤਨ ਨੇਤੈ'
ਵੈਦਿਕ ਧਰਮ ਰਖਣ ਕੇ ਹੇਤੈ,
ਆਪ ਪ੍ਰਭੂ ਗੁਰੂ ਨਾਨਕ ਰੂਪੰ
ਪ੍ਰਗਟ ਭਏ ਜਗ ਮੈ ਸੁਖ ਭੂਪੰ ॥

"ਸਨਾਤਨ" ਦੇ ਅਰਥ ਹਨ, ਬਹੁਤ ਪੁਰਾਣਾ, ਨਿਤ ਰਹਿਣ ਵਾਲਾ ਅਤੇ ਪਰਮੇਸ੍ਵਰ ।

ਗਿਆਨੀ ਜੀ ਦੇ ਉਪਰੋਕਤ ਵਿਖਿਆਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਵੇਲੇ ਦੇ ਲੋਕ ਅਨਾਦਿ ਕਾਲ ਤੋਂ ਚਲੀ ਆ ਰਹੀ ਉਸ ਮਰਯਾਦਾ, ਜਿਸ ਦਾ ਸੰਚਾਲਨ ਪ੍ਰਮੇਸ਼ਰ ਨੇ ਆਪਣੇ ਮਨੁਖ ਰੂਪ ਰਾਹੀਂ ਸਥਾਪਤ ਕੀਤਾ ਸੀ, ਤੋਂ ਭੁਲ ਕੇ ਦੂਰ ਚਲੇ ਗਏ ਸਨ। ਇਸ ਨੂੰ ਪੁਨਰ ਜੀਵਿਤ ਕਰਨ ਹਿਤ ਗੁਰੂ ਨਾਨਕ ਦੇਵ ਜੀ ਦਾ ਆਗਮਨ ਇਸ ਸ੍ਰਿਸਟੀ ਤੇ ਹੋਇਆ ।

ਆਪ ਨੇ ਆਪਣੇ ਸਮੇਂ ਵਿਚ ਦੂਰ ਨੇੜੇ ਜਾ ਜਾ ਕੇ ਲੋਕਾਂ ਨੂੰ ਸੱਚ ਅਤੇ ਧਰਮ ਦਾ ਉਪਦੇਸ਼ ਦਿਤਾ, ਅਤੇ ਪਰਮਾਤਮਾ ਦਾ ਸਿਮਰਨ ਕਰਨ ਦੀ ਪ੍ਰੇਰਣਾ ਦਿੱਤੀ। ਗੁਰ-ਮੰਤਰ ਦੇ ਕੇ ਸਿਖ ਬਣਾਏ, ਅਣਗਿਣਤ ਪ੍ਰਾਣੀਆਂ ਦਾ ਪਾਰ-ਉਤਾਰਾ ਕੀਤਾ। ਪਾਪ ਗ੍ਰਸਤ ਹੋ ਚੁਕੀ ਪ੍ਰਿਥਵੀ ਦਾ ਭਾਰ ਲਾਹਿਆ ।

ਸ੍ਰੀ ਲਹਿਣਾ ਜੀ ਨੂੰ ਪਰਖ ਕੇ 'ਗੁਰੂ ਅੰਗਦ' ਦੀ ਪਦਵੀ ਦੇ ਕੇ ਆਪਣੇ ਸਥਾਨ ਤੇ ਨਿਯੁਕਤ ਕੀਤਾ। ਇਕ ਤੋਂ ਬਾਦ ਦੂਜਾ ਗੁਰੂ, ਤੇ ਏਸੇ ਤਰ੍ਹਾਂ ਦੀ ਚਲਦੀ ਰਹਿਣ ਵਾਲੀ ਗੁਰ-ਗੱਦੀ ਦੀ ਮਰਯਾਦਾ ਸਥਾਪਿਤ ਕੀਤੀ। ਗੁਰਬਾਣੀ ਵਿਚੋਂ ਇਸ ਦੇ ਪ੍ਰਮਾਣ ਮਿਲਦੇ ਹਨ ।

ਨਾਨਕਿ ਰਾਜੁ ਚਲਾਇਆ
ਸਚੁ ਕੋਟੁ ਸਤਾਣੀ ਨੀਵ ਦੈ ॥ (ਪੰਨਾ ੯੬੬)
ਅਬਿਚਲ ਨੀਵ ਧਰੀ ਗੁਰ ਨਾਨਕ
ਨਿਤ ਨਿਤ ਚੜੈ ਸਵਾਈ ॥ (ਪੰਨਾ ੫੦੦)
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ
ਆਦਿ ਪੁਰਖਿ ਫੁਰਮਾਇਓ ॥ (ਪੰਨਾ ੧੩੯੦)

ਆਪਣੇ ਸਮੇਂ ਦੀ ਭਗਤਿ ਭਾਵਪੂਰਤ ਅਨੁਕੂਲ ਸ਼ਬਦਾਵਲੀ ਵਿਚ ਮਨੋਹਰ ਬਾਣੀ ਦੀ ਰਚਨਾ ਕੀਤੀ। ਜੋ ਕਰੀਬ ਸਾਰੀ ਹੀ ਸੰਗੀਤ ਸ਼ਾਸਤਰ ਦੇ ਰਾਗਾਂ ਵਿਚ ਗਾਈ ਜਾਣ ਵਾਲੀ ਹੈ। ਇਹ ਆਪ ਜੀ ਦੀ ਇਕ ਅਦੁੱਤੀ ਦੇਣ ਹੈ।

ਜਿਥੇ ਲੋਕ ਧਰਮ ਤੋਂ ਦੂਰ ਹੋ ਕੇ ਚਲੀ ਆ ਰਹੀ ਪ੍ਰੰਪਰਾ ਦੇ ਨਿਤ ਕਰਮ ਭੁਲ ਬੈਠੇ ਸਨ, ਉਥੇ ਉਹ ਸੰਗੀਤ ਸ਼ਾਸਤਰ ਤੋਂ ਵੀ ਅਣਜਾਣ ਹੋ ਚੁਕੇ ਸਨ। ਸਤਿਗੁਰ ਨਾਨਕ ਦੇਵ ਜੀ ਨੇ ਸ਼ਾਸਤ੍ਰੀਯ ਰਾਗਾਂ ਵਿਚ ਬਾਣੀ ਉਚਾਰ ਕੇ ਸਰੋਤਿਆਂ ਨੂੰ ਐਸਾ ਮੋਹਿਤ ਕੀਤਾ ਕਿ ਉਨ੍ਹਾਂ ਦੀ ਪ੍ਰੀਤ ਸੰਸਾਰਕ ਵਿਚਾਰਾਂ ਵਲੋਂ ਉਖੜ ਕੇ ਪ੍ਰਮਾਤਮਾ ਵਾਲੇ ਪਾਸੇ ਖਚਿਤ ਹੋਈ।



Sri Satguru Jagjit Singh Ji Elibrary NamdhariElibrary@gmail.com

ਬਾਣੀ ਦਾ ਉਚਾਰਣ ਸ਼ਾਸਤਰੀ ਸੰਗੀਤ ਦੇ ਨਿਯਮਾਂ ਨੂੰ ਮੁਖ ਰਖ ਕੇ ਕੀਤਾ ਅਤੇ 'ਹਰਿ ਕੀਰਤਨ' ਦੀ ਭੁੱਲੀ ਹੋਈ ਮਰਿਯਾਦਾ ਨੂੰ ਸਮੇਂ ਦੀ ਲੋੜ ਅਨੁਸਾਰ ਪੁਨਰ ਜੀਵਨ ਦਿਤਾ।

ਇਸਲਾਮ ਧਰਮ ਵਿਚ ਰਾਗ ਸ਼ਰ੍ਹਾ ਦੇ ਵਿਰੁਧ ਹੈ। ਪਰ ਆਪ ਨੇ ਮਰਦਾਨੇ ਨੂੰ ਨਾਲ ਰਖਿਆ ਜੋ ਜੀਵਨ ਭਰ ਆਪ ਜੀ ਦੀ ਹਾਜ਼ਰੀ ਵਿਚ 'ਹਰਿ ਕੀਰਤਨ' ਕਰਦਾ ਰਿਹਾ। ਇਸ ਤੋਂ ਗੁਰੂ ਘਰ ਵਿਚ ਕੀਰਤਨ ਦੀ ਪਰਪਾਟੀ ਸਥਾਪਿਤ ਹੋਈ। ਗੁਰੂ ਅੰਗਦ ਦੇਵ ਜੀ ਦੇ ਪਾਸ ਬਲਵੰਡ ਫੇਰ ਦੋਵੇਂ ਸੱਤਾ ਅਤੇ ਬਲਵੰਡ ਕੀਰਤਨ ਕਰਦੇ ਰਹੇ। ਇਸੇ ਤਰ੍ਹਾਂ ਬਾਦ ਦੇ ਸਤਿਗੁਰੂਆਂ ਦੇ ਸਮੇਂ ਵੀ ਕੋਈ ਨਾ ਕੋਈ ਰਬਾਬੀ ਸਿੰਘ ਕੀਰਤਨ ਕਰਦੇ ਰਹੇ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਭਾਈ ਭਾਰਾ ਅਤੇ ਮਾਲੀ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਭਾਈ ਮਾਲੀ ਜੋ ਬਾਅਦ ਵਿਚ ਵੀ ਰਹੇ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਭਾਈ ਕਾਲੂ, ਫਤੂ ਸੋਹਣਾ ਸੁੰਦਰ, ਸੰਦਲ ਆਦਿ ਦੇਸ਼ ਵੰਡਾਰੇ ਦੇ ਸਮੇਂ ਤਕ ਰਹੇ। ਇਹ ਸਭ ਰਬਾਬੀ, ਰਾਗੀ, ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਅਤੇ ਦਾੜ੍ਹੀ, ਕੇਸ, ਕਛਹਿਰਾ ਆਦਿ ਮਰਯਾਦਾ ਰਖ ਕੇ ਬੜਾ ਹੀ ਪ੍ਰੇਮ ਵਿਚ ਮਗਨ ਹੋ ਕੇ ਕੀਰਤਨ ਕਰਦੇ ਸਨ। ਜਿਸ ਨੂੰ ਸੁਣ ਕੇ ਸਰੋਤੇ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿੰਦੇ ਸਨ। ਹੁਣ ਵੀ ਸੰਤ ਦਰਸ਼ਨ ਸਿੰਘ ਜੀ, ਖਜਾਨ ਸਿੰਘ ਜੀ, ਹਰਬੰਸ ਸਿੰਘ ਜੀ ਉਸੇ ਪ੍ਰੰਪਰਾ ਅਨੁਸਾਰ ਕੀਰਤਨ ਕਰਦੇ ਹਨ। ਇਹ ਸ਼ਾਸਤਰੀ ਰਾਗਾਂ ਦੇ ਗਿਆਤਾ ਅਤੇ ਗੁਰਬਾਣੀ ਨੂੰ ਪ੍ਰੰਪਰਾਗਤ ਮਰਯਾਦਾ ਅਨੁਸਾਰ ਹੀ ਗਾਇਨ ਕਰਦੇ ਸਨ।*

---

* ਕੀਰਤਨ, ਈਸ਼ਵਰ ਭਗਤੀ ਦਾ ਪ੍ਰਮੁਖ ਅੰਗ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਪ ਤਾਨਪੂਰਾ (ਤਮੂਰਾ) ਹਥ ਵਿਚ ਲੈ ਕੇ ਕੀਰਤਨ ਕਰਨਾ ਇਤਿਹਾਸ ਵਿਚੋਂ ਮਿਲਦਾ ਹੈ। ਬਿਲਾਵਲ ਰਾਗ ਵਿਚ ਆਪ ਦਾ ਫੁਰਮਾਨ ਹੈ :—

ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥ (ਪੰਨਾ ੮੨੧)

ਅਤੇ ਗੁਰੂ ਰਾਮ ਦਾਸ ਜੀ ਦਾ ਵੀ ਏਹੋ ਕਥਨ ਹੈ .

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨਾ ਬੁਝਿਆ ਜਾਇ ॥ (ਪੰਨਾ ੧੪੨੩)

ਸੁਖਮਨੀ ਦੇ ਇਕ ਨਿਤਨੇਮੀ ਸਿਖ ਨੇ ਦਸਮੇਸ਼ ਜੀ ਦੇ ਸਮੇਂ ਸ਼ਿਕਾਇਤ ਕੀਤੀ ਕਿ ਮੇਰੀ ਇਕੋ ਅਸਟਪਦੀ ਰਹਿੰਦੀ ਸੀ। ਰਾਗੀਆਂ ਨੂੰ ਆਖਿਆ ਕਿ ਪੜ੍ਹ ਲੈਣ ਦਿਓ ਪਰ ਇਹ ਰੁਕੇ ਨਹੀਂ। ਕੀਰਤਨ ਅਰੰਭ ਕਰ ਦਿਤਾ, ਜਿਸ ਤੋਂ ਮੇਰੇ ਪਾਠ ਵਿਚ ਰੁਕਾਵਟ ਪਈ। ਤਾਂ ਤੇ ਇਨ੍ਹਾਂ ਨੂੰ ਤਨਖਾਹ ਲਾਵੋ। ਅਗੋਂ ਗੁਰੂ ਜੀ ਨੇ ਆਖਿਆ।

ਸ੍ਰੀ ਮੁਖ ਤੇ ਮੁਸਕਾਇ ਬਖਾਨਾ । ਭਾਈ ਸਿਖਾ ਸੁਨਹੁ ਸੁਜਾਨਾ ।
ਨਹਿ ਜਾਨਹੁ ਰਾਗੀ ਤਨਖਾਹੀ । ਗੁਰਬਾਨੀ ਮਹਿ ਗਾਵਨ ਜਾਂਹੀ ॥
ਹਰਿ ਜਸੁ ਸੁਨਿਤੇ ਬਾਤ ਚਲਾਵੈ । ਵਹੁ ਤਨਖਾਹੀ ਵਡਾ ਕਹਾਵੈ ।
ਤੂੰ ਸੰਗਤਿ ਕੋ ਦੇਤ ਚਬੀਣੀ[1] । ਜਿਸ ਤੇ ਤ੍ਰਿਪਤਿ ਹੋਤ ਹੈ ਝੀਣੀ[2] ।
ਰਾਗੀ ਆਨਿ ਪ੍ਰਸਾਦਿ ਛਕਾਵੈਂ । ਬਡ ਭਾਗਨ ਕੋ ਬਹੁ ਤ੍ਰਿਪਤਾਵੈਂ ।
ਇਨ ਪਰ ਗੁਰ ਕੀ ਖੁਸ਼ੀ ਉਦਾਰਾ । ਕਲਜੁਗ ਕੀਰਤਨ ਨਾਮ ਅਧਾਰਾ ।

(ਗੁਰਪ੍ਰਤਾਪ ਸੂਰਜ ਪੰਨਾ ੫੧੧੭)

ਸਤਿਗੁਰੂ ਜੀ ਨੇ ਕਿਹਾ ਕਿ ਤੂੰ ਸੰਗਤ ਨੂੰ ਛੋਲੇ ਚਬਣ ਨੂੰ ਦਿੰਦਾ ਹੈਂ, ਰਾਗੀ ਪਰਸ਼ਾਦ ਛਕਾਉਂਦੇ ਹਨ, ਜਿਨ੍ਹਾਂ ਤੇ ਗੁਰੂ ਦੀ ਅਪਾਰ ਖੁਸ਼ੀ ਹੈ। ਸੋ ਇਹ ਤਨਖਾਹੀ ਨਹੀਂ ਹੋ ਸਕਦੇ।

---

੧. ਭੁਜੇ ਹੋਏ ਦਾਣੇ। ੨. ਮਾਮੂਲੀ ਜਿਹੀ।



Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀ ਸਤਿਗੁਰੂਆਂ ਨੇ ਵੀ ਬਾਣੀ ਦੀ ਰਚਨਾ ਰਾਗਾਂ ਵਿਚ ਹੀ ਕੀਤੀ ਹੈ। ਬਾਣੀ ਦਾ ਸੰਗੀਤ ਸ਼ਾਸਤ੍ਰ ਵਿਚ ਨਿਯਮ-ਬਧ ਹੋਣਾ ਸਨਾਤਨ ਮਰਿਯਾਦਾ ਦਾ ਪ੍ਰਤੀਕ ਹੈ। ਗੁਰਬਾਣੀ ਦੇ ਸ਼ੁਧ ਕੀਰਤਨ ਵਿਚ ਦੋ ਪ੍ਰਮੁਖ ਅੰਗ ਹਨ; 'ਈਸ਼ਵਰ ਭਗਤੀ' ਅਤੇ ਸੰਗੀਤ ਕਲਾ .* ਜਦ ਕਦੇ ਦੋਨ੍ਹਾਂ ਦਾ ਸੁਮੇਲ ਹੋਵੇ ਤਾਂ ਉਹ ਸਮਾਂ ਇਤਨਾ ਰੋਚਿਕ, ਸੁਖਦਾਈ ਅਤੇ ਸ਼ੋਭਨੀਕ ਬਣਦਾ ਹੈ। ਜਿਸ ਦਾ ਵਰਨਣ ਲਿਖ ਕੇ ਜਾਂ ਬੋਲ ਕੇ ਨਹੀਂ ਕੀਤਾ ਜਾ ਸਕਦਾ। ਇਸ ਸਮੇਂ ਵਾਸਤੇ ਕਬੀਰ ਜੀ ਦਾ 'ਦੇਖਾ ਹੀ ਪਰਵਾਨ' ਵਾਲਾ ਪ੍ਰਮਾਣ ਢੁਕਦਾ ਹੈ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਆਪਣੇ ਤੋਂ ਪੂਰਵ ਗੁਰੂਆਂ ਦੀ, ਆਪਣੀ, ਭਗਤਾਂ ਅਤੇ ਭੱਟਾਂ ਦੀ ਬਾਣੀ ਦਾ ਸੰਗ੍ਰਹਿ ਕੀਤਾ ਹੈ। ਬਾਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਆਦਿ ਬੀੜ ਵਿਚ ਚੜ੍ਹਾਈ।

ਗੁਰਬਾਣੀ ਵਿਚ ਸਤਿਗੁਰਾਂ ਦੀ ਦਰਸਾਈ ਹੋਈ ਅਤਿ ਉੱਤਮ ਸਿੱਖਿਆ ਹੈ। ਜਿਸ ਨੂੰ ਪੂਰਨ ਰੂਪ ਵਿਚ ਧਾਰਨ ਕਰਨ ਵਾਲਾ ਪਰਮ ਪਦ ਦਾ ਅਧਿਕਾਰੀ ਹੋ ਸਕਦਾ ਹੈ।

ਉਪਰੰਤ ਸ੍ਰੀ ਦਸਮੇਸ਼ ਜੀ ਨੇ ਆਪ ਵੀ ਬਾਣੀ ਦੀ ਮਨੋਹਰ ਰਚਨਾ ਕੀਤੀ। ਜਿਸ ਵਿਚ ਈਸ਼੍ਵਰ ਉਸਤਤੀ, ਸ੍ਵੈ-ਜੀਵਨੀ, ਮਾਰਕੰਡੇਯ, ਸਿਕੰਧ ਅਤੇ ਭਾਗਵਤ ਪੁਰਾਨ ਆਦਿ ਗ੍ਰੰਥਾਂ ਵਿਚੋਂ ਪਖਯਾਨ ਚਰਿਤ੍ਰ ਅਤੇ ਹਕਾਯਤਾਂ ਬਹੁਤ ਹੀ ਰੌਚਿਕ ਕਵਿਤਾ ਲਿਖੀ ਹੈ। ਆਪ ਜੀ ਦੀ ਇਹ ਰਚਨਾ 'ਦਸਮ ਗ੍ਰੰਥ' ਨਾਮ ਤੋਂ ਪ੍ਰਸਿੱਧ ਹੈ ਅਤੇ ਕਈ ਗੁਰਦੁਆਰਿਆਂ ਵਿਚ 'ਆਦਿ ਅਤੇ ਦਸਮ, ਦੋਵੇਂ ਬੀੜਾਂ ਦੇ ਪ੍ਰਕਾਸ਼ ਹੁੰਦੇ ਹਨ। ਆਪ ਜੀ ਦੀ ਬਾਣੀ ਦਾ ਵੀ ਕੁਝ ਹਿੱਸਾ ਸੰਗੀਤ ਵਿਚ ਹੈ।

ਬਾਣੀ ਦਾ ਸ਼ੁਧ ਉਚਾਰਨ ਕਰਨਾ, ਲਗ, ਕੰਨੇ, ਪਦ ਛੇਦ, ਕਵਿਤਾ ਦੇ ਨਿਯਮ ਅਤੇ ਭਾਵ ਅਨੁਸਾਰ ਅਤਿ ਜ਼ਰੂਰੀ ਹੈ। ਇਹ ਸਾਰਾ ਕੁਝ ਸਮਝਣ ਵਾਸਤੇ ਯੋਗ ਅਧਿਆਪਕ ਦੀ ਲੋੜ ਹੈ। ਬਾਣੀ ਦਾ ਅਸਲ ਤੱਤ ਉਹੀ ਸਮਝ ਸਕਦਾ ਹੈ ਜਿਸ ਤੇ ਸਤਿਗੁਰੂ ਦੀ ਪੂਰਨ ਕ੍ਰਿਪਾ ਹੋਵੇ। ਦੁਨਿਆਵੀ ਵਿਦਿਆ ਜਾਨਣ ਵਾਲਾ (ਚਾਹੇ ਉਹ ਪੀ.ਐਚ.ਡੀ. ਵੀ ਕਿਉਂ ਨਾ ਹੋਵੇ) ਬਾਣੀ ਦੇ ਤੱਤ ਨੂੰ ਨਹੀਂ ਸਮਝ ਸਕਦਾ। ਬਾਣੀ ਨੂੰ ਬਿਨਾਂ ਇਸ ਦਾ ਭਾਵ ਸਮਝਣ ਤੋਂ ਪੜ੍ਹੀ ਜਾਣਾ ਗੁਣਕਾਰੀ ਨਹੀਂ ਹੋ ਸਕਦਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰੋ। ਸ਼ਰੀਰ ਅਤੇ ਮਨ ਦੋਵੇਂ ਪਵਿੱਤ੍ਰ ਹੋਣ। ਜਿਸ ਤੁਕ ਦੀ ਸਮਝ ਨਾ ਆਵੇ ੧੦੧ ਵਾਰੀ ਉਸ ਦਾ ਪਾਠ ਕਰਕੇ ਅਰਦਾਸ ਕਰੋ ਕਿ ਇਸ ਦਾ ਭਾਵ ਮੇਰੇ ਹਿਰਦੇ ਤੇ ਵੱਸੇ।

ਬਾਣੀ ਵਿਚ ਵੀ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦਾ ਅਤੇ ਨਾਮ ਜਪਣ ਦਾ ਆਦੇਸ਼ ਹੈ।

'ਕਰਿ ਇਸਨਾਨੁ ਸਿਮਰ ਪ੍ਰਭੁ ਅਪਨਾ,
ਮਨੁ ਤਨੁ ਭਏ ਅਰੋਗਾ।' (ਪੰਨਾ ੬੧੧)
'ਉਦਮ ਕਰੇ ਭਲਕੇ ਪ੍ਰਭਾਤੀ,
ਇਸਨਾਨ ਕਰੇ ਅੰਮ੍ਰਿਤ ਸਰ ਨਾਵੈ।
ਉਪਦੇਸ ਗੁਰੂ ਹਰਿ ਹਰਿ ਜਪ ਜਾਪੈ,
ਸਭ ਕਿਲਵਿਖ ਪਾਪ ਦੋਖ ਲਹਿ ਜਾਵੈ।
ਫਿਰ ਚੜੈ ਦਿਵਸ ਗੁਰਬਾਣੀ ਗਾਵੈ।

ਇਸ ਵਿਧਿ ਅਨੁਸਾਰ ਪੜ੍ਹੀ ਹੋਈ ਬਾਣੀ ਹੀ ਅਸਰਦਾਇਕ ਹੋ ਸਕਦੀ ਹੈ। ਬਾਣੀ ਵਿਚ ਜੋ ਸਿਖਿਆ ਅੰਕਿਤ ਕੀਤੀ ਗਈ ਹੈ ਉਸ ਵਿਚ ਕਿਤਨੇ ਹੀ ਪ੍ਰਮਾਣ ਹਨ ਜੋ ਸਾਰੇ ਦੇ ਸਾਰੇ ਵੇਦ ਪੁਰਾਣ ਮਹਾਂਭਾਰਤ, ਰਾਮਾਇਣ, ਸਿਮ੍ਰਿਤੀਆਂ ਆਦਿਕ ਗ੍ਰੰਥਾਂ ਵਿਚੋਂ ਹਨ ਜੋ ਕਿ ਸਨਾਤਨ ਮਰਯਾਦਾ ਦੇ ਸੰਕੇਤ ਹਨ।

ਸਿਖਿਆ ਦੇਣ ਵਾਸਤੇ ਜਿਸ ਮਤ ਨੂੰ ਸਤਿਗੁਰਾਂ ਨੇ ਅਪਣਾਇਆ ਹੈ ਉਹ ਸਨਾਤਨ ਮਤ ਹੀ ਹੈ, ਕਿਉਂਕਿ ਭੁਲੀ ਹੋਈ ਸਨਾਤਨ ਮਰਯਾਦਾ ਦੇ ਪੁਨਰ ਸਥਾਪਨ ਲਈ ਸਤਿਗੁਰੂ ਨਾਨਕ ਦੇਵ ਜੀ ਦਾ

---

* ਸੰਗੀਤ ਦਾ ਅਰਥ, ਗਾਇਨ, ਬਜਾਉਣਾ ਅਤੇ ਨ੍ਰਿਤ ਹੈ।



Sri Satguru Jagjit Singh Ji Elibrary NamdhariElibrary@gmail.com

ਅਵਤਾਰ ਹੋਇਆ।

ਗੁਰਬਾਣੀ ਵਿਚ ਜਗ੍ਹਾ ਜਗ੍ਹਾ ਤੇ ਐਸੇ ਪ੍ਰਮਾਣ ਮਿਲਦੇ ਹਨ ਜਿਨ੍ਹਾਂ ਤੋਂ ਇਸ ਮਤ ਦਾ ਸਮਰਥਨ ਹੁੰਦਾ ਹੈ। ਬਾਣੀ ਨੂੰ ਸਮਝਣ ਵਾਸਤੇ ਉਪ੍ਰੋਕਤ ਗ੍ਰੰਥਾਂ ਵਿਚ ਦਿਤੇ ਹੋਏ ਇਤਿਹਾਸ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ। ਬਾਣੀ ਦੇ ਰਚਨਹਾਰ ਅਤੇ ਸੰਗ੍ਰਹਿ ਕਰਤਾ ਸਤਿਗੁਰੂ ਆਪ ਲਿਖਦੇ ਹਨ ਕਿ ਅਸੀਂ ਇਨ੍ਹਾਂ ਗ੍ਰੰਥਾਂ ਦਾ ਅਧਿਐਨ ਕੀਤਾ ਹੈ ਅਤੇ ਇਨ੍ਹਾਂ ਤੋਂ ਇਹ ਸੂਝ ਮਿਲਦੀ ਹੈ।

੧. ਸਸਾ ਸਰਨਿ ਪਰੇ ਅਬ ਹਾਰੇ
ਸਾਸਤ੍ਰ ਸਿਮ੍ਰਿਤ ਬੇਦ ਪੂਕਾਰੇ
ਸੋਧਤ ਸੋਧਤ ਸੋਧ ਬੀਚਾਰਾ
ਬਿਨੁ ਹਰਿ ਭਜਨ ਨਹੀ ਛੁਟਕਾਰਾ

(ਬਾਵਨ ਅੱਖਰੀ ਪੰਨਾ ੨੬੦)

ਇਨ੍ਹਾਂ ਗ੍ਰੰਥਾਂ ਦਾ ਚੰਗੀ ਤਰ੍ਹਾਂ ਅਧਿਐਨ ਕਰਨ ਤੋਂ ਇਹੋ ਵੀਚਾਰ ਬਣਿਆ ਕਿ ਹਰੀ ਭਜਨ ਕਰਨ ਤੋਂ ਸਵਾਇ ਦੁਖਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ।

੨. ਅਨਿਕ ਉਪਾਵ ਨ ਛੂਟਨ ਹਾਰੇ।
ਸਿਮ੍ਰਿਤ ਸਾਸਤ ਬੇਦ ਬੀਚਾਰੇ।
ਹਰਿ ਕੀ ਭਗਤ ਕਰਹੁ ਮਨਿ ਲਾਇ।
ਮਨਿ ਬਾਂਛਤ ਨਾਨਕ ਫਲ ਪਾਇ।

(ਸੁਖਮਨੀ)

ਸਤਿਗੁਰੂ ਦਾ ਅਕਾਲ ਪੁਰਖ ਨਾਲ ਅਭੇਦ ਹੋਣਾ, ਬਾਣੀ ਵਿਚ ਜਗ੍ਹਾ ਜਗ੍ਹਾ ਤੇ ਦਸਿਆ ਗਿਆ ਹੈ। ਇਸ ਸਿਧਾਂਤ ਦੀ ਪੁਸ਼ਟੀ ਲਈ ਗੁਰੂ ਅਰਜਨ ਦੇਵ ਜੀ ਇਹ ਪ੍ਰਮਾਣ ਦਿੰਦੇ ਹਨ :—

ਨਾਨਕ ਸੋਧੇ ਸਿੰਮ੍ਰਿਤ ਬੇਦ।
ਪਾਰਬ੍ਰਹਮ ਗੁਰ ਨਾਹੀ ਭੇਦ।

(ਭੈਰਉ ਮਹਲਾ ੫—ਪੰਨਾ ੧੧੪੨)

ਵਿਦਵਾਨਾਂ ਦਾ ਲੇਖ ਹੈ :—

ਨਿੰਦ੍ਰਾ ਭੋਜਨ ਭੋਗ ਭਯ ਇਹ ਪਸੂ ਪੁਰਖ ਸਮਾਨ।
ਨਰਨ ਗਿਆਨ ਨਿਜ ਅਧਿਕਤਾ ਗਿਆਨ ਬਿਨਾਂ ਪਸੂ ਜਾਨ।

ਭਾਵ :—ਸੌਂ ਜਾਣਾ, ਖਾਣਾ ਵਿਸ਼ੇ ਭੋਗ (ਸੰਤਾਨ ਉਤਪਨ ਕਰਨੀ) ਅਤੇ ਡਰ ਜਾਣਾ, ਇਹ ਚਾਰੇ ਕਰਮ ਪਸ਼ੂ ਅਤੇ ਮਨੁੱਖ ਦੇ ਇਕੋ ਤਰ੍ਹਾਂ ਦੇ ਹਨ। ਮਨੁੱਖ ਨੂੰ ਗਿਆਨ (ਬੋਧ, ਸਮਝ) ਹੈ ਤਾਂ ਉਸ ਦੀ ਵਿਸ਼ੇਸ਼ਤਾ ਹੈ (ਪਸ਼ੂਆਂ ਤੋਂ ਉੱਚੇ ਦਰਜੇ ਦਾ ਅਧਿਕਾਰੀ ਹੈ) ਜੇ ਗਿਆਨ ਨਹੀਂ ਤਾਂ ਮਨੁੱਖ ਵੀ ਪਸ਼ੂ ਹੀ ਹੈ।

ਗੁਰੂ ਨਾਨਕ ਦੇਵ ਜੀ ਗਿਆਨ ਦੀ ਪ੍ਰਾਪਤੀ ਵਾਸਤੇ ਇਹ ਸਪਸ਼ਟ ਕਰਦੇ ਹਨ ਕਿ ਗਿਆਨ ਜੋ ਹੈ ਏਹ ਗੁਰੂ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਅਪਣੇ ਮਤ ਦੀ ਪੁਸ਼ਟੀ ਵਾਸਤੇ ਤਿੰਨ ਸ਼ਹਾਦਤਾਂ ਪੇਸ਼ ਕਰਦੇ ਹਨ :—

੧ ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।
੨ ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।

(ਸ੍ਰੀ ਰਾਗ ਮ: ੧ ਪੰਨਾ ੫੯)

ਗੁਰੂ ਜੀ ਕਹਿੰਦੇ ਹਨ ਕਿ ਗੁਰੂ ਤੋਂ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜੇ ਸਾਡੇ ਕਹਿਣ ਤੇ ਤਸੱਲੀ ਨਹੀਂ ਤਾਂ ਬ੍ਰਹਮਾ, ਨਾਰਦ ਅਤੇ ਬੇਦ ਬਿਆਸ ਪਾਸੋਂ ਕੋਈ ਜਾ ਕੇ ਪੁੱਛ ਸਕਦਾ ਹੈ।

ਉਪ੍ਰੋਕਤ ਤਿੰਨ ਵਿਅਕਤੀ ਕੌਣ ਕੌਣ ਹਨ, ਪਾਠ ਕਰਨ ਵਾਲੇ ਨੂੰ ਇਹ ਜਾਣਕਾਰੀ ਹੋਣੀ ਜ਼ਰੂਰੀ ਹੈ। ਜੇ ਜਾਣਕਾਰੀ ਨਹੀਂ ਤਾਂ ਪ੍ਰਾਪਤੀ ਵੀ ਨਹੀਂ।

'ਬ੍ਰਹਮਾ' ਤਿੰਨ ਪ੍ਰਧਾਨ ਦੇਵਤਿਆਂ ਵਿਚੋਂ ਇਕ ਹਨ। ਇਨ੍ਹਾਂ ਦਾ ਕੰਮ ਸੰਸਾਰ ਦੀ ਉਤਪਤੀ ਕਰਨਾ ਹੈ।

ਬ੍ਰਹਮਾ ਜੀ ਦੇ ਹੀ ਪੁੱਤ੍ਰ ਨਾਰਦ ਮੁਨਿ ਆਮ ਪ੍ਰਸਿੱਧ ਹਨ ਜੋ ਵੀਣਾ ਨਾਲ ਭਗਵਾਨ ਦੀ ਉਸਤਤ ਦੇ ਗੀਤ ਗਾਉਂਦੇ ਹਨ ਅਤੇ ਭਗਤੀ ਕਰਦੇ ਹਨ। ਨਾਰਦ ਜੀ ਦੀ ਭਗਤੀ ਦਾ ਵਿਸ਼ੇਸ਼ ਸਥਾਨ ਹੈ। ਕਬੀਰ ਜੀ ਨੇ ਲਿਖਿਆ ਹੈ :—

ਭਗਤ ਨਾਰਦੀ ਰਿਦੈ ਨ ਆਈ,
ਕਾਛਿ ਕੂਛਿ ਤਨੁ ਦੀਨਾ।

(ਸੋਰਠ ਪੰਨਾ ੬੫੪)

ਨਾਰਦ ਵਿਚ ਭਗਤੀ, ਹਰਿ ਕੀਰਤਨ ਅਤੇ



Sri Satguru Jagjit Singh Ji Elibrary NamdhariElibrary@gmail.com

ਨ੍ਰਿਤਯ ਕਰਨ ਦੇ ਵਿਸ਼ੇਸ਼ ਗੁਣ ਹੋਣ ਕਰਕੇ ਗੁਰੂ ਅਰਜਨ ਦੇਵ ਜੀ ਨੇ ਵੀ ਲਿਖਿਆ ਹੈ :

੧. ਨਾਰਦ ਮੁਨਿ ਜਨ ਸੁਕ ਬਿਆਸ
ਜਸੁ ਗਾਵਤ ਗੋਬਿੰਦ ।
(ਗਉੜੀ ਮ: ੫ ਪੰਨਾ ੨੯੮)

੨. ਨਾਰਦੀ ਨਰਹਰਿ ਜਾਣੁ ਹਦੂਰੇ ।
(ਰਾਮਕਲੀ ਮ: ੫ ਪੰਨਾ ੨੯੮)

ਇਥੇ ਨਾਰਦ ਜੀ ਦਾ ਭਗਵਾਨ ਦੇ ਸਾਮਰਤੱਖ ਕੀਰਤਨ ਕਰਨ ਅਤੇ ਨਿਰਤ੍ਯ ਕਰਨ ਦਾ ਪ੍ਰਮਾਣ ਹੈ।

ਬੇਦ ਬਿਆਸ ਜੀ ਇਕ ਪ੍ਰਸਿੱਧ ਰਿਖੀ ਹੋਏ ਹਨ। ਜੋ ਮਹਾਨ ਵਿਦਵਾਨ ਸਨ। ਮਹਾਂਭਾਰਤ ਅਤੇ ਦੂਜੇ ਕਈ ਪੁਰਾਣ ਇਨ੍ਹਾਂ ਦੀ ਕ੍ਰਿਤਯ ਹਨ।

ਗੁਰੂ ਨਾਨਕ ਦੇਵ ਜੀ ਦੇ ਇਹ ਲਿਖਣ ਤੋਂ ਇਹ ਤੱਥ ਸਾਮ੍ਹਣੇ ਆ ਜਾਂਦਾ ਹੈ ਕਿ ਉਪ੍ਰੋਕਤ ਰਿਖੀ ਮੁਨੀਆਂ ਦੀਆਂ ਰਚਨਾਵਾਂ ਅਤੇ ਇਨ੍ਹਾਂ ਦੇ ਇਤਿਹਾਸ ਉਨ੍ਹਾਂ ਨੇ ਜ਼ਰੂਰ ਅਧਿਐਨ ਕੀਤੇ ਹੋਣਗੇ ਜਾਂ ਉਨ੍ਹਾਂ ਦਿਬ ਦ੍ਰਿਸ਼ਟੀ ਨਾਲ ਹੀ ਇਨ੍ਹਾਂ ਨੂੰ ਜਾਣ ਲਿਆ ਹੋਏਗਾ। ਕੁਛ ਭੀ ਹੋਵੇ, ਗੁਰੂ ਜੀ ਨੇ ਇਨ੍ਹਾਂ ਦੇਵਤਿਆਂ ਅਤੇ ਰਿਖੀਆਂ ਮੁਨੀਆਂ ਨੂੰ ਪੂਰਣ ਰੂਪ ਵਿਚ ਮਾਨਤਾ ਦਿੱਤੀ ਹੈ।

ਹਰ ਪ੍ਰਾਣੀ ਨੂੰ ਗੁਰੂ ਦੀ ਸ਼ਰਣ ਜਾਣਾ, ਦੀਖਿਆ ਲੈਣੀ ਅਤੇ ਉਸ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਵਿਤੀਤ ਕਰਨਾ, ਇਸ ਮਰਿਯਾਦਾ ਦਾ ਵਰਨਣ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਜਗ੍ਹਾ ਜਗ੍ਹਾ ਤੇ ਮਿਲਦਾ ਹੈ। ਉਪਨਿਸ਼ਦਾਂ ਵਿਚੋਂ ਇਸ ਸਿਧਾਂਤ ਦਾ ਸਮਰਥਨ ਵੀ ਮਿਲਦਾ ਹੈ :

ਪਰੀਖ ਲੋਂਗਨ ਕਰਮ ਚਿਤਾਨ ।
ਬ੍ਰਾਹਮਣੋਂ ਨਿਰਵੇਦ ਮਾਯਾਤ ਅਕ੍ਰਿਤਾਕ੍ਰਿਤੇਨ,
ਤਦ ਵਿਗਯਾਨਾਰਥੀ ਸ ਗੁਰੂ ਮੇਵਾਭਿ ਗੱਛਤਿ ।
ਸਮਿਤ ਪਾਣੀ ਸ਼੍ਰੋਤ੍ਰੀਯੰ ਬ੍ਰਹਮ ਨਿਸ਼ਠਮ ।
(ਮੁੰਡਕ ਉਪਨਿਸ਼ਦ ਪ੍ਰਥਮਮੁੰਡਕ ੧੨ ਸ੍ਰੁਤੀ)

ਭਾਵ : ਕਰਮ ਰਹਿਤ ਤੋਂ ਜੋ ਸੁਰਗ ਆਦਿ ਲੋਗ ਹਨ ਉਨ੍ਹਾਂ ਨੂੰ ਪ੍ਰੀਖਯਾ ਕਰਕੇ, ਅਰਥਾਤ, ਨਾਸਮਾਨ ਜਾਣ ਕੇ ਜਗਯਾਸੂ ਪੁਰਸ਼ ਵੈਰਾਗ ਨੂੰ ਪ੍ਰਾਪਤ ਹੋਵੇ। ਆਤਮ ਗਿਆਨ ਦੀ ਪ੍ਰਾਪਤੀ ਵਾਸਤੇ ਹੱਥ ਵਿਚ ਪੂਜਾ ਭੇਟਾ ਲੈ ਕੇ ਬ੍ਰਹਮਸ਼ਰੋਤ੍ਰੀ, ਬ੍ਰਹਮ ਨੇਸ਼ਠੀ ਗੁਰੂ ਦੀ ਸ਼ਰਨ ਵਿਖੇ ਜਾਵੇ।

**ਵੇਦਾਂ ਬਾਰੇ :—**

ਆਸਾ ਦੀ ਵਾਰ ਇਕ ਐਸੀ ਬਾਣੀ ਹੈ ਜਿਸ ਦਾ ਕੀਰਤਨ ਆਮ ਕਰਕੇ ਹਰ ਰੋਜ਼ ਗੁਰਦਵਾਰਿਆਂ ਜਾਂ ਸਿੱਖ ਘਰਾਂ ਵਿਚ ਕੀਤਾ ਜਾਂ ਸੁਣਿਆ ਜਾਂਦਾ ਹੈ। ਏਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਤੇਰ੍ਹਵੇਂ ਸਲੋਕ ਵਿਚ ਹਜ਼ੂਰ ਦਾ ਫੁਰਮਾਣ ਹੈ :—

ਚਾਰੇ ਵੇਦ ਹੋਏ ਸਚਿਆਰ ।

ਭਾਵ :—ਚਾਰੇ ਵੇਦ ਸੱਚ ਦੇ ਧਾਰਣੀ ਹਨ। ਵੇਦ ਉਹ ਪੁਸਤਕਾਂ ਹਨ ਜਿਨ੍ਹਾਂ ਨੂੰ ਸਭ ਤੋਂ ਪਹਿਲੀਆਂ ਮੰਨਿਆ ਗਿਆ ਹੈ। ਏਹਨਾਂ ਬਾਰੇ ਗੁਰੂ ਨਾਨਕ ਦੇਵ ਜੀ ਨੇ ਇਹ ਭੀ ਲਿਖਿਆ ਹੈ ਕਿ ਇਹ ਈਸ਼੍ਵਰ ਕ੍ਰਿਤ ਹੈਨ—'ਓਅੰਕਾਰ ਬੇਦ ਨਿਰਮਏ।' (ਪੰਨਾ ੯੩੦)

ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਵਕਤ ਵੇਦਾਂ ਸਾਸਤ੍ਰਾਂ, ਸਿਮ੍ਰਤੀਆਂ ਦਾ ਅਧਯੇਨ ਕਰਨਾ ਵਿਦਵਾਨ, ਸਾਧੂ, ਮਹਾਤਮਾ ਜਾਂ ਈਸ਼੍ਵਰ ਵਿਸ਼ਿਆਂ ਦਾ ਇਕ ਪ੍ਰਮੁਖ ਅੰਗ ਸੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਵੇਦਾਂ ਦਾ ਵਿਸ਼ੇਸ਼ ਵਰਣਨ ਕੀਤਾ ਹੈ। ਆਪ ਆਪਣੀ ਪਵਿਤ੍ਰ ਬਾਣੀ ਅਨੰਦ ਸਾਹਿਬ ਵਿਚ ਲਿਖਦੇ ਹਨ :—

ਵੇਦਾ ਮਹਿ ਨਾਮੁ ਉਤਮੁ,
ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥

ਭਾਵ :—ਵੇਦਾਂ ਵਿਚ ਪ੍ਰਮਾਤਮਾ ਦਾ ਨਾਮ ਹੈ। ਉਹ ਬੇਤਾਲੇ—(ਜਿਨ੍ਹਾਂ ਵਿਚ ਅਗਿਆਨ ਦਾ ਭੂਤ ਵੜ ਗਿਆ ਹੈ)—ਹਨ ਜੋ ਵੇਦ ਨਹੀਂ ਸੁਣਦੇ।

ਸ਼ਾਸਤ੍ਰਾਂ ਵੇਦਾਂ ਪੁਰਾਣਾ ਸਿਮ੍ਰਤੀਆਂ ਆਦਿ ਗ੍ਰੰਥਾਂ ਵਿਚ ਪ੍ਰਮਾਤਮਾ ਦਾ ਨਾਮ ਜਪਣ ਦੀ ਪ੍ਰੇਰਣਾ ਦਿਤੀ ਗਈ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ:—

ਹਰਿ ਕੇ ਨਾਮ ਕੀ ਗਤਿ ਠਾਢੀ ।
ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਬਾਢੀ।



Sri Satguru Jagjit Singh Ji Elibrary NamdhariElibrary@gmail.com

ਭਾਵ :—ਬੇਦ ਪੁਰਾਣ ਅਤੇ ਸਿਮ੍ਰਿਤੀਆਂ ਵਿਚੋਂ ਸਾਧੂ ਮਹਾਤਮਾ ਨੇ ਖੋਜ ਕੀਤੀ ਹੈ ਅਤੇ ਇਹ ਨਿਰਣਾ ਦਿਤਾ ਹੈ ਕਿ ਹਰਿ ਦਾ ਨਾਮ ਜਪਣ ਨਾਲ ਹੀ ਮਨ ਨੂੰ ਠੰਢ (ਸੁਖ, ਸ਼ਾਂਤੀ) ਮਿਲਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚੋਂ ਵੀ ਏਸ ਪੱਖ ਦੀ ਪੁਸ਼ਟੀ ਮਿਲਦੀ ਹੈ :—

ਕਲ ਮੈ ਏਕੁ ਨਾਮੁ ਕਿਰਪਾ ਨਿਧਿ,
ਜਾਹਿ ਜਪੈ ਗਤਿ ਪਾਵੈ ।
ਅਉਰ ਧਰਮ ਤਾਕੈ ਸਮ ਨਾਹਿਨਿ
ਇਹ ਬਿਧਿ 'ਬੇਦ' ਬਤਾਵੈ । (ਪੰਨਾ ੬੩੨)

**ਅਵਤਾਰਾਂ ਦੀ ਮਾਨਤਾ .**

ਪਉਣੁ ਉਪਾਇ ਧਰੀ ਸਭ ਧਰਤੀ
ਜਲ ਅਗਨੀ ਕਾ ਬੰਧੁ ਕੀਆ ।
ਅੰਧੁਲੈ ਦਹਸਿਰਿ ਮੂੰਡੁ ਕਟਾਇਆ,
ਰਾਵਣੁ ਮਾਰਿ ਕਿਆਵਡ ਭਇਆ ।

ਅਗੇ ਜਾ ਕੇ ਇਸੇ ਸ਼ਬਦ ਵਿਚ ਆਪ ਲਿਖਦੇ ਹਨ।

**ਭਗਵਾਨ ਕ੍ਰਿਸ਼ਨ ਬਾਰੇ—**

ਜੀਅ ਉਪਾਇ ਜੁਗਤਿ ਹਥਿ ਕੀਨੀ,
ਕਾਲੀ ਨਥਿ ਕਿਆ ਵੱਡਾ ਭਇਆ ।

**ਫੇਰ ਬ੍ਰਹਮਾਂ ਬਾਰੇ—**

ਨਾਲ ਕੁਟੰਬੁ ਸਾਥਿ ਵਰਦਾਤਾ,
ਬ੍ਰਹਮਾਂ ਭਾਲਣ ਸ੍ਰਿਸਟਿ ਗਇਆ ।
ਆਗੈ ਅੰਤੁ ਨ ਪਾਇਓ ਤਾਕਾ,
ਕੰਸੁ ਛੇਦਿ ਕਿਆ ਵੱਡਾ ਭਇਆ ।

**ਕੱਛ ਅਵਤਾਰ ਬਾਰੇ—**

ਰਤਨ ਉਪਾਇ ਧਰੇ ਖੀਰੁ ਮਥਿਆ,
ਹੋਰਿ ਭਖਲਾਏ ਜਿ ਅਸੀ ਕਿਆ ।
(ਪੰਨਾ ੩੫੦)

ਉਪ੍ਰੋਕਤ ਸ਼ਬਦ ਵਿਚ ਸਤਿਗੁਰੂ ਜੀ ਨੇ ਰਮਾਇਣ ਮਹਾਭਾਰਤ ਅਤੇ ਹੋਰ ਕਈ ਪੌਰਾਣਿਕ ਸਾਖੀਆਂ ਦਾ ਪੂਰਾ ਸਮਰਥਨ ਕੀਤਾ ਹੈ। ਨਾਲ ਹੀ ਆਪਨੇ ਖੀਰ ਸਮੁੰਦ੍ਰ ਰਿੜਕਕੇ ਚੌਦਾਂ ਰਤਨ ਕਢਣ ਦਾ ਜੋ ਵਰਨਣ ਕਰ ਦਿੱਤਾ ਹੈ ਇਸ ਨਾਲ ਵਿਸ਼ਨੂੰ ਅਤੇ ਭਾਗਵਤ ਪੁਰਾਣ ਵਿਚ ਦਿੱਤੇ ਹੋਏ ਸੁਮੇਰ ਪਰਬਤ ਦੇ ਸੰਕੇਤ ਦੀ ਪੁਸ਼ਟੀ ਵੀ ਹੋ ਜਾਂਦੀ ਹੈ।

ਵੇਦਾਂ ਅਤੇ ਪੁਰਾਣਾਂ ਨੂੰ ਮਾਨਤਾ ਦੀ ਪੁਸ਼ਟੀ ਗੁਰਬਾਣੀ ਵਿਚ ਜਗ੍ਹਾ ਜਗ੍ਹਾ ਤੇ ਮਿਲਦੀ ਹੈ। ਵਿਸਥਾਰ ਦੇ ਡਰ ਤੋਂ ਕੁਝ ਹੀ ਪ੍ਰਮਾਣ ਸੰਕੇਤ ਮਾਤ੍ਰ ਪ੍ਰਸਤੁਤ ਕੀਤੇ ਜਾਂਦੇ ਹਨ। ਆਦਿ ਸ੍ਰੀ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਤਲੇ ਭਾਗ ਤੋਂ ਪਹਿਲਾਂ ਜਿਥੇ ਭੱਟਾਂ ਦੇ ਸ੍ਵਯਾਂ ਦੀ ਸਮਾਪਤੀ ਹੁੰਦੀ ਹੈ ਅੰਤਲੇ ਤੋਂ ਪਹਿਲਾ ਛੰਦ ਹੈ :

ਅਜੈ ਗੰਗ ਜਲੁ ਅਟਲੁ ਸਿੱਖ ਸੰਗਤਿ ਸਭ ਨਾਵੈ ।
ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ।
(ਪੰਨਾ ੧੪੦੯)

ਉਪ੍ਰੋਕਤ ਪੰਕਤੀਆਂ ਵਾਸਤੇ ਵਿਆਖਿਆ ਦੀ ਲੋੜ ਨਹੀਂ। ਤਾਂ ਵੀ ਜਿਨ੍ਹਾਂ ਨੂੰ ਸਪਸ਼ਟੀਕਰਨ ਦੀ ਲੋੜ ਹੋਵੇ ਉਹ ਗਿ: ਨਰੈਣ ਸਿੰਘ (ਮੁਜੰਗ ਲਾਹੌਰ) ਵਾਲਿਆਂ ਦੇ ਟੀਕੇ ਤੋਂ ਨਿਰਣਾ ਕਰ ਸਕਦੇ ਹਨ—
"ਤੁਹਾਡੇ ਦਰਬਾਰ ਵਿਚ ਨਿਤ ਪੁਰਾਣ ਵਾਚੇ ਜਾਂਦੇ ਹਨ ਅਤੇ ਬ੍ਰਹਮਾ ਆਪਣੇ ਮੂੰਹ ਨਾਲ ਵੇਦ ਪੜ੍ਹਦਾ ਹੈ।"

ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਸਮੇਂ ਸਤਿਗੁਰੂ ਜੀ ਦੇ ਹਜ਼ੂਰ ਵੇਦਾਂ ਪੁਰਾਣਾਂ ਦੀ ਕਥਾ ਆਮ ਕਰਕੇ ਹੁੰਦੀ ਸੀ। ਰਾਮਕਲੀ ਰਾਗ ਵਿਚ "ਸਦ" ਦੇ ਅਖੀਰ ਵਿਚ ਗੁਰੂ ਅਮਰਦਾਸ ਜੀ ਵਲੋਂ ਸੁੰਦਰ ਜੀ (ਇਹ ਗੁਰੂ ਜੀ ਦੇ ਪੜੋਤੇ ਲਗਦੇ ਸਨ) ਨੇ ਗੁਰੂ ਜੀ ਦਾ ਇਹ ਉਪਦੇਸ਼ ਲਿਖ ਕੇ ਇਸ ਮਾਨਤਾ ਦੀ ਐਸੀ ਪ੍ਰੋੜਤਾ ਕੀਤੀ ਹੈ। ਜਿਸ ਨੂੰ ਮੰਨਣ ਵਿਚ ਕਿਸੇ ਵਿਦਵਾਨ ਨੂੰ ਰਤੀ ਭਰ ਸੰਦੇਹ ਨਹੀਂ ਰਹਿ ਸਕਦਾ। ਆਪ ਲਿਖਦੇ ਹਨ—

ਕੇਸੋ ਗੋਪਾਲ ਪੰਡਿਤ ਸਦਿਅਹੁ,
ਹਰਿ ਹਰਿ ਕਥਾ ਪੜੈ ਪੁਰਾਣ ਜੀਉ ।"
(ਪੰਨਾ ੯੨੩)

ਇਸਦਾ ਅਰਥ ਕਿਤਨਾ ਸਰਲ ਹੈ ਕਿ 'ਕੇਸੋ ਗੋਪਾਲ' ਪੰਡਿਤ ਨੂੰ ਸੱਦ ਕੇ ਉਸ ਤੋਂ ਪੁਰਾਣਾਂ ਦੀ ਕਥਾ ਸੁਣੋ।

ਵੇਦਾਂ, ਪੁਰਾਣਾਂ, ਸ਼ਾਸਤ੍ਰਾਂ, ਸਿਮ੍ਰਿਤੀਆਂ ਵਿਚ



Sri Satguru Jagjit Singh Ji Elibrary NamdhariElibrary@gmail.com

ਪ੍ਰਮਾਤਮਾ, ਪ੍ਰਮਾਤਮਾ ਦੇ ਨਾਮ, ਅਤੇ ਉਸਦੇ ਭਗਤਾਂ ਦੀ ਸਿਫਤ ਦੇ ਗੁਣ ਗਾਇਨ ਕੀਤੇ ਗਏ ਹਨ। ਗੁਰਬਾਣੀ ਵਿਚ ਏਸੇ ਕਰਕੇ ਇਨ੍ਹਾਂ ਦੇ ਪ੍ਰਮਾਣ ਅੰਕਿਤ ਕੀਤੇ ਗਏ ਹਨ। ਗਉੜੀ ਰਾਗ ਵਿਚ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਣ ਹੈ:

ਬੇਦ ਪੁਰਾਣ ਜਾਸ ਗੁਨ ਗਾਵਤ,
ਤਾਕੋ ਨਾਮੁ ਹੀਐ ਮੋ ਧਰੁ ਰੇ। (ਪੰਨਾ ੨੨੦)

ਜੋ ਬੇਦ ਪੁਰਾਣਾ ਆਦਿ ਗ੍ਰੰਥਾਂ ਤੋਂ ਘਿਰਣਾ ਕਰਦੇ ਹਨ ਉਨ੍ਹਾਂ ਬਾਰੇ ਗੁਰੂ ਜੀ ਦਾ ਕਥਨ ਹੈ—

"ਬੇਦ, ਸ਼ਾਸਤ੍ਰ ਕਉ ਤਰਕਨਿ ਲਾਗਾ,
ਤਤ ਜੋਗੁ ਨ ਪਛਾਨੈ।"

(ਆਸਾ ਮ: ੫, ਪੰਨਾ ੩੯੬)

ਤਥਾ—"ਬੇਦ ਬਖਿਆਨ ਕਰਤ ਸਾਧੂ ਜਨ,
ਭਾਗ ਹੀਨ ਸਮਝਤ ਨਹੀਂ ਖਲੁ।"

(ਟੋਡੀ ਮ: ੫, ਪੰਨਾ ੭੧੭)

ਗੁਰਬਾਣੀ ਵਿਚ 'ਸਤਿਗੁਰੂ' ਹੀ ਇਕ ਐਸਾ ਸਾਧਨ ਦਸਿਆ ਗਿਆ ਹੈ ਜਿਸ ਤੋਂ ਨਾਮ ਮਿਲਦਾ ਹੈ ਅਤੇ ਸਭ ਤਰ੍ਹਾਂ ਦੇ ਭਰਮਾਂ ਦੀ ਨਵਿਰਤੀ ਹੁੰਦੀ ਹੈ। ਇਨਾਂ ਗ੍ਰੰਥਾਂ ਵਿਚ ਵੀ ਇਸੇ ਸਿਧਾਂਤ ਦਾ ਸਮਰਥਨ ਮਿਲਦਾ ਹੈ। ਏਨਾਂ ਗ੍ਰੰਥਾਂ ਨੂੰ ਅਧਿਐਨ ਕਰਕੇ ਏਨ੍ਹਾਂ ਦਾ ਤਤ ਸਤਿਗੁਰੂ ਜੀ ਨੇ ਸਾਨੂੰ ਸਰਲ ਗੁਰਬਾਣੀ ਰਾਹੀਂ ਦਰਸਾਇਆ ਹੈ ਸੋਰਠ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ—

"ਸਿਮ੍ਰਿਤਿ ਸਾਸਤ੍ਰ ਸੋਧਿਆ ਭਾਈ,
ਵਿਣੁ ਸਤਿਗੁਰ ਭਰਮਿ ਨ ਜਾਇ।"

(ਪੰਨਾ ੬੦੮)

ਬੇਦ, ਪੁਰਾਣ ਆਦਿਕ ਗ੍ਰੰਥਾਂ ਵਿਚ ਸ੍ਰਿਸਟੀ ਦੀ ਅਣਹੋਂਦ ਵੇਲੇ ਪ੍ਰਮਾਤਮਾ ਦਾ ਸੁੰਨ ਅਵਸਥਾ ਵਿਚ ਅਤੇ ਸਾਰੇ ਗੁਬਾਰ ਰਹਿਣਾ। ਫੇਰ ਸ੍ਰਿਸ਼ਟੀ ਸਾਜਣੀ, ਚੰਗੇ ਮੰਦੇ ਕਰਮਾਂ ਦੀ ਵਿਆਖਿਆ ਅਤੇ ਗਿਣਤੀ ਆਦਿ ਦਾ ਵਰਨਣ ਜੋ ਹੈ ਉਸ ਨੂੰ ਪ੍ਰਮਾਣੀਕ ਮੰਨਦੇ ਹੋਏ ਹੀ ਗੁਰੂ ਅਮਰਦਾਸ ਜੀ ਨੇ ਰਾਮਕਲੀ ਅੰਦਰ ਇਸ ਪਉੜੀ ਵਿਚ ਸੰਖੇਪ ਵਰਨਣ ਕੀਤਾ ਹੈ—

ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ।
ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ।
ਸਿਮ੍ਰਿਤਿ ਸਾਸਤ੍ਰ ਸਾਜਿਅਨੁ ਪਾਪ ਪੁੰਨ ਗਣਤ ਕੀਨੀ।
ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ।

ਜਿਸਨੇ ਇਹ ਸਾਰਾ ਕੁਝ ਕੀਤਾ ਹੈ ਉਸਨੂੰ ਹੀ ਪਤਾ ਹੋ ਸਕਦਾ ਹੈ ਉਸੇ ਦਾ ਕੀਤਾ ਹੋਇਆ ਵਰਨਣ ਏਨ੍ਹਾਂ ਗ੍ਰੰਥਾਂ ਵਿਚੋਂ ਲਭ ਲਭ ਕੇ ਸਤਿਗੁਰਾਂ ਸਾਨੂੰ ਸਰਲ ਬਣਾ ਕੇ ਪੜ੍ਹਨ ਨੂੰ ਦਿੱਤਾ ਹੈ।

ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਬਾਰ੍ਹਾਂ ਮਹੀਨੇ ਖੱਟ ਰੁੱਤੀ, ਸਤ ਵਾਰ, ਪੰਦਰਾਂ ਥਿਤੀਆਂ, ਵਿਸੁਏ, ਚਸੇ, ਘੜੀਆਂ, ਪਹਰ, ਚਾਰਜੁਗ ਛਤੀ ਜੁਗ ਆਦਿ ਸਮੇਂ ਦਾ ਜੋ ਵਰਨਣ ਹੈ। ਸੋ ਸਭ ਸਾਸ਼ਤ੍ਰਾਂ ਅਨੁਸਾਰ ਹੈ। ਇਸ ਤੋਂ ਬਿਨਾਂ ਸਰੀਰ ਦੇ ਪੰਜ ਤੱਤ ਯਾਨੀ ਪ੍ਰਿਥਵੀ, ਜਲ, ਪਵਨ, ਅਗਨਿ ਅਤੇ ਆਕਾਸ਼—(ਪੰਚ ਤੱਤ ਕਾ ਰਚਨ ਰਚਾਨਾ ਪੰਨਾ ੧੦੭੩) ਪੰਚ ਦੂਤ, ਭਾਵ—ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ—(ਪੰਚ ਦੂਤ ਤੁੱਧ ਵਸਿ ਕੀਤੇ)—ਅਨੰਦ ਸਾਹਿਬ। ਪੰਜ ਗਯਾਨ ਇੰਦ੍ਰੇ ਕੰਨ, ਤ੍ਵਚਾ (ਚਮੜੀ) ਨੇਤ੍ਰ, ਜੀਭ ਅਤੇ ਨੱਕ। ਇਸੇ ਤਰ੍ਹਾਂ ਪੰਜ ਕਰਮ ਇੰਦ੍ਰੇ, ਹਥ, ਪੈਰ, ਮੂੰਹ, ਗੁਦਾ, ਅਤੇ ਲਿੰਗ, ਏਹਨਾਂ ਦਾ ਵਰਨਣ ਮਨੁੱਖ ਸੰਬੰਧੀ ਗੁਰਬਾਣੀ ਵਿਚ ਕਿਤਨੇ ਸਥਾਨਾਂ ਤੇ ਹੈ। ਏਹ ਸਭ ਵਰਨਣ ਸ਼ਾਸਤ੍ਰਾਂ ਅਨੁਸਾਰ ਹੈ।

ਸ੍ਰਿਸ਼ਟੀ ਦੀ ਉਪਜ ਦੇ ਚਾਰ ਸਾਧਨ—ਅੰਡਜ (ਆਂਡਿਆਂ ਤੋਂ ਪੈਦਾ ਹੋਣ ਵਾਲੇ ਜੀਵ)—ਜੇਰਜ—(ਉਹ ਜੀਵ ਜਾਂ ਮਨੁੱਖ) ਜੋ ਪੇਟ ਵਿਚ ਪੈਦਾ ਹੁੰਦੇ ਹਨ ਅਤੇ ਜੇਰ ਵਿਚ ਲਪੇਟੇ ਹੁੰਦੇ ਹਨ)—ਸੇਤਜ (—ਮੁੜ੍ਹਕੇ ਪਸੀਨਾ ਆਦਿ ਤੋਂ ਪੈਦਾ ਹੋਣ ਵਾਲੇ ਜੀਵ (ਜੂੰ ਆਦਿਕ) ਅਤੇ—ਉਤਭੁਜ (ਬਨਾਸਪਤੀ), ਇਹ ਸਭ ਵਰਣਨ ਗੁਰਬਾਣੀ ਵਿਚ ਅਨੇਕ ਸਥਾਨਾਂ ਤੇ ਹੈ—ਉਦਾਹਰਣ ਵਜੋਂ:—

ਅੰਡਜ, ਜੇਰਜ ਸੇਤਜ, ਉਤਭੁੱਜ ਤੇਰੇ ਕੀਏ ਜੰਤਾ।

(ਸੋਰਠਿ ਮ: ੧ ਪੰਨਾ ੫੯੬)

ਗੁਰਬਾਣੀ ਵਿਚ ਮੌਤ ਦਾ ਦੇਵਤਾ ਧਰਮ ਰਾਜ



Sri Satguru Jagjit Singh Ji Elibrary NamdhariElibrary@gmail.com

ਦਾ ਨਾਮ ਬਹੁਤ ਜਗ੍ਹਾ ਤੇ ਆਇਆ ਹੈ। ਸੰਸਕ੍ਰਿਤ ਗ੍ਰੰਥਾਂ ਅਨੁਸਾਰ ਜਗਤ ਵਿਚ ਆ ਕੇ ਕੀਤੇ ਹੋਏ ਪੁਰਖ ਦੇ ਚੰਗੇ ਮਾੜੇ ਕਰਮਾਂ ਦੇ ਫਲ ਭੁਗਤਾਉਣ ਦੀ ਸੇਵਾ ਪ੍ਰਮੇਸ਼ਰ ਵਲੋਂ ਇਸੇ ਦੇ ਜਿੰਮੇ ਲੱਗੀ ਹੈ। ਇਸ ਦੇ ਅਧੀਨ ਇਸ ਦੇ ਕਰਮਚਾਰੀ 'ਜਮਦੂਤ' ਵੀ ਹਨ। ਗੁਰਬਾਣੀ ਵਿਚ ਏਸ ਪੱਖ ਦੀ ਪੁਸ਼ਟੀ ਦੇ ਅਨੇਕ ਪ੍ਰਮਾਣ ਹਨ ਗੁਰਬਾਣੀ ਵਿਚ ਇਸਨੂੰ ਸੂਰਜ ਦਾ ਪੁੱਤਰ ਹੋਣਾ ਮੰਨਿਆ ਗਿਆ ਹੈ। ਜੋ ਸ਼ਾਸਤ੍ਰ ਪ੍ਰਮਾਣ ਦੀ ਪ੍ਰੋੜਤਾ ਹੈ—

ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾ,
ਜੋ ਚਰੰਨ ਗੁਰੂ ਚਿਤੁ ਲਾਵਤ ਹੈ।

(ਪੰਨਾ ੧੪੦੪)

ਧਰਮ ਰਾਇ (ਧਰਮ ਰਾਜ) ਦੀ ਮਾਤਾ 'ਸੰਗਯਾ' ਅਤੇ ਪਿਤਾ ਸੂਰਜ ਸੰਸਕ੍ਰਿਤ ਗ੍ਰੰਥਾਂ ਅਨੁਸਾਰ ਹਨ। ਧਰਮ ਰਾਇ ਦੀ ਪੁਰੀ ਦਾ ਨਾਮ 'ਸੰਯਮਨੀ' ਮਹਿਲ ਦਾ ਨਾਮ 'ਕਾਲੀਚੀ' ਸਿੰਘਾਸਨ 'ਵਿਚਾਰਭੂ' ਅਤੇ ਭਾਰੀ ਰਜਿਸਟ੍ਰ ਦਾ ਨਾਮ 'ਅਗ੍ਰਸੰਧਾਨੀ' ਹੈ। ਇਸ ਰਜਿਸਟ੍ਰ ਵਿਚ ਚਿਤ੍ਰ ਗੁਪਤ, ਪੁਰਸ਼ਾਂ ਦੇ ਚੰਗੇ ਮਾੜੇ ਕਰਮ ਦਰਜ ਕਰਦੇ ਰਹਿੰਦੇ ਹਨ।

ਇਸ ਲੋਕ ਤੋਂ ਸਰੀਰ ਛੁੱਟ ਜਾਣਤੇ ਫੇਰ—ਅਗੇ ਕਰਣੀ ਕੀਰਤਿ ਵਾਚੀਐ— ਏਥੇ ਕੀਤੇ ਹੋਏ ਸ੍ਰੇਸ਼ਟ ਜਾਂ ਦੁਸ਼ਕਰਮ ਵੀਚਾਰੇ ਜਾਂਦੇ ਹਨ। ਉਨ੍ਹਾਂ ਅਨੁਸਾਰ ਪੁਰਖ ਨੂੰ ਸੁਖ, ਦੁਖ ਮਿਲਦੇ ਹਨ। ਇਸ ਸਿਧਾਂਤ ਦੀ ਪ੍ਰੋੜਤਾ ਗੁਰਬਾਣੀ ਵਿਚ ਅਨੇਕ ਸਥਾਨਾਂ ਤੇ ਮਿਲਦੀ ਹੈ।

੧. ਕਾਇਆ ਹੰਸ ਥੀਆ ਵੇਛੋੜਾ;
ਜਾ ਦਿਨ ਪੁੰਨੇ ਮੇਰੀ ਮਾਇ।
ਜੇਹਾ ਲਿਖਿਆ ਤੇਹਾ ਪਾਇਆ,
ਜੇਹਾ ਪੁਰਖ ਕਮਾਇਆ।

੨. ਨਾਨਕ ਕਮਾਣਾ ਸੰਗਿ ਜੁਲਿਆ ਨ ਜਾਇ,
ਕਿਰਤਿ ਮਿਟਾਇਆ।

ਗੰਗਾ ਨੂੰ ਮਾਨਤਾ—

ਗੰਗਾ ਦੇ ਨਾਮ, ਭਾਗੀਰਥੀ, ਜਾਹਰਨਵੀ ਅਤੇ ਸੁਰਸੁਰੀ ਵੀ ਗੁਰਬਾਣੀ ਵਿਚ ਆਏ ਹਨ। ਇਹ ਨਦੀ ਹਰਿਦੁਆਰ ਤੋਂ ੧੯੦ ਮੀਲ ਉਪਰ, ਗੋਮੁਖ; ਚਸ਼ਮੇ (ਜਿਸਦੀ ਸਮੁੰਦਰ ਤੋਂ ਉਚਾਈ ੧੩੮੦੦ ਫੁੱਟ ਹੈ) ਤੋਂ ਨਿਕਲਦੀ ਹੈ। ਸਾਢੇ ਪੰਦਰਾਂ ਸੌ ਮੀਲ ਪੂਰਬ ਵੱਲ ਨੂੰ ਵਹਿੰਦੀ ਹੋਈ ਇਹ ਸਮੁੰਦਰ ਵਿਚ ਜਾ ਕੇ ਪੈਂਦੀ ਹੈ। ਗੋਮੁਖ ਚਸ਼ਮੇ ਤੋਂ ਹਰਿਦਵਾਰ ਤਕ ਇਸ ਵਿਚ ਕਈ ਛੋਟੀਆਂ ਵਡੀਆਂ ਹੋਰ ਨਦੀਆਂ ਵੀ ਮਿਲਦੀਆਂ ਹਨ।

ਸ਼ਾਸਤਰ ਪੁਰਾਣ ਆਦਿਕ ਗ੍ਰੰਥਾਂ ਵਿਚ ਗੰਗਾ ਦੀ ਬਹੁਤ ਉਪਮਾ ਲਿਖੀ ਹੈ। ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਵੀ ਗੰਗਾ ਦੀ ਪਵਿਤ੍ਰਤਾ ਨੂੰ ਮਾਨਤਾ ਦਿੱਤੀ ਲਿਖੀ ਹੋਈ ਮਿਲਦੀ ਹੈ।

ਜਿਵੇਂ ਨਿੰਦਕ ਸਤਿਗੁਰੂ ਦੀ ਸਰਣ ਆਉਂਦਾ ਹੈ, ਉਸ ਨੂੰ ਸਤਿਗੁਰੂ ਜੀ ਬਖਸ਼ ਕੇ ਸੰਗਤ ਵਿਚ ਮਿਲ ਲੈਂਦੇ ਹਨ। ਸੰਗਤ ਵਿਚ ਮਿਲ ਜਾਣ ਤੇ ਉਹ ਦੂਸਰੇ ਸਿਖਾਂ ਦੇ ਤੁਲ ਹੀ ਹੋ ਜਾਂਦਾ ਹੈ। ਇਸੇ ਤਰ੍ਹਾਂ ਮੈਲਾ ਕੁਚੈਲਾ ਪਾਣੀ ਗੰਗਾ ਵਿਚ ਮਿਲ ਕੇ, ਗੰਗਾ ਦਾ ਰੂਪ ਹੀ ਹੋ ਜਾਂਦਾ ਹੈ। ਭਾਵ ਪਵਿਤਰ ਮੰਨਿਆ ਜਾਂਦਾ ਹੈ :

ਕੋਈ ਨਿੰਦਕ ਹੋਵੈ ਸਤਿਗੁਰ ਕਾ
ਫਿਰਿ ਸਰਣਿ ਗੁਰ ਆਵੈ ॥
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ
ਸਤ ਸੰਗਤਿ ਨਾਲਿ ਰਲਾਵੈ ॥

ਕਿਸ ਤਰ੍ਹਾਂ ?

ਜਿਉ ਮੀਹਿ ਵੁਠੈ ਗਲੀਆ, ਨਾਲਿਆ,
ਟੋਭਿਆ ਕਾ ਜਲੁ,
ਜਾਇ ਪਵੈ ਵਿਚਿ ਸੁਰਸਰੀ,
ਸੁਰਸਰੀ ਮਿਲਤ ਪਵਿਤ੍ਰ ਪਾਵਨ ਹੋਇ ਜਾਵੈ।"

(ਪੰਨਾ ੫੪ ੫੫)

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੀ ਗੰਗਾ ਜਲ ਦੀ ਸਤਿਗੁਰੂ ਪਰਮੇਸ਼ਰ ਦੇ ਨਾਮ ਨਾਲ ਤੁਲਨਾ ਕਰਕੇ, ਵਿਸ਼ੇਸ਼ ਮਹਾਨਤਾ ਦਰਸਾਈ ਹੈ। ਭੈਰਉ ਰਾਗ ਵਿਚ ਆਪ ਦਾ ਫੁਰਮਾਣ ਹੈ :—

ਗੰਗਾ ਜਲੁ ਗੁਰ ਗੋਬਿੰਦ ਨਾਮ ॥
ਜੋ ਸਿਮਰੈ ਤਿਸ ਕੀ ਗਤਿ ਹੋਵੈ ॥
ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥ (ਪੰਨਾ ੧੧੩੭)



Sri Satguru Jagjit Singh Ji Elibrary NamdhariElibrary@gmail.com

ਭੈਰਉ ਰਾਗ ਵਿਚ ਹੀ ਕਬੀਰ ਜੀ ਕਈ ਪ੍ਰਮਾਣ ਇਸ ਸੰਬੰਧ ਵਿਚ ਦਿੰਦੇ ਹੋਏ ਲਿਖਦੇ ਹਨ :

ਗੰਗਾ ਕੇ ਸੰਗ ਸਲਿਤਾ ਬਿਗਰੀ ।
ਸੋ ਸਲਿਤਾ ਗੰਗਾ ਹੋਇ ਨਿਬਰੀ ।
ਬਿਗਰਿਓ ਕਬੀਰਾ ਰਾਮ ਦੁਹਾਈ,
ਸਾਚੁ ਭਇਓ ਅਨ ਕਤਹਿ ਨ ਜਾਈ ।
ਚੰਦਨ ਕੈ ਸੰਗਿ ਤਰਵਰੁ ਬਿਗਰਿਓ,
ਸੋ ਤਰਵਰੁ ਚੰਦਨ ਹੋਇ ਨਿਬਰਿਓ ।
ਪਾਰਸ ਕੈ ਸੰਗਿ ਤਾਂਬਾ ਬਿਗਰਿਓ,
ਸੋ ਤਾਂਬਾ ਕੰਚਨੁ ਹੋਇ ਨਿਬਰਿਓ ।
ਸੰਤਨ ਸੰਗਿ ਕਬੀਰਾ ਨਿਬਰਿਓ,
ਸੋ ਕਬੀਰ ਰਾਮੈ ਹੋਇ ਨਿਬਰਿਓ । (ਪੰਨਾ ੧੧੫੮)

ਨਦੀਆਂ ਹੋਰ ਵੀ ਹਨ ਪਰ ਮਹਾਨਤਾ ਦੇ ਪ੍ਰਮਾਣ ਗੰਗਾ ਬਾਰੇ ਹੀ ਹਨ । ਉਪਰੋਕਤ ਸ਼ਬਦ ਵਿਚ ਰੂਪ ਤਾਸੀਰ ਜਾਂ ਬੁੱਧੀ ਬਦਲ ਸਕਣ ਦੀ ਸ਼ਕਤੀ ਦੇ ਪ੍ਰਮਾਣ ਹਨ । ਜੋ ਗੰਗਾ ਵਿਚ ਜੋ ਪਾਣੀ ਜਾ ਗਿਰਿਆ ਉਸ ਨੂੰ ਗੰਗਾ ਨੇ ਅਪਣਾ ਰੂਪ ਦੇ ਦਿੱਤਾ ।

ਗੰਗਾ ਦੀ ਪ੍ਰਸਿੱਧੀ ਭਾਰਤ ਵਿਚ ਹੀ ਨਹੀਂ, ਬਾਹਰਲੇ ਦੇਸ਼ਾਂ ਵਿਚ ਵੀ ਹੈ । ਪੱਛਮੀ ਦੇਸ਼ਾਂ ਦੇ ਗੋਰੇ ਆਮ ਕਰਕੇ ਪਦਾਰਥਿਕ ਵਾਦੀ ਵਿਚਾਰਾਂ ਦੇ ਹਨ । ਆਤਮਿਕ ਰਸ ਅਤੇ ਸ਼ਰਧਾ ਤੋਂ ਦੂਰ ਰਹਿੰਦੇ ਹਨ । ਮੰਨਦੇ ਉਹੀ ਕੁਝ ਹਨ ਜਿਸ ਨੂੰ ਉਹ ਆਪਣੀ ਪਰਖ ਕਸਵੱਟੀ ਤੇ ਪੂਰਾ ਉਤਰਿਆ ਸਪਸ਼ਟ ਰੂਪ ਵਿਚ ਵੇਖ ਲੈਣ ।

ਅਮਰੀਕਾ ਕੈਨੇਡਾ ਆਦਿ ਦੇਸ਼ ਜਿਨ੍ਹਾਂ ਨੂੰ ਵਰਤਮਾਨ ਯੁਗ ਵਿਚ ਦੁਨੀਆਂ ਦੇ ਲੋਕਾਂ ਵਿਚ 'ਬਹੁਤ ਤੇਜ਼', 'ਅਗਾਂਹ-ਵਧੂ' ਮੰਨਿਆ ਜਾਂਦਾ ਹੈ। ਉਥੋਂ ਦੇ ਵਿਦਵਾਨਾਂ ਨੂੰ ਸ਼ੱਕ ਹੋਇਆ ਕਿ ਜਿਸ ਨਦੀ ਵਿਚ ਹੈਜ਼ਾ ਜਾਂ ਅਤੀਸਾਰ ਨਾਲ ਬੀਮਾਰ ਹੋ ਕੇ ਮਰਨ ਦੀਆਂ ਲੋਥਾਂ ਸੁਟੀਆਂ ਜਾਣ ਅਤੇ ਥੱਲੇ ਜਾ ਕੇ ਲੋਕ ਪਾਣੀ ਪੀਂਦੇ ਹੋਣ ! ਉਹ ਮਰਦੇ ਕਿਉਂ ਨਹੀਂ !' ਆਪਣੇ ਏਸ ਸ਼ੱਕ ਨੂੰ ਪੱਕਾ ਕਰਨ ਵਾਸਤੇ ਮੁਰਦੇ ਸੁਟਣ ਵਾਲੀ ਥਾਂ ਤੋਂ ਲਹਿੰਦੇ ਪਾਣੀ ਜਾ ਕੇ ਉਨ੍ਹਾਂ ਨੇ ਕੁਝ ਪਾਣੀ ਲੈ ਕੇ ਉਸ ਦੀ ਪਰਖ ਕੀਤੀ ਕਿ ਇਸ ਵਿਚ ਹੈਜ਼ੇ, ਦਸਤ ਆਦਿ ਬੀਮਾਰੀਆਂ ਦੇ ਕਿਰਮ ਪੈਦਾ ਕਰਕੇ ਗੰਗਾ ਦੇ ਪਾਣੀ ਵਿਚ ਪਾ ਕੇ ਵੇਖੇ ਤਾਂ ਉਹ ਮਰ ਗਏ । ਉਨ੍ਹਾਂ ਪ੍ਰੀਖਿਆ ਕਰਕੇ ਇਹ ਵੀ ਲਿਖ ਕਿ ਦਿੱਤਾ ਕਿ ਲੰਡਨ ਤੋਂ ਪਾਣੀ ਵਾਲੇ ਜਹਾਜ਼ ਵਿਚ, ਵਰਤਨ ਵਾਲਾ ਭਰਿਆ ਪਾਣੀ ਕਲਕੱਤੇ ਪਹੁੰਚਣ ਤੋਂ ਪਹਿਲਾਂ ਹੀ ਖਰਾਬ ਹੋ ਜਾਂਦਾ ਹੈ ਅਤੇ ਵਰਤਨ ਯੋਗ ਨਹੀਂ ਰਹਿੰਦਾ ਜਦ ਕਿ ਗੰਗਾ ਦਾ ਜਲ ਕਲਕੱਤੇ ਤੋਂ ਜਾਣ ਵਾਲੇ ਜਹਾਜ਼ ਵਿਚ ਭਰਿਆ ਹੋਇਆ ਲੰਡਨ ਜਾਣ ਤਕ ਬਿਲਕੁਲ ਪਹਿਲਾਂ ਜੈਸਾ ਹੀ ਰਹਿੰਦਾ ਹੈ ।

ਉਨ੍ਹਾਂ ਦੇ ਲੇਖ ਦਾ ਸਾਰਅੰਸ਼ ਉਪਰੋਕਤ ਵਰਨਣ ਕੀਤਾ ਗਿਆ ਹੈ । ਅੰਗਰੇਜ਼ੀ ਜਾਨਣ ਵਾਲੇ ਪਾਠਕਾਂ ਦੀ ਗਿਆਤ ਲਈ ਉਹ ਲੇਖ ਥੱਲੇ ਦਿੱਤਾ ਜਾਂਦਾ ਹੈ ।

## About Series

*by Harvey Day*
Published by :—
Thorsous Publishers,
37/38, Margaret Stret,
London w. l.

Mother Ganges,

Hindus revere the Ganges which they think of as holy and call her Mother Ganges. Dead bodies flow down with the current, cremated remains are tossed into her, and millions bathe and wash their clothes in the Ganges; yet they also drink of



Sri Satguru Jagjit Singh Ji Elibrary NamdhariElibrary@gmail.com

her waters and none seems at the worse for it, for the Ganges water has the power to kill disease germs !

Dr. F.C. Harrison of McGill University, Canada, who set out to dispel this belief, wrote: 'A peculiar fact, which has never been satisfactorily explained is the quick death (in three or four hours) of the *cholera vibrio* in the waters of the Ganges. When one remembers the sewage caused by numerous corpses (often victims of cholera) and by the bathing of thousands of natives, it seems remarkable that the belief of the Hindus that the water of this river is pure and cannot be defiled, and that they can safely drink and bathe in it, should be confirmed by modern bacteriological research.'

The French physician, Dr. D. Harelle, made investigations independently and was astonished to find that only a few feet below the bodies of persons dead of dysentery and cholera 'where one would expect to find millions of these dysentery and cholera germs, there were no germs at all.' Dr. Harelle then grew germs which caused these diseases, added them to water taken from the Ganges, incubated them for a period, and found that the germs had been completely destroyed !

Mr. C. E. Nelson F.R.C.S. reported that 'Ships leaving Calcutta for England take their water from the Hooghly River, which is one of the mouths of the filthy Ganges, and this Ganges water will remain fresh all the way to England. On the other hond ships leaving England for India find that the water they take on in London will not stay fresh till they reach Bombay, the nearest port, which is a week closer to England than Calcutta. They must replenish their water supply at Port Said, Suez, or at Aden on the Red Sea.' No wonder Ganges water is bottled and sold all over India as a cure for skin diseases.

ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੀ ਪਵਿੱਤ੍ਰ ਬਾਣੀ ਵਿਚ ਮਾਨਤਾ ਦਿੱਤੀ ਹੈ। ਉਹ ਅਵਤਾਰ, ਰਿਖੀ ਮੁਨੀ, ਕਥਾ ਜਾਂ ਸਾਖੀਆਂ ਨੂੰ 'ਮਿਥਿਹਾਸ' ਆਖਣਾ, ਗੁਰਬਾਣੀ ਦਾ ਭਾਰੀ ਅਪਮਾਨ ਹੈ ਅਤੇ ਸਿੱਖੀ ਤੋਂ ਬਰਤਰਫੀ ਹੈ। ਇਸ ਤੋਂ ਬਿਨਾਂ ਸਦੀਆਂ ਤੋਂ ਚਲੀ ਆ ਰਹੀ ਹਿੰਦੂ-ਸਿੱਖ ਏਕਤਾ ਨੂੰ, ਇਸ ਤੋਂ ਭਾਰੀ ਹਾਨੀ ਪਹੁੰਚ ਰਹੀ ਹੈ। ਜਿਨ੍ਹਾਂ ਨੇ ਯੂਨੀ-ਵਰਸਿਟੀਆਂ ਵਿਚੋਂ ਪੀ. ਐਚ. ਡੀ. ਜਾਂ ਹੋਰ ਉੱਚੀ ਪੱਧਰ ਦੀ ਯੋਗਤਾ ਦੇ ਪ੍ਰਮਾਣ ਪੱਤ੍ਰ ਲਏ ਹਨ। ਉਨ੍ਹਾਂ ਨੂੰ ਬਾਣੀ ਦੀ ਇਸ ਤਰ੍ਹਾਂ ਕੀਤੀ ਜਾ ਰਹੀ ਬੇਅਦਬੀ, ਜਿਸ ਵਿਚ ਉਨ੍ਹਾਂ ਵਿਚੋਂ ਕਈ ਆਪ ਵੀ ਬੇਅਦਬੀ ਕਰਨ ਵਾਲੇ ਹਨ, ਇਸ ਘੋਰ ਅਪਰਾਧ ਤੋਂ ਬਚਣਾ ਚਾਹੀਦਾ ਹੈ। ਸਤਿਗੁਰਾਂ ਦੀ ਬਾਣੀ ਵਿਚ ਜੋ ਲਿਖਿਆ ਹੈ ਉਹ ਮੰਨਿਆ ਜਾਵੇ ਤਾਂ ਹੀ ਸ਼ਰਧਾ ਹੈ। ਜੇ ਸ਼ਰਧਾ ਹੈ ਤਾਂ ਸਿੱਖੀ ਹੈ।—ਤਾਂ ਤੇ ਸਿੱਖੀ ਅਤੇ ਦੇਸ਼ ਦੀ ਏਕਤਾ ਨੂੰ ਬਚਾਓ, ਤਾਂ ਹੀ ਦੋਹਾਂ ਲੋਕਾਂ ਵਿਚ ਸੁਰਖਰੂ ਹੋ ਸਕਦੇ ਹੋ।



Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਲਹਿਰ ਤੇ ਆਜ਼ਾਦੀ ਸੰਗਰਾਮ

ਕਾਮਰੇਡ ਸੋਹਣ ਸਿੰਘ 'ਜੋਸ਼'

ਕੂਕਾ ਲਹਿਰ ਉਸ ਵੇਲੇ ਵਜੂਦ ਵਿਚ ਆਈ ਜਦੋਂ ਪੰਜਾਬ ਰਾਜਸੀ ਤੇ ਸਭਿਚਾਰਕ ਤੌਰ ਤੇ ਬਿਲਕੁਲ ਬੇਹਿਸ ਤੇ ਬੇਹਰਕਤ ਹੋ ਚੁੱਕਾ ਸੀ.ਅੰਗਰੇਜ਼ਾਂ ਦੀ ਰਾਜਸੀ ਸਭਿਆਚਾਰਕ ਤੇ ਫੌਜੀ ਗੁਲਾਮੀ ਪੂਰੀ ਤਰ੍ਹਾਂ ਕਬੂਲ ਕਰ ਚੁਕਾ ਸੀ ਅਤੇ ਪੰਜਾਬ ਦੀ ਰਾਜਸ਼ਾਹੀ ਤੇ ਜਾਗੀਰਦਾਰੀ ਨੇ ਪੰਜਾਬੀ (ਤੇ ਖਾਸ ਕਰ ਸਿੱਖ) ਜਨਤਾ ਨੂੰ ਆਪਣੇ ਸੁਆਰਥਾਂ ਦੀ ਖਾਤਰ, ਆਪਣੇ ਪੰਜੇ ਸ਼ਕੰਜੇ ਵਿਚ ਜਕੜ ਲਿਆ ਸੀ। ਸਿੱਖ ਆਪਣੇ ਗੁਰੂਆਂ ਦੇ ਉਘੇ ਅਸੂਲਾਂ ਨੂੰ ਵਿਸਾਰ ਚੁਕੇ ਸਨ ਅਤੇ ਜ਼ੁਲਮ ਤੇ ਗੁਲਾਮੀ ਦੇ ਖਿਲਾਫ ਲੜਨ ਦੀ ਥਾਂ ਅੰਗਰੇਜ਼ ਰਾਜ ਦੇ ਗੋਲੇ ਤੇ ਰਖਿਅਕ ਬਣ ਗਏ ਸਨ

1848-49 ਵਿਚ ਸਿੱਖ ਰਾਜ ਦਾ ਭੋਗ ਪੈ ਗਿਆ। ਅੰਗਰੇਜ਼ ਹਾਕਮਾਂ ਦੀਆਂ ਕੁਟਲ ਨੀਤੀਆਂ ਤੇ ਸ਼ਤਰੰਜੀ ਚਾਲਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ। ਰਾਜ ਖੁਸਿਆ ਵੇਖ ਕੇ ਅਤੇ ਤਾਕਤ ਦਾ ਚਿੰਨ੍ਹ ਤਲਵਾਰ ਖੋਹੀ ਜਾਣ ਤੇ ਸਿੱਖ ਸਰਦਾਰਾਂ ਨੇ ਚੁੱਭੀਆਂ ਮਾਰੀਆਂ ਅਤੇ ਬੇਦਿਲ ਹੋ ਕੇ, ਜਿਹੜੇ ਬਚੇ ਰਹੇ ਘਰਾਂ ਨੂੰ ਚਲੇ ਗਏ। ਇਕ ਸਰਦਾਰ ਮਹਾਰਾਜ ਸਿੰਘ ਸੀ ਜਿਸ ਨੇ ਅੰਗਰੇਜ਼ ਰਾਜ ਦੀ ਆਪਣੇ ਬਹਾਦਰ ਸਾਥੀਆਂ ਸਮੇਤ, ਕੋਈ ਈਨ ਤੇ ਗੁਲਾਮੀ ਨਾ ਮੰਨੀ ਅਤੇ ਅੰਤਲੇ ਸੁਆਸਾਂ ਤੱਕ ਲੜਦਾ ਰਿਹਾ।

1857 ਵਿਚ ਗ਼ਦਰ ਯਾਨੀ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਆਰੰਭ ਹੋ ਗਿਆ, ਸਿੱਖ ਰਾਜ ਨੂੰ ਖੁਸਿਆਂ ਅਜੇ ਸਿਰਫ ਸੱਤ ਕੁ ਸਾਲ ਹੀ ਗੁਜ਼ਰੇ ਸਨ। ਕੰਵਰ ਦਲੀਪ ਸਿੰਘ ਨੂੰ ਖੋਹ ਖੜਨ ਤੇ ਰਾਣੀ ਜਿੰਦਾਂ ਨੂੰ ਜਲਾਵਤਨ ਕਰਨ ਦੇ ਜ਼ਖਮ ਅਜੇ ਅੱਲੇ ਸਨ। ਸ਼ਿਕਸਤ ਖਾ ਜਾਣ ਪਿਛੋਂ ਜੋ ਜ਼ੁਲਮ ਅੰਗਰੇਜ਼ਾਂ ਨੇ ਪੰਜਾਬ ਦੇ ਸੂਰਬੀਰ ਪੁੱਤਰਾਂ ਤੇ ਢਾਏ ਸਨ ਉਹ ਅਜੇ ਭੁੱਲੇ ਨਹੀਂ ਸਨ। ਇਹਨਾਂ ਜ਼ੁਲਮਾਂ ਦਾ ਹਿਸਾਬ ਚੁਕਾਣ ਦਾ ਗ਼ਦਰ ਨੇ ਸੋਹਣਾ ਮੌਕਾ ਮੁਹੱਈਆ ਕੀਤਾ ਸੀ, ਪਰ ਇਸ ਤੋਂ ਫਾਇਦਾ ਨਾ ਉਠਾਇਆ ਗਿਆ। ਲੀਡਰਸ਼ਿਪ ਰਾਜਿਆਂ ਤੇ ਜਗੀਰਦਾਰਾਂ ਦੇ ਹੱਥ ਵਿਚ ਸੀ। ਉਹਨਾਂ ਨੂੰ ਆਪਣੇ ਸੁਆਰਥਾਂ ਨਾਲ ਪਿਆਰ ਸੀ, ਆਜ਼ਾਦੀ ਲਈ ਨਹੀਂ। ਉਹਨਾਂ ਨੇ ਗ਼ਦਰੀਆਂ ਦੇ ਇਸ ਸੰਗਰਾਮ ਵਿਚ ਸ਼ਾਮਲ ਹੋਣ ਦੀਆਂ ਸਭ ਪੇਸ਼ਕਸ਼ਾਂ ਠੁਕਰਾ ਦਿਤੀਆਂ, ਝਟ ਕੇ ਅੰਗਰੇਜ਼ ਦਾ ਸਾਥ ਦਿਤਾ ਅਤੇ ਹਿੰਦੁਸਤਾਨ ਨੂੰ ਗੁਲਾਮੀ ਦੇ ਮਜ਼ਬੂਤ ਸ਼ਕੰਜੇ ਵਿਚ ਕਸ ਕੇ ਜਕੜ ਦਿਤਾ। ਇਕਾ ਦੁਕਾ ਪੰਜਾਬੀ ਫੌਜਾਂ ਵਿਚ ਬਗ਼ਾਵਤਾਂ ਹੋਈਆਂ ਬਾਗ਼ੀ ਸੂਰਬੀਰਾਂ ਨੂੰ ਬੇਫਿਕਰੀ ਨਾਲ ਗੋਲੀਆਂ ਦਾ ਸ਼ਿਕਾਰ ਬਣਾ ਕੇ ਕੁਚਲ ਦਿਤਾ ਗਿਆ। ਉਹ ਸ਼ਹੀਦ ਹੋ ਗਏ, ਪਰ ਉਹਨਾਂ ਨੇ ਅਗਲੀਆਂ ਸੰਤਾਨਾਂ ਦੇ ਪੰਜਾਬ ਦੇ ਮੱਥੇ ਤੇ ਇਤਿਹਾਸ ਵਲੋਂ ਬਿਲਕੁਲ ਹੀ ਕਾਲਖ ਮਲੇ ਜਾਣ ਤੋਂ ਬਚਾ ਲਿਆ।

ਅੰਗਰੇਜ਼ ਹਾਕਮਾਂ ਨੇ ਆਪਣੀਆਂ ਲਿਖਤਾਂ ਵਿਚ ਬਾਰ-ਬਾਰ ਇਹ ਗੱਲ ਲਿਖੀ ਹੈ ਕਿ ਜੇ ਗ਼ਦਰ ਦੇ



Sri Satguru Jagjit Singh Ji Elibrary NamdhariElibrary@gmail.com

ਦਿਨਾਂ ਵਿਚ ਅੰਗਰੇਜ਼ਾਂ ਨੂੰ ਪੰਜਾਬ ਨਾ ਬਹੁੜਦਾ ਤਾਂ ਅੰਗਰੇਜ਼ਾਂ ਲਈ ਹਿੰਦੁਸਤਾਨ ਵਿਚ ਕੋਈ ਥਾਂ ਨਹੀਂ ਸੀ। ਗ਼ਦਰ ਥਾਂ ਥਾਂ ਕਾਮਯਾਬ ਹੋ ਰਿਹਾ ਸੀ। ਦਿੱਲੀ ਘੇਰੀ ਜਾ ਰਹੀ ਸੀ। ਅੰਗਰੇਜ਼ ਰਾਜ ਦਾ ਸਿੰਘਾਸਨ ਡਾਵਾਂਡੋਲ ਹੋ ਚੁਕਾ ਸੀ। ਸਿੱਖਾਂ ਨੂੰ ਮੂਲਰਾਜ ਦੇ ਜ਼ੁਲਮ ਦਸ ਕੇ ਅਤੇ ਮੁਸਲਮਾਨਾਂ ਨੂੰ ਸਿੱਖਾਂ ਦੇ ਖਿਲਾਫ ਚੁਕ ਕੇ ਅਤੇ ਰਾਜਿਆਂ ਨੂੰ ਹੱਥ ਵਿਚ ਲੈ ਕੇ ਆਜ਼ਾਦੀ ਦੀ ਇਸ ਪਹਿਲੀ ਜੰਗ ਨੂੰ ਕੁਚਲ ਦਿਤਾ ਗਿਆ ਅਤੇ ਅੰਗਰੇਜ਼ ਰਾਜ ਜਾਂਦਾ ਜਾਂਦਾ ਬਹਾਲ ਹੋ ਗਿਆ।

ਗ਼ਦਰ ਪਿਛੋਂ ਅੰਗਰੇਜ਼ ਅਫ਼ਸਰ ਹੋਰ ਸਾਵਧਾਨ ਹੋ ਗਏ। ਉਹਨਾਂ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਸਾਰੇ ਹੋਰ ਜ਼ਰੂਰੀ ਸਾਧਨ ਜੁਟਾ ਲਏ। ਫੌਜ, ਪੁਲਸ, ਨੌਕਰਸ਼ਾਹੀ ਅਦਾਲਤਾਂ, ਜੇਲ੍ਹਾਂ ਦਾ ਭਾਰਤ ਵਿਚ ਜਾਲ ਤਾਣ ਦਿਤਾ ਗਿਆ। ਸੀ. ਆਈ. ਡੀ ਜਾਣੀ ਜਾਸੂਸੀ ਦੇ ਮਹਿਕਮੇ ਨੂੰ ਹੋਰ ਤਕੜਾ ਤੇ ਵਿਸ਼ਾਲ ਕਰ ਲਿਆ। ਪੰਜਾਬ ਵਿਚ ਸਦੀਵੀ ਕਰਫੀਊ, ਮਾਰਸ਼ਲ ਲਾਅ ਜੇਹੇ ਕਾਨੂੰਨਾਂ ਦਾ ਰਾਜ ਕਾਇਮ ਕਰ ਦਿਤਾ। ਜਮਹੂਰੀ ਤੇ ਸ਼ਹਿਰੀ ਆਜ਼ਾਦੀਆਂ ਖਤਮ ਕਰ ਦਿਤੀਆਂ ਗਈਆਂ। ਆਉਂਦੀ ਜਾਂਦੀ ਡਾਕ ਖੋਲ੍ਹ ਖੋਲ੍ਹ ਕੇ ਪੜ੍ਹੀ ਜਾਣ ਲਗ ਪਈ। ਉਤੋਂ ਐਲਾਨ ਇਹ ਕੀਤੇ ਗਏ ਕਿ ਹਕੂਮਤ ਕਿਸੇ ਦੇ ਮਜ਼ਹਬ ਵਿਚ ਕੋਈ ਦਖਲ ਨਹੀਂ ਦੇਵੇਗੀ। ਪਰ ਕੂਕਾ ਤੇ ਅਕਾਲੀ ਤਹਿਰੀਕਾਂ ਨੇ ਸਾਬਤ ਕੀਤਾ ਕਿ ਇਹੋ ਜਿਹੇ ਐਲਾਨਾਂ ਦਾ ਮਤਲਬ ਮਜ਼ਹਬ ਵਿਚ ਦਖ਼ਲ ਨਾ ਦੇਣਾ ਨਹੀਂ ਸੀ ਸਗੋਂ ਦਖਲ ਦੇਣਾ ਸੀ।

ਇਹ ਸਨ ਹਾਲਾਤ ਜਦੋਂ ਗੁਰੂ ਰਾਮ ਸਿੰਘ ਜੀ ਪੰਜਾਬ ਵਿਚ ਪੰਜਾਬ ਨੂੰ ਜਗਾਣ ਤੇ ਸਾਵਧਾਨ ਕਰਨ ਲਈ ਆਪਣਾ ਸੰਦੇਸ਼ ਲੈ ਕੇ ਮੈਦਾਨ ਵਿਚ ਉਤਰੇ। ਮੈਂ ਇਸ ਲੇਖ ਵਿਚ ਕੂਕਾ ਲਹਿਰ ਦੇ ਸਿਰਫ਼ ਰਾਜਸੀ ਪਹਿਲੂ ਤੇ ਹੀ ਵਿਚਾਰ ਕਰਾਂਗਾ, ਧਾਰਮਕ ਪਹਿਲੂ ਤੇ ਨਹੀਂ। ਪਰ ਇਹ ਹਕੀਕਤ ਯਾਦ ਰਖਣੀ ਚਾਹੀਦੀ ਹੈ ਕਿ ਬੀਤੇ ਇਤਿਹਾਸ ਵਿਚ ਧਾਰਮਕ ਲਹਿਰਾਂ ਹੀ ਵਧ ਫੁਲ ਕੇ ਪਿਛੋਂ ਇਨਕਲਾਬੀ ਰੂਪ ਧਾਰਨ ਕਰ ਲੈਂਦੀਆਂ ਰਹੀਆਂ ਹਨ ਅਤੇ ਨਵੇਂ ਰਾਜ ਪਰਬੰਧ ਦੇ ਵਾਸਤੇ ਲੜਨ ਤੇ ਕਾਇਮ ਕਰਨ ਦਾ ਹਥਿਆਰ ਬਣ ਜਾਂਦੀਆਂ ਹਨ। ਕਾਰਨ ਇਹ ਹੈ ਕਿ ਬੀਤੇ ਸਮੇਂ ਵਿਚ ਆਮ ਲੋਕ ਧਾਰਮਕ ਮੁਹਾਵਰੇ ਸਿਖਿਆ ਅਤੇ ਪ੍ਰਵਚਨਾ ਨੂੰ ਸਮਝ ਕੇ ਇਕੱਠੇ ਤੇ ਜਥੇਬੰਦ ਹੋ ਸਕਦੇ ਸਨ, ਰਾਜਸੀ ਸਿਧਾਂਤਾਂ ਦੀਆਂ ਗੂੜ੍ਹ ਗੱਲਾ ਰਾਹੀਂ ਨਹੀਂ। ਉਂਜ ਵੀ ਰਾਜਸੀ ਵਿਕਾਸ ਦੀ ਪੱਧਰ ਅਜੇ ਬੜੀ ਪਛੜੀ ਹੋਈ ਸੀ ਅਤੇ ਧਰਮ ਦਰੜੇ ਫਰੜੇ ਲੋਕਾਂ ਦੀ ਨਜਾਤ ਦਾ ਪੈਗਾਮ ਲੈ ਕੇ ਹੀ ਆਉਂਦਾ ਰਿਹਾ ਹੈ।

ਮਹਾਰਾਜ ਰਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਰਹਿ ਚੁਕੇ ਸਨ। ਉਹਨਾਂ ਨੇ ਸਿੱਖ ਰਾਜ ਦੀ ਝਲਕ-ਮਟਕ ਵੇਖੀ ਤੇ ਮਾਣੀ ਸੀ ਅਤੇ ਉਹ ਜਥੇਬੰਦੀ ਦੀ ਸ਼ਕਤੀ ਤੇ ਡਸਿਪਲਨ (ਜ਼ਬਤ) ਦੇ ਗੁਣਾਂ ਦੇ ਵੇਖ-ਜਾਣ ਚੁਕੇ ਸਨ। ਇਹੋ ਕਾਰਨ ਹੈ ਕਿ ਉਹਨਾਂ ਨੇ ਥੋੜੇ ਜਿਹੇ ਸਾਲਾਂ ਵਿਚ ਹੀ ਨਾਮਧਾਰੀਆਂ ਨੂੰ ਇਕ ਮਜ਼ਬੂਤ ਜਥੇਬੰਦੀ ਤੇ ਡਸਿਪਲਿਨ ਵਿਚ ਢਾਲ-ਬੰਨ੍ਹ ਲਿਆ ਅਤੇ 'ਸਿਰ ਧਰ ਤਲੀ ਗਲੀ ਮੇਰੀ ਆਓ' ਜਾਂ 'ਪਹਿਲੋਂ ਮਰਨ ਕਬੂਲ ਕਰ' ਦਾ ਪ੍ਰਣ ਲੈਣ ਵਾਲੇ ਲੱਖਾਂ ਸਿਰ-ਲੱਥਾਂ ਦੀ ਫੌਜ ਤਿਆਰ ਕਰ ਲਈ।

ਅੰਗਰੇਜ਼ ਵਿਦਿਆ ਤੇ ਇਤਿਹਾਸ ਦੀ ਜਾਣਕਾਰੀ ਵਿਚ ਸਾਡੇ ਨਾਲੋਂ ਬਹੁਤ ਅਗੇ ਸਨ। ਉਹ ਜਾਣਦੇ ਸਨ ਕਿ ਕੈਥੋਲਿਕ ਤੇ ਪਿਛੋਂ ਪ੍ਰੋਟੈਸਟੰਟ ਲਹਿਰਾਂ ਭਾਵੇਂ ਸ਼ੁਰੂ ਸ਼ੁਰੂ ਵਿਚ ਧਾਰਮਿਕ ਜਾਮਾ ਪਹਿਨ ਕੇ ਆਈਆਂ ਸਨ। ਪਰ ਪਿਛੋਂ ਰਾਜਨੀਤਕ ਸ਼ਕਲ ਧਾਰਨ ਕਰ ਗਈਆਂ ਸਨ। ਪੰਜਾਬ ਵਿਚ ਉਹਨਾਂ ਨੂੰ ਆਪਣੇ ਰਾਜ ਦਾ ਹਰ ਵੇਲੇ ਧੁੜਕੂ ਲਗਾ ਰਹਿੰਦਾ ਸੀ। ਹੋਰ ਤਾਂ ਹੋਰ ਉਹਨਾਂ ਨੂੰ ਪੰਜਾਬ ਵਿਚ (ਖਾਸ ਕਰ) ਆਪਣੇ ਅਨੰਨ ਵਫਾਦਾਰ ਭਗਤਾਂ ਉਤੇ ਵੀ ਜ਼ੋਰ ਵਫ਼ਾਦਾਰ ਹੋਣ ਦਾ ਸ਼ਕ ਰਹਿੰਦਾ ਸੀ, ਕਿਉਂਕਿ ਉਹਨਾਂ ਨੂੰ ਸ਼ੱਕ ਸੀ ਕਿ ਇਹਨਾਂ ਨੂੰ ਆਪਣਾ



Sri Satguru Jagjit Singh Ji Elibrary NamdhariElibrary@gmail.com

ਸਿੱਖ ਰਾਜ ਭੁਲਣ ਨਹੀਂ ਲੱਗਾ ਇਹਨਾਂ ਨੂੰ ਮੁੜ ਆਪਣਾ ਰਾਜ ਬਹਾਲ-ਕਾਇਮ ਕਰਨ ਦੀ ਲਾਲਸਾ ਪੈਦਾ ਹੁੰਦੀ ਰਹੇਗੀ।

ਇਸ ਲਈ ਹਰ ਲਹਿਰ ਉਤੇ ਭਾਵੇਂ ਉਹ ਧਾਰਮਿਕ ਹੋਵੇ ਜਾਂ ਸਭਿਆਚਾਰਕ, ਵਿਦਿਅਕ ਹੋਵੇ ਜਾਂ ਆਰਥਕ-ਕਰੜੀ ਨਿਗਰਾਨੀ ਰਖੋ, ਉਸ ਵਿਚ ਆਪਣੇ ਜਸੂਸ ਘਸੇੜੋ। ਉਸ ਦੀਆਂ ਖੁਫੀਆ ਕਾਰਵਾਈਆਂ ਦੀਆਂ ਰਿਪੋਰਟਾਂ ਹਾਸਲ ਕਰੋ ਅਤੇ ਉਸ ਵਿਚ ਰੱਤੀ ਮਾਸਾ ਵੀ ਗ਼ੈਰ ਵਫਾਦਾਰੀ ਦੀ ਗੰਧ ਆਵੇ ਤਾਂ ਉਸ ਨੂੰ ਉਗਮਣ ਨਾ ਦਿਓ। ਸ਼ੁਰੂ ਵਿਚ ਹੀ ਕੁਚਲ ਦਿਓ।

ਗੁਰੂ ਰਾਮ ਸਿੰਘ ਜੀ ਨੇ ਜਿਹੜੀ ਕੁਰਬਾਨੀ—ਪੁੰਜ ਜਥੇਬੰਦੀ ਬਣਾਈ ਉਸ ਦੇ ਤਿੰਨ ਅੰਗ ਰਾਜਸੀ ਤੌਰ ਤੇ ਖਾਸ ਧਿਆਨ ਯੋਗ ਹਨ :

1. ਪੰਜਾਬ ਨੂੰ ਜਥੇਬੰਦ ਕਰਨ ਲਈ ਸੂਬਿਆਂ ਦੀ ਕਾਇਮੀ।

2 ਆਤਮ ਨਿਰਭਰਤਾ ਦਾ ਪ੍ਰੋਗਰਾਮ।

3. ਸਤਿਗੁਰੂ ਨਾਲ ਨਾਮਧਾਰੀ ਸਿੱਖਾਂ ਵਲੋਂ ਸ਼ਬਦ 'ਪਾਤਸ਼ਾਹ' ਜੋੜ ਦੇਣ।

ਉਤੇ ਦੱਸੇ ਕਾਰਨਾਂ ਕਰਕੇ ਬ੍ਰਿਟਿਸ਼ ਹਾਕਮ ਪਹਿਲੋਂ ਹੀ ਪੰਜਾਬ ਵਿਚ ਕਿਸੇ ਕਿਸਮ ਦਾ ਵੀ ਸੰਗਠਨ ਨਹੀਂ ਬਣਨ ਦੇਣਾ ਚਾਹੁੰਦੇ ਸਨ। ਪਰ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਗੁਰੂ ਦਿਆਂ ਸੂਬਿਆਂ ਤੇ ਨਾਇਬ ਸੂਬਿਆਂ ਨੇ ਸਿੱਖਾਂ ਦੀ ਜਥੇਬੰਦੀ ਦਾ ਕੰਮ ਅਰੰਭ ਕਰ ਦਿਤਾ ਅਤੇ ਦੋਹਾਂ ਤਿੰਨਾਂ ਸਾਲਾਂ ਵਿਚ ਲੱਖਾਂ ਸਿਰ ਲੱਥ ਨਾਮਧਾਰੀ ਜਥੇਬੰਦੀ ਦੀ ਮਜ਼ਬੂਤ ਲੜੀ ਵਿਚ ਪਰੋ ਦਿੱਤੇ। ਸੂਬਿਆਂ ਨੇ ਉਹ ਚਮਤਕਾਰ ਕਰ ਵਿਖਾਇਆ ਕਿ ਬ੍ਰਿਟਸ਼ ਹਾਕਮ ਉਹਨਾਂ ਦੀ ਜਥੇਬੰਦਕ ਯੋਗਤਾ ਤੇ ਹੈਰਾਨ ਪਰੇਸ਼ਾਨ ਹੋ ਗਏ। ਉਹ ਨਾਮਧਾਰੀ ਸੂਬਿਆਂ ਤੇ ਸਿੱਖਾਂ ਨੂੰ ਆਪਣੇ ਰਾਜ ਲਈ ਇਕ ਬਹੁਤ ਵੱਡਾ ਖਤਰਾ ਮਹਿਸੂਸ ਕਰਨ ਤੇ ਸਮਝਣ ਲੱਗ ਪਏ। ਆਪਣੇ ਗੁਰੂ ਦੇ ਸੱਦੇ ਤੇ ਇਹ ਸਿੱਖ ਕਿਸੇ-ਵੇਲੇ ਵੀ ਸਿਰ ਦੇਣ ਲਈ ਤਿਆਰ ਸਨ।

ਆਤਮ ਨਿਰਭਰਤਾ ਦਾ ਪ੍ਰੋਗਰਾਮ ਤਾਂ ਬ੍ਰਿਟਿਸ਼ ਰਾਜ ਦੇ ਸੱਤੀਂ ਕੱਪੜੀਂ ਅੱਗ-ਲਾਉਣ ਵਾਲਾ ਸੀ। ਨਾਮਧਾਰੀਆਂ ਲਈ ਹੁਕਮ ਸੀ ਕਿ ਘਰ ਦੇ ਕੱਤੇ ਕਪੜੇ ਬਣਾਏ ਪਹਿਨੋ, ਅੰਗਰੇਜ਼ੀ ਮਾਲ ਦਾ ਬਾਈਕਾਟ ਕਰੋ, ਆਪਣੇ ਝਗੜੇ ਪੰਚਾਇਤਾਂ ਵਿਚ ਨਿਪਟਾਓ, ਅਦਾਲਤਾਂ ਵਿਚ ਨਾ ਜਾਓ, ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਨਾ ਪੜ੍ਹਾਓ, ਸਰਕਾਰੀ ਡਾਕਖਾਨਿਆਂ ਤੇ ਤਾਰਘਰਾਂ ਨੂੰ ਵਰਤਣਾ ਛੱਡ ਦਿਓ। ਸ਼ਰਾਬ ਨਾ ਪੀਓ ਅਤੇ ਸਾਦਾ ਜ਼ਿੰਦਗੀ ਜੀਵੋ।

ਇਹ ਆਤਮ ਨਿਰਭਰਤਾ ਦਾ ਪ੍ਰੋਗਰਾਮ ਅੰਗ-ਰੇਜ਼ਾਂ ਦੀ ਰਾਜ ਮਸ਼ੀਨਰੀ ਨੂੰ ਚੈਲਿੰਜ ਸੀ। ਇਹ ਪ੍ਰੋਗਰਾਮ ਐਲਾਨ ਕਰਦਾ ਸੀ ਕਿ ਨਾਮਧਾਰੀ ਸਿੱਖ ਅੰਗਰੇਜ਼ਾਂ ਦੇ ਗ਼ੁਲਾਮੀ ਪ੍ਰਬੰਧ ਤੋਂ ਬਗੈਰ ਵੀ ਜ਼ਿੰਦਗੀ ਗੁਜ਼ਾਰ ਸਕਦੇ ਸਨ। ਚਿੱਠੀ ਪੱਤਰ ਦਾ ਆਪਣਾ ਪ੍ਰਬੰਧ ਕਰਨ ਦੇ ਅਰਥ ਇਹ ਸਨ ਕਿ ਗੌਰਮਿੰਟ ਨੂੰ ਆਪਣੀਆਂ ਖੁਫੀਆ ਕਾਰਵਾਈਆਂ ਤੋਂ ਜਾਣੂ ਨਾ ਹੋਣ ਦਿਤਾ ਜਾਵੇ। ਇਹ ਇਕ ਤਰ੍ਹਾਂ ਅੰਗਰੇਜ਼ ਰਾਜ ਨਾਲ ਨਾ-ਮਿਲਵਰਤਣ ਕਰਨ ਦੀ ਖੁਲ੍ਹੀ ਵਿਉਂਤ ਸੀ ਜਿਹੜੀ ਮਹਾਤਮਾ ਗਾਂਧੀ ਦੀ ਨਾ-ਮਿਲਵਰਤਨ ਤੋਂ ਵਧ ਜਾਂ ਘੱਟ ਪੰਜਾਹ ਸਾਲ ਪਹਿਲੋਂ ਗੁਰੂ ਰਾਮ ਸਿੰਘ ਨੇ ਵਜੂਦ ਵਿਚ ਲਿਆਂਦੀ ਸੀ।

ਅਤੇ ਤੀਜਾ ਅੰਗ 'ਸਤਿਗੁਰੂ ਪਾਤਸ਼ਾਹ' ਸੀ। ਅੰਗਰੇਜ਼ਾਂ ਦੇ ਸ਼ਬਦ ਕੋਸ਼ ਵਿਚ ਪਾਤਸ਼ਾਹ ਵਿਚੋਂ ਹੀ ਸੀ ਮਹਾਰਾਣੀ ਵਿਕਟੋਰੀਆ ਜਾਂ ਉਹਦੇ ਖਾਨਦਾਨ ਵਿਚੋਂ ਹੋਰ ਕੋਈ ਜਿਵੇਂ ਐਡਵਰਡ ਵਗੈਰਾ। ਗ਼ੁਲਾਮ ਹਿੰਦੁਸਤਾਨ ਵਿਚ ਕਿਸੇ ਗੁਰੂ ਜਾਂ ਆਗੂ ਨਾਲ 'ਪਾਤਸ਼ਾਹ' ਦਾ ਸ਼ਬਦ ਜੋੜਨਾ ਅੰਗਰੇਜ਼ ਰਾਜ ਵਿਰੁਧ ਬਗ਼ਾਵਤ ਕਰਨ ਦੇ ਸਮਅਰਥਕ ਗਰਦਾਨਿਆਂ ਜਾਂਦਾ ਸੀ।

ਇਸ ਲਈ ਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਸ਼ਰਧਾਲੂਆਂ ਵਲੋਂ 'ਪਾਤਸ਼ਾਹ' ਦਾ ਸ਼ਬਦ ਜੋੜਨਾ ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ ਕੂਕਾ ਤਹਿਰੀਕ ਨੂੰ ਬਾਗ਼ੀ ਠਹਿਰਾਂਦਾ ਸੀ। ਅੰਗਰੇਜ਼ ਹਾਕਮ ਇਹ ਸਮਝਣ



Sri Satguru Jagjit Singh Ji Elibrary NamdhariElibrary@gmail.com

ਦੀ ਸਮਰਥਾ ਨਹੀਂ ਸਨ ਰਖਦੇ ਜਾਂ ਨਹੀਂ ਸਨ ਸਮਝਣਾ ਚਾਹੁੰਦੇ ਕਿ ਗੁਰੂ ਰਾਮ ਸਿੰਘ ਜੀ ਸ਼ਰਧਾਲੂ ਸਿੱਖਾਂ ਦੇ ਦਿਲਾਂ ਦੇ ਰੂਹਾਨੀ ਪਾਤਸ਼ਾਹ ਹਨ।

ਇਸ ਲਈ ਅੰਗਰੇਜ਼ ਹਾਕਮਾਂ ਨੇ ਨਾਮਧਾਰੀਆਂ ਦੇ ਇਸ ਪ੍ਰੋਗਰਾਮ ਨੂੰ ਆਪਣੀ ਸਰਕਾਰ ਦੇ ਖਿਲਾਫ ਇਕ ਸਮਾਂਤਰ (ਪੈਰਲਲ) ਸਰਕਾਰ ਸਮਝਿਆ ਅਤੇ ਇਸ ਨਾਲ ਬਾਗ਼ੀਆਂ ਵਾਲਾ ਸਲੂਕ ਕੀਤਾ। ਅੰਗਰੇਜ਼ ਆਪਣੇ ਰਾਜ ਨੂੰ ਭਾਰਤ ਵਿਚ ਸਦੀਵੀ ਕਾਇਮ ਰੱਖਣ ਦੇ ਸੁਪਨੇ ਲੈ ਰਹੇ ਸਨ। ਉਹ ਪੰਜਾਬ ਵਿਚ ਤੇ ਹੋਰਥੇ ਕੋਈ ਤਹਿਰੀਕ ਨਹੀਂ ਸਨ ਉਠਣ ਦੇਣਾ ਚਾਹੁੰਦੇ। ਜਿਹੜੀ ਕਲ੍ਹ ਜਾਂ ਪਰਸੋਂ ਨੂੰ ਉਨ੍ਹਾਂ ਦੇ ਰਾਜ ਵਿਰੁਧ ਲੋਹਾ ਲੈਣ ਦੇ ਯੋਗ ਹੋ ਸਕੇ। ਉਹਨਾਂ ਦੇ ਜਾਸੂਸ ਪੰਜਾਬੀ ਲੋਕਾਂ ਦੀ ਨਿੱਕੀ ਨਿੱਕੀ ਗੱਲ ਦੀ ਰੀਪੋਰਟ ਦਿੰਦੇ ਸਨ। ਸਿੱਖਾਂ ਦਾ ਰਾਜ ਖੋਹਣ ਤੇ ਉਨ੍ਹਾਂ ਨਾਲ ਦਗਾ ਕਰਨ ਕਰਕੇ ਅੰਗਰੇਜ਼ ਹਾਕਮ ਆਪਣੇ ਰਾਜ ਲਈ ਸਿੱਖਾਂ ਤੋਂ ਬੜਾ ਖਤਰਾ ਮਹਿਸੂਸ ਕਰਦੇ ਸਨ। ਗੁਰੂ ਰਾਮ ਸਿੰਘ ਪਾਤਸ਼ਾਹ ਜੀ ਦੇ ਲਗਾਤਾਰ ਵਧ ਰਹੇ ਰਸੂਖ ਸੂਬਿਆਂ ਤੇ ਨਾਇਬ ਸੂਬਿਆਂ ਦੀਆਂ ਥਾਂ ਥਾਂ ਜਥੇਬੰਦਕ ਕਾਰਵਾਈਆਂ ਅਤੇ ਨਾਮਧਾਰੀ ਸੰਸਥਾ ਦੇ ਨਾਂ ਮਿਲਵਰਤਨੀ ਪ੍ਰੋਗਰਾਮ ਨੇ ਅੰਗਰੇਜ਼ ਰਾਜ ਦੇ ਕਰਤਿਆਂ ਧਰਤਿਆਂ ਨੂੰ ਇਕ ਦਮ ਚੌਕੰਨੇ ਤੇ ਸਾਵਧਾਨ ਕਰ ਦਿੱਤਾ ਅਤੇ ਉਹਨਾਂ ਨੇ ਇਸ ਤਹਿਰੀਕ ਨੂੰ ਕੁਚਲਣ ਲਈ ਰੱਸੇ ਪੈੜੇ ਵੱਟਣੇ ਸ਼ੁਰੂ ਕਰ ਦਿੱਤੇ।

ਇਸ ਪ੍ਰਸੰਗ ਵਿਚ ਅੰਗਰੇਜ਼ ਹਾਕਮਾਂ ਨੂੰ ਦੋ ਖ਼ਤਰਨਾਕ ਖਬਰਾਂ ਹੋਰ ਮਿਲੀਆਂ ਇਕ ਇਹ ਕਿ ਕੂਕੇ ਨੇਪਾਲ ਤੇ ਕਸ਼ਮੀਰ ਦੀਆਂ ਫੌਜਾਂ ਵਿਚ ਭਰਤੀ ਹੋ ਰਹੇ ਸਨ ਅਤੇ ਜੰਗ ਦੇ ਹਥਿਆਰਾਂ ਦੀ ਵਰਤੋਂ ਵਿਚ ਨਿਪੁੰਨਤਾ ਹਾਸਲ ਕਰ ਰਹੇ ਸਨ। ਦੂਜੇ ਇਹ ਕਿ ਉਹ ਜ਼ਾਰ ਰੂਸ ਨਾਲ ਆਦਾ ਸਾਦਾ ਕਰ ਰਹੇ ਸਨ। ਖੁਦ ਅੰਗਰੇਜ਼ ਹਾਕਮਾਂ ਨੇ ਹਿੰਦੁਸਤਾਨ ਭਰ ਵਿਚ ਚਿਰਾਂ ਤੋਂ ਇਹ ਪਰਚਾਰ ਸ਼ੁਰੂ ਕੀਤਾ ਹੋਇਆ ਸੀ ਕਿ ਹਿੰਦੁਸਤਾਨ ਨੂੰ ਰੂਸ ਤੋਂ ਖਤਰਾ ਹੈ। ਰੂਸ ਤੋਂ ਬੜਾ ਖਤਰਾ ਹੈ। ਰੂਸ ਦਾ ਜ਼ਾਰ ਬੜਾ ਖੂੰਖਾਰ ਤੇ ਜ਼ਾਲਮ ਬਾਦਸ਼ਾਹ ਹੈ। ਉਹ ਹਿੰਦੁਸਤਾਨ ਤੇ ਹਮਲਾ ਕਰਨ ਹੀ ਵਾਲਾ ਹੈ। ਅੰਗਰੇਜ਼ ਹਾਕਮ ਹਿੰਦੁਸਤਾਨ ਨੂੰ ਉਸ ਦੇ ਜ਼ਾਲਮ ਪੰਜੇ ਤੋਂ ਬਚਾ ਕੇ ਰਖਣਾ ਚਾਹੁੰਦੇ ਹਨ, ਵਗੈਰਾ ਵਗੈਰਾ। ਇਸ ਲਈ ਮਲੇਛ ਫਰੰਗੀਆਂ ਦੇ ਹੱਥ ਵਿਚ ਕੂਕਿਆਂ ਦੇ ਵਿਰੁਧ ਦੋ ਜ਼ਬਰਦਸਤ ਹਥਿਆਰ ਹੋਰ ਆ ਗਏ। ਉਹ ਇਸ ਤਰੀਕੇ ਤੇ ਵਾਰ ਕਰਨ ਲਈ ਤਿਆਰੀਆਂ ਕਰ ਹੀ ਰਹੇ ਸਨ ਜਦੋਂ ਅੰਮ੍ਰਿਤਸਰ ਤੇ ਰਾਏਕੋਟ ਵਿਚ ਨਾਮਧਾਰੀਆਂ ਵਲੋਂ ਬੁੱਚੜਾਂ ਦੇ ਕਤਲ ਕੀਤੇ ਜਾਣ ਨੇ ਉਹਨਾਂ ਨੂੰ ਵਾਰ ਕਰਨ ਦਾ ਮੌਕਾ ਮੁਹੱਈਆ ਕਰ ਦਿੱਤਾ।



Sri Satguru Jagjit Singh Ji Elibrary NamdhariElibrary@gmail.com

# ਜੰਗਿ ਆਜ਼ਾਦੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਆਤਮਾ ਸਿੰਘ ਲਖਤੂਣੀ

ਇਤਿਹਾਸ ਸਾਖੀ ਹੈ ਕਿ ਭਾਰਤ ਵਿਚ ਹੋਏ ਸਾਮਰਾਜੀ ਹੁਕਮਰਾਨਾਂ ਦੀ ਗ਼ੁਲਾਮੀ ਤੋਂ ਦੇਸ਼ ਨੂੰ ਆਜ਼ਾਦ ਕਰਨ ਕਰਵਾਉਣ ਵਾਸਤੇ ਧਾਰਮਿਕ ਮਹਾਂ ਪੁਰਸ਼ਾਂ ਵਿਚੋਂ ਜੋ ਰੋਲ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਉਤ੍ਰਾਧਿਕਾਰੀ ਗੁਰੂ ਸਾਹਿਬਾਂ ਨੇ ਕੀਤਾ ਹੈ, ਹੋਰ ਕਿਸੇ ਨੇ ਇੰਞ ਪੁਰਸ਼ਾਰਥ ਨਹੀਂ ਕੀਤਾ। ਜੇ ਇਹ ਵੀ ਆਖ ਲਿਆ ਜਾਵੇ ਕਿ ਭਾਰਤ ਵਿਚੋਂ ਗਵਾਚ ਗਈ ਹੋਈ ਆਜ਼ਾਦੀ ਨੂੰ ਲਭਣ ਵਾਸਤੇ ਸਭ ਤੋਂ ਪਹਿਲਾ ਕਦਮ ਕੇਵਲ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਂ ਨੇ ਹੀ ਚੁਕਿਆ ਸੀ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਤੋਂ ਲੈ ਕੇ ਜਿਥੇ ਸਾਰੇ ਗੁਰੂ ਸਾਹਿਬਾਨ ਸਮੇਂ ਸਮੇਂ ਮਾਨਵ ਉਧਾਰ ਤੇ ਸਮਾਜ ਸੁਧਾਰ ਵਾਸਤੇ ਨਾਮ, ਦਾਨ, ਇਸ਼ਨਾਨ, ਦਯਾ, ਧਰਮ, ਸਤਿ, ਸੰਤੋਖ, ਪਵਿਤ੍ਰਤਾ ਆਦਿਕ ਸ਼ੁਭ ਕੰਮਾਂ ਦਾ ਉਪਦੇਸ਼ ਦਿੰਦੇ ਰਹੇ, ਓਥੇ ਨਾਲ ਹੀ ਦੇਸ਼ ਦੀ ਆਜ਼ਾਦੀ ਵਾਸਤੇ ਸਾਮਰਾਜੀ ਹੁਕਮਰਾਨਾ ਦਾ ਵਖ ਵਖ ਢੰਗਾਂ ਦੁਆਰਾ ਮੁਕਾਬਲਾ ਕਰਦੇ ਰਹੇ, ਅਰ ਏਸੇ ਸਿਲਸਿਲੇ ਵਿਚ ਸ਼ਾਂਤਮਈ ਢੰਗ ਨਾਲ ਸ਼ਹੀਦੀਆਂ ਵੀ ਦਿਤੀਆਂ ਅਤੇ ਵਡੇ ਵਡੇ ਜੰਗ ਵੀ ਕੀਤੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਵੇਂ ਰਾਜਸੀ ਆਜ਼ਾਦੀ ਵਾਸਤੇ ਹਦ ਤੋਂ ਜ਼ਿਆਦਾ ਮੁਸੀਬਤਾਂ ਦਾ ਟਾਕਰਾ ਕਰਨਾ ਪਿਆ ਅਤੇ ਕਈ ਚਿਰ ਅਗਿਆਤ-ਵਾਸ ਦਾ ਜੀਵਨ ਵੀ ਬਤੀਤ ਕਰਨਾ ਪਿਆ। ਅਤੇ ਫਿਰ ਹਠੀ ਤੇ ਸੂਰਬੀਰ ਸਿਖਾਂ ਨੂੰ ਵੀ ਅਨਗਿਣਤ ਕੁਰਬਾਨੀਆਂ ਕਰਨੀਆਂ ਪਈਆਂ ਪਰ ਗੁਰੂ ਸਾਹਿਬਾਂ ਦੇ ਉਲੀਕੇ ਪ੍ਰੋਗਰਾਮ ਤੇ ਬਹਾਦਰ ਸਿੰਘਾਂ ਦੀਆਂ ਲਖਾਂ ਸ਼ਹਾਦਤਾਂ ਦੇ ਬਾਦ ਪੰਜਾਬ ਵਿਚ ਇਕ ਵਾਰੀ ਪੰਜਾਬੀਆਂ ਦਾ ਰਾਜ ਕਾਇਮ ਹੋ ਗਿਆ। ਆਖਣ ਨੂੰ ਭਾਵੇਂ ਉਸ ਰਾਜ ਨੂੰ ਇਸ ਵਾਸਤੇ ਸਿਖਾਂ ਦਾ ਰਾਜ ਆਖਿਆ ਗਿਆ ਕਿ ;ਪਹਿਲਾਂ ਆਜ਼ਾਦੀ ਦੀ ਬੁਨਿਆਦ ਹੀ ਗੁਰੂ ਸਾਹਿਬਾਂ ਰਖੀ, ਫਿਰ ਢਾਈ ਤਿੰਨ ਸੌ ਸਾਲ ਆਜ਼ਾਦੀ ਦੀ ਪ੍ਰਾਪਤੀ ਵਾਸਤੇ ਹਰ ਤਰ੍ਹਾਂ ਦੀ ਜਦੋਜਹਿਦ ਭੀ ਗੁਰੂ ਨਾਨਕ ਨਾਮ ਲੇਵਾ (ਸਿਖ) ਹੀ ਕਰਦੇ ਰਹੇ, ਜਦ ਕਿ ਹੋਰ ਕਈ ਸੰਪ੍ਰਦਾਵਾਂ ਤੇ ਸਮਾਜ ਵੀ ਏਥੇ ਵਸਦੇ ਰਸਦੇ ਸਨ ਪਰ ਤੁਰਕ ਸਾਮਰਾਜ ਦੀ ਗੁਲਾਮੀ ਦੇ ਖਾਤਮੇ ਵਾਸਤੇ ਜੋ ਗੁਰੂ ਸਾਹਿਬਾਂ ਤੇ ਉਨ੍ਹਾਂ ਦੇ ਅਨੁਯਾਈਆਂ ਨੇ ਪੁਰਸ਼ਾਰਥ ਕੀਤੇ, ਉਸ ਦੀ ਮਿਸਾਲ ਉਸ ਵੇਲੇ ਦੇ ਇਤਿਹਾਸ ਵਿਚੋਂ ਹੋਰ ਕਿਸੇ ਬਾਬਤ ਨਹੀਂ ਮਿਲਦੀ।

ਸਚਮੁਚ ਸ੍ਰੀ ਗੁਰੂ ਨਾਨਕ, ਸ੍ਰੀ ਕਲਗੀਧਰ ਪਾਤਸ਼ਾਹ ਦੇ ਚਲਾਏ ਪ੍ਰੋਗਰਾਮ ਦੇ ਫਲ਼ ਸਰੂਪ ਪੰਜਾਬ ਵਿਚ ੫੦-੬੦ ਸਾਲ ਖਾਲਸੇ ਦਾ ਉਹ ਰਾਜ ਹੋਇਆ। ਜਿਸ ਨੂੰ ਪੰਜਾਬੀਆਂ ਦਾ ਆਜ਼ਾਦ ਰਾਜ ਆਖਿਆ ਜਾ ਸਕਦਾ ਸੀ।

ਪਰ ਕੁਦਰਤ ਨੂੰ ਏਵੇਂ ਹੀ ਮਨਜ਼ੂਰ ਸੀ,



Sri Satguru Jagjit Singh Ji Elibrary NamdhariElibrary@gmail.com

ਜਿਵੇਂ ਬੰਦੇ ਬਹਾਦਰ ਦੇ ਵਕਤ ਕੁਝ ਸਿਖਾਂ ਸਾਮਰਾਜੀ ਹੁਕਮਰਾਨਾਂ ਦੇ ਝਾਂਸੇ ਵਿਚ ਆ ਕੇ ਪੰਜਾਬ ਵਿਚ ਗੁਲਾਮੀ ਦੀ ਉਮਰ ੮੦-੯੦ ਸਾਲ ਹੋਰ ਵਧਾ ਦਿਤੀ ਸੀ ਤੇ ਫਿਰ ਲੱਖਾਂ ਜਾਨਾਂ ਦੀ ਆਹੂਤੀ ਦੇ ਕੇ ਬੜੀ ਮੁਸ਼ਕਿਲ ਨਾਲ ਗਵਾਚੀ ਹੋਈ ਆਜ਼ਾਦੀ ਪ੍ਰਾਪਤ ਕੀਤੀ ਸੀ। ਓਵੇਂ ਖਾਲਸੇ (ਪੰਜਾਬੀਆਂ) ਦਾ ਰਾਜ ਉਸ ਵਕਤ ਦੇ ਸਵਾਰਥੀ ਤੇ ਖੁਦਗਰਜ਼ ਸਰਦਾਰਾਂ ਨੇ ਅੰਗਰੇਜ਼ਾਂ ਦੇ ਝਾਂਸੇ ਵਿਚ ਆ ਕੇ ਤਿੰਨ ਸੌ ਸਾਲ ਦੀਆਂ ਕੁਰਬਾਨੀਆਂ ਨਾਲ ਪ੍ਰਾਪਤ ਕੀਤਾ ਹੋਇਆ ਰਾਜ ਫਿਰ ਆਪਣੇ ਹਥੋਂ ਗਵਾ ਦਿਤਾ। ਪਰ ਵਤਨ ਗਦਾਰ ਕੁਝ ਸਿਖਾਂ ਸਰਦਾਰਾਂ ਵਲੋਂ ਇੰਦ ਆਪਸੀ ਫੁਟ ਤੇ ਅੰਗਰੇਜ਼ਾਂ ਦੀ ਕਪਟ ਨੀਤੀ ਕਾਰਨ ਰਾਜ-ਭਾਗ ਖੁਸ ਜਾਣ ਦੇ ਬਾਵਜੂਦ, ਗੁਰੂ ਨਾਨਕ ਪ੍ਰੰਪਰਾ ਤਾਂ ਸ੍ਰੀ ਕਲਗੀਧਰ ਜੀ ਨੇ ਜੋ ਆਪਣੀ ਰਹੱਸਮਈ ਨੀਤੀ ਨਾਲ ਕਾਇਮ ਰਖੀ ਹੋਈ ਸੀ, ਦੇ ਫਲ ਸਰੂਪ ਸਮਾਂ ਪਾ ਕੇ ਫਿਰ ਬਾਬੇ ਦੇ ਤਖਤ ਉਤੋਂ ਸਾਮਰਾਜੀ ਅੰਗਰੇਜ਼ ਦੀ ਹਕੂਮਤ ਦਾ ਮੁਕਾਬਲਾ ਕਰਨ ਵਾਸਤੇ ਸ੍ਰੀ ਦਸਮੇਸ਼ ਪਿਤਾ ਦੇ ਫਰਮਾਏ ਭਵਿਖਤ ਵਾਕਾਂ ਅਨੁਸਾਰ ਪਹਿਲਾਂ ਹਜ਼ਰੋ ਨਿਵਾਸੀ ਸਤਿਗੁਰੂ ਬਾਲਕ ਸਿੰਘ ਜੀ (ਜਿਨ੍ਹਾਂ ਨੂੰ ਕਲਗੀਧਰ ਪਾਤਸ਼ਾਹ ਨੇ ਸੰਮਤ ੧੮੬੯ ਨੂੰ ਆਪਣੇ ਥਾਂ ਗੁਰੂ ਨਾਨਕ ਪ੍ਰੰਪਰਾ ਦਾ ਗਿਆਰਵਾਂ ਉਤ੍ਰਾਧਿਕਾਰੀ ਨਿਯੁਕਤ ਕੀਤਾ ਹੋਇਆ ਸੀ) ਨੇ ਗੁਰਮਤ ਦਾ ਪ੍ਰਚਾਰ ਸੀਮਤ ਰੂਪ ਵਿਚ ਅਰੰਭ ਕੀਤਾ। ਫਿਰ ਸਮਾਂ ਪਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਜਿਨ੍ਹਾਂ ਦੀ ਬਾਬਤ ਸ੍ਰੀ ਦਸਮੇਸ਼ ਪਿਤਾ ਇਨ੍ਹਾਂ ਨੂੰ ਗੁਰਤਾ ਦੇਣ ਤੇ ਹੋਰ ਸਾਰੇ ਪ੍ਰੋਗਰਾਮ ਪਹਿਲੇ ਹੀ ਦਸ ਗਏ ਹੋਏ ਸਨ ਅਤੇ ਜਿਹੜੇ ੧੮੯੮ ਤੋਂ ਆਪਣੀ ਅਮਾਨਤ ਗੁਰੂ ਬਾਲਕ ਸਿੰਘ ਜੀ ਤੋਂ ਪ੍ਰਾਪਤ ਕਰਕੇ ਆਪਣੇ ਜਨਮ ਨਗਰਵਾਸੀਆਂ ਦੇ ਨੇੜੇ ਭੈਣੀ ਸਾਹਿਬ ਹੀ ਨਿਵਾਸ ਰਖ ਰਹੇ ਸਨ) ਸੰਮਤ ੧੯੧੪ ਦੀ ਵਿਸਾਖੀ ਨੂੰ ਮੁੜ ਉਵੇਂ ਪ੍ਰੋਗਰਾਮ ਚਾਲੂ ਕਰ ਦਿਤਾ। ਜਿਵੇਂ ਸੰਮਤ ੧੭੫੬ ਵਿਚ ਸ੍ਰੀ ਕਲਗੀਧਰ ਜੀ ਨੇ ਕੀਤਾ ਸੀ।

ਅਰਥਾਤ ਪਹਿਲਾਂ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਤਿਆਰ ਕਰਕੇ ਛਕਾਇਆ। ਫਿਰ ਆਮ ਅੰਮ੍ਰਿਤ ਪਰਚਾਰ ਸ਼ੁਰੂ ਕਰ ਦਿਤਾ। ਅਰ ਜਿਥੇ ਨਵੇਂ ਸਜੇ ਸਿੰਘਾਂ ਨੂੰ ਹਰ ਤਰ੍ਹਾਂ ਧਾਰਮਿਕ ਮਰਯਾਦਾ, ਸਮਾਜ ਸੁਧਾਰ ਸਦਾਚਾਰਕ ਕਰਤਵਾਂ ਦਾ ਉਪਦੇਸ਼ ਦਿਤਾ, ਓਥੇ ਨਾਲ ਹੀ ਵਕਤੀ (ਅੰਗਰੇਜ਼ੀ) ਹਕੂਮਤ ਦੀ ਗੁਲਾਮੀ ਨੂੰ ਖਤਮ ਕਰਨ ਵਾਸਤੇ ਆਪਣੇ ਅਦੁਤੀ ਢੰਗ ਨਾਲ ਜੰਗਿ ਆਜ਼ਾਦੀ ਦਾ ਵੀ ਬਿਗਲ ਵਜਾ ਦਿਤਾ।

ਸੰਮਤ ੧੯੧੪ ਤੋਂ ੧੯੨੯ ਤਕ ਜਿਥੇ ਸਾਰੇ ਪੰਜਾਬ ਵਿਚ ਗੁਰਮਤ ਪ੍ਰਚਾਰ ਦਾ ਹੜ ਆ ਗਿਆ ਤੇ ੧੦ ਲਖ ਦੇ ਕਰੀਬ ਨਾਮਧਾਰੀ ਸਿੰਘ ਸਜ ਗਏ। (ਜੋ ਇਕ ਰੀਕਾਰਡ ਸੀ, ਓਥੇ ਨਾਮਧਾਰੀਆਂ ਦੁਆਰਾ ਜੋ ਅੰਗਰੇਜ਼ਾਂ ਦੀ ਗੁਲਾਮੀ ਵਿਰੁਧ ਪੰਜਾਬ ਤੋਂ ਇਲਾਵਾ ਸਾਰੇ ਭਾਰਤ ਵਿਚ ਨਫ਼ਰਤ ਪੈਦਾ ਹੋ ਗਈ, ਉਸ ਨੇ ਅੰਗਰੇਜ਼ੀ ਸਰਕਾਰ ਦੀਆਂ ਲੰਦਨ ਤਕ ਕੰਧਾਂ ਕੰਬਾ ਦਿਤੀਆਂ। ਏਸੇ ਹੀ ਸਿਲਸਿਲੇ ਵਿਚ ਕੁਝ ਨਾਮਧਾਰੀਆਂ ਨੇ ਅੰਮ੍ਰਿਤਸਰ, ਰਾਇਕੋਟ, ਬਾਗਾਂ ਵਾਲਾ, ਮਲੇਰਕੋਟਲੇ ਆਦਿਕ ਥਾਵਾਂ ਉਤੇ (ਅੰਗਰੇਜ਼ਾਂ ਦੀ ਸ਼ਹਿ ਨਾਲ ਬੁਚੜਖਾਨੇ ਚਲਾ ਰਹੇ) ਗਊ-ਬਧ ਕਰਨ ਵਾਲੇ ਬੁਚੜਾਂ ਦਾ ਸਫਾਇਆ ਕਰ ਕੇ ਫਾਂਸੀਆਂ, ਤੋਪਾਂ ਦੁਆਰਾ ਸ਼ਹੀਦੀਆਂ ਪ੍ਰਾਪਤ ਕਰ ਕ ਦੇਸਾਂ ਪ੍ਰਦੇਸਾਂ ਵਿਚ ਇਕ ਵੇਰਾਂ ਤਰਥਲੀ ਮਚਾ ਦਿਤੀ।

ਜਦ ਅੰਗਰੇਜ਼ ਹੁਕਮਰਾਨਾਂ ਨੂੰ ਆਪਣੀ ਹਕੂਮਤ ਬਚਾਉਣ ਦਾ ਹੋਰ ਕੋਈ ਸਾਧਨ ਨਜ਼ਰ ਨਾ ਆਇਆ, ਤਾਂ ਵਤਨ ਗਦਾਰ ਸਿਖਾਂ ਦੇ ਸਹਿਯੋਗ ਨਾਲ ਸਰਕਾਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ। ਜਦੋਂ ਅੰਗਰੇਜ਼ੀ ਹਕੂਮਤ ਵਲੋਂ ਸ੍ਰੀ ਸਤਿਗੁਰੂ ਜੀ ਤੇ ਨਾਮਧਾਰੀਆਂ ਉਤੇ (ਜੰਗਿ ਅਜ਼ਾਦੀ ਨੂੰ ਰੋਕਣ ਵਾਸਤੇ) ਇਹ ਅਤਿ ਭਿਆਨਕ ਕਦਮ ਪੁਟਿਆ ਜਾ ਰਿਹਾ ਸੀ। ਉਸ ਵਕਤ ਨੂੰ ਕੇਵਲ ਉਹੋ ਨਾਮਧਾਰੀ ਹੀ ਜਾਣ ਸਕਦੇ ਹਨ, ਜਿਨ੍ਹਾਂ ਉਤੇ ਇਹ ਗੁਲਾਮੀ ਦਾ ਝਖੜ ਝੁਲ ਰਿਹਾ ਸੀ।

ਭਾਵੇਂ ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ਼ ਜਾਣ ਵੇਲੇ ਤ੍ਰੇਤੇ ਵਾਲੇ ਰਾਮ ਦੇ ਭਰਤ ਰੂਪੀ (ਸ੍ਰੀ ਬੁਧ ਸਿੰਘ ਨਾਮ



Sri Satguru Jagjit Singh Ji Elibrary NamdhariElibrary@gmail.com

ਵਾਲੇ) ਭਗਤਾਂ ਨੇ ਭਰਤ ਸਮਾਨ ਇਨਾਂ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਦੀਨ ਦਇਆਲ ਪਾਤਸ਼ਾਹ ਮੈਂ ਆਪ ਜੀ ਦੇ ਥਾਂ ਬਿਦੇਸ਼ ਜਾਂਦਾ ਹਾਂ ਤੇ ਜੋ ਕਸ਼ਟ ਅੰਗ੍ਰੇਜ਼ ਦੇਣਗੇ ਖਿੜੇ ਮਥੇ ਮੈਂ ਲਵਾਂਗਾ? ਜਿੰਨਾਂ ਦੋਸ਼ਾਂ ਕਰਕੇ ਇਹ ਆਪ ਜੀ ਨੂੰ ਕਿਧਰੇ ਲਿਜਾ ਰਹੇ ਹਨ ਉਹ ਦੋਸ਼ ਮੈਂ ਆਪਣੇ ਉਤੇ ਲੈਂਦਾ ਹਾਂ? ਪਰ ਆਪ ਕਿਰਪਾ ਕਰਕੇ ਸੰਗਤਾਂ ਨੂੰ ਦਰਸ਼ਨ ਦੇਵੋ।

ਪਰ ਭਾਣੇ ਦੇ ਮਾਲਿਕ ਸਤਿਗੁਰੂ ਜੀ ਨੇ ਹੁਕਮ ਕੀਤਾ 'ਭਾਈ ਬੁਧ ਸਿੰਘ ਪ੍ਰਦੇਸ਼ ਜਾਣ ਵਾਲਾ ਕੇਵਲ ਮੇਰਾ ਹੀ ਕੰਮ ਹੈ? ਸ੍ਰੀ ਕਲਗੀਧਰ ਮੇਰੇ ਵਾਸਤੇ ਇਹ ਪਹਿਲਾਂ ਹੀ ਹੁਕਮ ਕਰ ਗਏ ਹੋਏ ਹਨ।

ਤੁਸੀਂ ਦੇਹ ਦੀ ਕਾਰ ਤਕੜੇ ਹੋ ਕੇ ਚਲਾਵੋ। ਧੀਰਜ ਰਖੋ ਮੈਂ ਸਮਾ ਪਾਕੇ ਜਰੂਰ ਦੇਸ ਆਵਾਂਗਾ; ਧਰਮ ਦਾ ਰਾਜ ਸਥਾਪਤਿ ਹੋਵੇਗਾ। ਇਤਆਦਿਕ ਹੁਕਮ ਦੇ ਕੇ ਸਚੇ ਪਾਤਸ਼ਾਹ ਜੀ ੭ ਸੂਬਿਆਂ ਸਮੇਤ ੧੮ ਮਾਘ ਸੰਮਤ ੧੯੨੯ ਨੂੰ ਸ੍ਰੀ ਭੈਣੀ ਸਾਹਿਬ ਤੋਂ ਪ੍ਰਦੇਸ਼ ਵਲ ਪ੍ਰਸਥਾਨ ਕਰ ਗਏ।

ਵਕਤੀ ਹੁਕਮਰਾਨਾਂ ਨੂੰ ਕਈ ਨਾਮਧਾਰੀ ਸਿੰਘ ਤੋਪਾਂ ਨਾਲ ਉਡਾਏ ਜਾਣ ਫਾਂਸੀਆਂ ਤੇ ਲਟਕਾਏ ਜਾਣ ਕਾਲੇ ਪਾਣੀਆਂ ਵਲ ਭੇਜੇ ਜਾਣ ਤੇ ਅਰ ਸ੍ਰੀ ਸਤਿਗੁਰੂ ਜੀ ਨੂੰ ਜਲਾਵਤਨ ਕਰ ਦੇਣ ਦੇ ਬਾਵਜੂਦ ਵੀ ਸਬਰ ਨ ਆਇਆ।

ਇਕ ਪਾਸੇ ਸਚੇ ਪਾਤਸ਼ਾਹ ਜੀ ਨੂੰ ਬਿਦੇਸ਼ ਲਿਜਾਇਆ ਜਾ ਰਿਹਾ ਸੀ ਦੂਸਰੇ ਪਾਸੇ ਸ੍ਰੀ ਭੈਣੀ ਸਾਹਿਬ ਫੌਜੀ ਗਾਰਦ ਨੇ ਆ ਕੇ ਘੇਰਾ ਪਾਇਆ ਤੇ ਡੇਰੇ ਦੀ ਤਲਾਸ਼ੀ ਕਰਨੀ ਸ਼ੁਰੂ ਕਰ ਦਿਤੀ, ਜਦ ਅੰਦਰਾਂ ਵਿਚੋਂ ਸਿਵਾਏ ਲੰਗਰ ਦੇ ਰਸਦ ਪਾਣੀ ਦੇ ਹੋਰ ਕੁਝ ਨ ਲਭਾ ਤਾਂ ਲੰਗਰ ਤੇ ਤਬੇਲੇ ਵਾਲੇ ਅੰਦਰਾਂ ਵਿਚ ਖਾਤੇ ਪੁਟਣੇ ਸ਼ੁਰੂ ਕਰ ਦਿਤੇ ਗਏ ਕਿ ਸ਼ਾਇਦ ਹੇਠਾਂ ਕੋਈ ਜੰਗੀ ਸਮਾਨ ਦਬਿਆ ਹੋਵੇ? ਪਰ ਇਨਾਂ ਜਰਵਾਣਿਆਂ ਨੂੰ ਕੁਝ ਵੀ ਪ੍ਰਾਪਤ ਨ ਹੋਇਆ ਸਤਿਗੁਰੂ ਹਰੀ ਸਿੰਘ ਜੀ (ਸ੍ਰੀ ਬੁਧ ਸਿੰਘ ਦੇ ਰੂਪ ਵਿਚ) ਇਹ ਸਾਰਾ ਕੁਝ ਬੜੇ ਧੀਰਜ ਨਾਲ ਵੇਖ ਰਹੇ ਸਨ ਤੇ ਸਿਖਾਂ ਨੂੰ ਧੀਰਜ ਰਖਨ ਦਾ ਉਪਦੇਸ਼ ਦੇ ਰਹੇ ਸਨ।

ਜਦ ਪੁਲਸ ਤੇ ਸੈਨਿਕ ਕ੍ਰਮਚਾਰੀਆਂ ਨੂੰ ਡੇਰੇ ਵਿਚੋਂ ਕੋਈ ਇਤਰਾਜ਼ ਯੋਗ ਵਸਤੂ ਨ ਮਿਲੀ ਤਾਂ ਬੜੀ ਸ਼ਰਮਿੰਦਗੀ ਨਾਲ ਥਕ ਕੇ ਬੈਠ ਗਏ।

ਅਰ ਇਤਨਾ ਕੁਝ ਕਰ ਲੈਣ ਦੇ ਬਾਅਦ ਵੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀਆਂ ਵਲੋਂ ਜਾਰੀ ਕੀਤੇ ਜੰਗਿ ਆਜਾਦੀ ਦਾ ਸਹਿਮ ਅੰਗ੍ਰੇਜ਼ਾਂ ਦੇ ਅੰਦਰੋਂ ਨ ਗਿਆ। ਅਰ ਸ੍ਰੀ ਭੈਣੀ ਸਾਹਿਬ ਦੇ ਡੇਰੇ ਨੂੰ ਜੰਗਿਆਜ਼ਾਦੀ ਦਾ ਸੋਮਾ ਸਮਝਕੇ ਏਥੋਂ ਨਿਕਲਣ ਵਾਲੇ ਕਾਮਿਲ ਵਰਤੋਂ ਵਾਲੇ ਅਰੁਟ ਪ੍ਰਵਾਹ ਨੂੰ ਰੋਕਣ ਵਾਸਤੇ ਸ੍ਰੀ ਭੈਣੀ ਸਾਹਿਬ ਤੇ ਖਾਸ ਕਰਕੇ ਲੰਗਰ ਤੇ ਰਾਮਸਰ ਅਸਥਾਨਾਂ ਦੁਆਲੇ ਪਹਿਰਾ ਰਖਣ ਲਈ ਪੁਲਿਸ ਦੀ ਨਿਗਰਾਨ ਚੌਕੀ ਕਾਇਮ ਕਰ ਦਿਤੀ। ਜੋ ਤਕ੍ਰੀਬਨ ਅਧੀ ਸਦੀ ਬੈਠੀ ਰਹੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ (ਜੋ ਵੇਖਣ ਵਿਚ ਸਾਧਾਰਨ ਬ੍ਰਿਤੀ ਵਾਲੇ ਹੀ ਪ੍ਰਤੀਤ ਹੁੰਦੇ ਸਨ) ਜਿਸ ਨੀਤੀ ਨਾਲ ਇਨਾਂ ਅਤਿ ਦੁਖਦਾਈ ਦਿਨਾਂ ਦਾ ਟਾਕਰਾ ਕੀਤਾ। ਇਸਨੂੰ ਕੇਵਲ ਉਹ ਆਪ ਹੀ ਜਾਣਦੇ ਸਨ। ਬਾਹਰੋਂ ਸਾਧ ਸੰਗਤ ਦੇ ਰਸਦ ਪਾਣੀ ਆਉਣ, ਕਾਫੀ ਚਿਰ ਤੇ ਡੇਰੇ ਵਿਚੋਂ ਕਿਸੇ ਸੇਵਕ ਲਈ ਬਾਹਰ ਜਾਣਾ ਵੀ ਬੰਦ ਹੀ ਰਹਿਆ।

ਇਸ ਹਾਲਤ ਵਿਚ ਸਰਕਾਰੀ ਕ੍ਰਮਚਾਰੀ (ਨਿਗਰਾਨ ਚੌਕੀ ਵਾਲੇ) ਹੈਰਾਨ ਸਨ ਕਿ ਸ੍ਰੀ ਭੈਣੀ ਸਾਹਿਬ ਦਾ ਲੰਗਰ ਜੋ ਬਦਸਤੂਰ ਰੋ ਇਕ ਰਸ ਚਲ ਰਿਹਾ ਹੈ, ਇਹ ਕਿਵੇਂ ਚਲ ਰਹਿਆ ਹੈ?

ਜਿਥੇ ਉਸ ਵੇਲੇ ਪੁਲਿਸ ਦੇ ਸਿਪਾਹੀ ਸਰਕਾਰੀ ਹੁਕਮ ਦੇ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਚ ਚਲ ਰਹੇ ਲੰਗਰ ਪਸੂਆਂ ਤੇ ਘੋੜੀਆਂ ਆਦਿ ਦੇ ਪ੍ਰਬੰਧ ਦੀ ਇਕ ਇਕ ਪਲ ਦੀ ਨਿਗਰਾਨੀ ਰਖਦੇ। ਅਤੇ ਲੰਗਰ ਵਾਲੀ ਡਿਉਢੀ ਦੇ ਬਾਹਰ ਬੜਾ ਸਖਤ ਪਹਿਰਾ ਦਿੰਦੇ ਜੇਕਰ ਕੋਈ ਸਿੰਘ ਬਾਹਰੋਂ ਦਰਸ਼ਨਾਂ ਨੂੰ ਆਉਂਦੇ ਤਾਂ ਉਹਨਾਂ ਦੀ ਤਲਾਸ਼ੀ ਤੇ ਜ਼ਮਾਨਤ ਲੇ ਕੇ ਸਿਰਫ ਪੰਜਾਂ ਸਿੰਘਾਂ ਨੂੰ ਪ੍ਰਸ਼ਾਦ ਛਕਣ ਵਾਸਤੇ ਅੰਦਰ ਜਾਣ ਦਿਤਾ



Sri Satguru Jagjit Singh Ji Elibrary NamdhariElibrary@gmail.com

ਜਾਂਦਾ ਅਰ ਉਨ੍ਹਾਂ ਦੇ ਵਾਪਸ ਪਰਤਨ ਤੇ ਹੀ ਏਸੇ ਤਰਤੀਬ ਨਾਲ ਅੰਦਰ ਭੇਜਿਆਂ ਜਾਂਦਾ।

ਪਰ ਧੰਨ ਸਨ (ਪਹਿਲੇ ਨਾਮ ਵਿਚ) ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਧੰਨ ਸਨ ਉਸ ਵਕਤ ਦੇ ਨਿਕਟ ਵਰਤੀ ਸੇਵਕ (ਬਾਬੇ ਦਰਬਾਰਾ ਸਿੰਘ ਜੀ ਤੇ ਮਹੰਤ ਸੇਵਾ ਸਿੰਘ ਜੀ ਆਦਿਕ ਜੋ ਇਤਨੇ ਕਰੜੇ ਪਹਿਰੇ ਤੇ ਐਮਰਜੈਂਸੀ ਹਾਲਤ ਸਮੇਂ ਜਿਥੇ ਡੇਰੇ ਦਾ ਸਾਰਾ ਪ੍ਰਬੰਧ (ਗੁਪਤ ਨੀਤੀ ਨਾਲ) ਚਲਾਉਂਦੇ, ਉਥੇ ਸਮਾਂ ਮਿਲਣ ਤੇ ਬਾਬਾ ਦਰਬਾਰਾ ਸਿੰਘ ਜੀ ਲੁਧਿਆਣੇ ਸਰਕਾਰੀ ਦਫਤਰਾਂ ਵਿਚ ਭੋਲੇ ਭਾਲੇ ਬਣਕੇ ਸਚੇ ਪਾਤਸ਼ਾਹ ਦੀ ਸੂਹ ਬਾਬਤ ਪਤਾ ਕਰਦੇ ਰਹਿੰਦੇ। ਇਸੇ ਔਣ ਜਾਣ ਦੇ ਸਿਲਸਿਲੇ ਵਿਚ ਬਾਬਾ ਜੀ ਦਾ ਸੰਪਰਕ ਗੁਪਤ ਵਿਭਾਗ ਦੇ ਵਡੇ ਅਫਸਰ ਸ੍ਰੀ ਬਾਰਬਰਟਨ ਨਾਲ ਬਣ ਗਿਆ। ਉਸਦੀ ਮੇਮ ਬਾਬਾ ਜੀ ਦੇ ਦਰਸ਼ਨ ਤੋਂ ਬਹੁਤ ਪ੍ਰਭਾਵਤ ਸੀ ਤੇ ਜਦੋਂ ਕਦੇ ਬਾਬਾ ਜੀ ਦਫਤਰ ਜਾਂਦੇ ਤਾਂ ਉਹ ਬੜਾ ਸਤਿਕਾਰ ਕਰਿਆ ਕਰਦੀ। ਸਮਾਂ ਮਿਲਣ ਤੇ ਇਕ ਦਿਨ ਬਾਬਾ ਜੀ ਨੇ ਬੜੀ ਦੁਖਿਤ ਲਹਿਜੇ ਨਾਲ ਮੇਮ ਅਗੇ ਝੋਰਾ ਝੁਰਿਆ ਕਿ ਸਾਨੂੰ ਆਪਣੇ ਸਤਿਗੁਰੂ ਜੀ ਦੇ ਪ੍ਰਦੇਸ ਵਾਲੇ ਨਿਵਾਸ ਅਸਥਾਨ ਦਾ ਪਤਾ ਨਹੀਂ ਲਗ ਰਹਿਆ ?

ਮੇਮ ਨੇ ਬਾਬਾ ਜੀ ਨੂੰ ਹੌਂਸਲਾ ਦਿਤਾ ਕਿ ਜਦੋਂ ਤੁਸੀਂ ਮੁੜ ਕੇ ਦਫਤਰ ਆਉਗੇ ਤਾਂ ਇਹ ਸਾਰਾ ਪਤਾ ਕਰ ਦਿਤਾ ਜਾਵੇਗਾ।

ਕੁਝ ਦਿਨਾਂ ਬਾਦ ਜਦ ਬਾਬਾ ਜੀ ਉਸ ਦਫਤਰ ਵਿਚ ਗਏ ਤਾਂ ਮੇਮ ਨੇ ਬਾਰਬਰਟਨ ਦੀ ਮੌਜੂਦਗੀ ਵਿਚ ਹੀ ਬਾਬਾ ਜੀ ਨੂੰ ਪੁਛਿਆ ਸ੍ਰ: ਸਾਹਿਬ ਆਪ ਕੋ ਆਪਕੇ ਗੁਰੂ ਸਾਹਿਬ ਕਾ ਪਤਾ ਹੈ ? ਵੋਹ ਕਹਾਂ ਹੈ ? ਬਾਬਾ ਜੀ ਨੇ ਬੜੀ ਨਿੰਮ੍ਰਤਾ ਤੇ ਦਰਦ ਭਰੀ ਆਵਾਜ਼ ਵਿਚ ਆਖਿਆ ਮੇਮ ਸਾਹਿਬਾ ! ਜੇ ਪਤਾ ਲਗ ਜਾਂਦਾ ਤਾਂ ਦਰ ਦਰ ਭਟਕਦਾ ਕਿਉਂ ਫਿਰਦਾ ?

ਮੇਮ ਕਹਿਣ ਲਗੀ ਦੇਖੋ ਬਾਬਾ ਸਾਹਬ ਮੈਂ ਬਤਾਤੀ ਹੂੰ। ਅਗਰ ਤੁਮ ਲਿਖ ਜਾਣਨਾ ਹੋ ਤੋ ਲਿਖ ਲੋ ?

ਬਾਰਬਰਟਨ ਭਾਵੇਂ ਇਸ ਭੇਤ ਨੂੰ ਜ਼ਾਹਰ ਨਹੀਂ ਕਰਨਾ ਚਾਹੁੰਦਾ ਸੀ। ਪਰ ਆਪਣੀ ਮੇਮ ਸਾਹਿਬ ਨੂੰ ਦਸਣ ਤੋਂ ਰੋਕ ਨਹੀਂ ਸਕਦਾ ਸੀ।

ਜਦੋਂ ਉਹ ਕੁਝ ਇਤਰਾਜ਼ ਕਰਨ ਲਗਾ ਤਾਂ ਮੇਮ ਨੇ ਇਹ ਕਹਿਕੇ ਉਸਨੂੰ ਚੁਪ ਕਰਵਾ ਦਿਤਾ ਕਿ ਹਮਾਰੇ ਯਸੂਹ ਕੀ ਤਰਾਂ ਇਨ ਕੋ ਭੀ ਆਪਣਾ ਪੀਰ ਪਿਆਰਾ ਹੈ, ਦੇਖੋ ਉਸਦੀ ਤਲਾਸ਼ ਮੇਂ ਯੇਹ ਕੈਸੇ ਭਟਕ ਰਹਾ ਹੈ ? ਇਤਨਾ ਕਹਿ ਕੇ ਉਸ ਨੇਕਬਖਤ ਮੇਮ ਸਾਹਿਬਾ ਨੇ ਬਾਬੇ ਦਰਬਾਰਾ ਸਿੰਘ ਜੀ ਨੂੰ ਰੰਗੂਨ ਜਾਣ ਦਾ ਰਸਤਾ ਤੇ ਬੰਗਲੇ ਦਾ ਸਾਰਾ ਥਹੁ ਟਿਕਾਣਾ ਲਿਖਵਾ ਦਿਤਾ।

ਭੈਣੀ ਸਾਹਿਬ ਔਣ ਤੇ ਸਤਿਗੁਰੂ ਜੀ ਨੇ ਬਾਬਾ ਦਰਬਾਰਾ ਸਿੰਘ ਨੂੰ ਹੀ ਰੰਗੂਨ ਜਾਣ ਲਈ (ਸਾਰੀ ਨੀਤੀ ਸਮਝਾ ਕੇ) ਤਿਆਰ ਕਰ ਦਿਤਾ ਤੇ ਪੁਲਿਸ ਚੌਂਕੀ ਨੂੰ ਰਪਟ ਲਿਖਵਾ ਕੇ ਕਿ ਦਰਬਾਰਾ ਸਿੰਘ ਆਪਣੇ ਘਰ ਤੇ ਰਿਸ਼ਤੇਦਾਰਾਂ ਕੋਲ ਕਿਸੇ ਨਿਜੀ ਕੰਮ ਵਾਸਤੇ ਜਾ ਰਿਹਾ ਹੈ। ਉਸ ਨੂੰ ਰੰਗੂਨ ਭੇਜ ਦਿਤਾ।

ਉਸ ਵਕਤ ਜਦੋਂ ਹਕੂਮਤ ਵਲੋਂ ਨਾਮਧਾਰੀਆਂ ਦੁਆਲੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਦਾ ਜਾਲ ਲਗਾ ਹੋਇਆ ਸੀ। ਇਨ੍ਹਾਂ ਵਾਸਤੇ ਬਾਹਰ ਜੰਗਲ ਮੈਦਾਨ ਜਾਣਾ ਭੀ ਔਖਾ ਸੀ, ਨਾਮਧਾਰੀਆਂ ਬਾਬਤ ਹਮਦਰਦੀ ਵਜੋਂ ਸਰਕਾਰ ਨੂੰ ਕੁਝ ਆਖਣਾ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ। ਅਜਿਹੇ ਸਮੇਂ ਕਿਸੇ ਸਿੱਖ ਨੂੰ ਰੰਗੂਨ ਭੇਜਣਾ ਕਿਤਨਾ ਸੌਖਾ ਕੰਮ ਹੋਵੇਗਾ ? ਇਸ ਦਾ ਹਿਸਾਬ ਸਿਆਣੇ ਆਦਮੀ ਆਪ ਹੀ ਲਾ ਸਕਦੇ ਹਨ ?

ਸਤਿਗੁਰੂ ਜੀ ਬਾਬੇ ਦਰਬਾਰਾ ਸਿੰਘ ਦੀ ਗੈਰਹਾਜ਼ਰੀ ਨੂੰ ਪੁਲਿਸ ਨਾਲੋਂ ਜ਼ਿਆਦਾ ਮਹਿਸੂਸ ਕਰਦੇ ਰਹਿੰਦੇ ਤੇ ਨਾਲ ਹੀ ਉਸ ਦੀ ਰਛਾ ਲਈ ਹਰ ਵਕਤ ਨਾਮ ਦਾ ਸਿਮਰਨ ਕਰਦੇ ਤੇ ਚਿੰਤਾ ਵਿਚ ਕਈ ਕਈ ਦਿਨ ਪ੍ਰਸ਼ਾਦਾ ਵੀ ਨਾ ਛਕਦੇ।

ਬਾਬਾ ਦਰਬਾਰਾ ਸਿੰਘ ਨੇ ਵੀ ਜਿਸ ਤਰ੍ਹਾਂ ਗੁਰੂ ਹੁਕਮ ਦੀ ਪਾਲਣਾ ਕੀਤੀ ਅਰ ਗੁਪਤ ਨੀਤੀ



Sri Satguru Jagjit Singh Ji Elibrary NamdhariElibrary@gmail.com

ਅਨੁਸਾਰ ਜਿਵੇਂ ਰੰਗੂਨ ਤੋਂ ਆਪਣੇ ਪ੍ਰਦੇਸੀ ਪ੍ਰੀਤਮ ਸਤਿਗੁਰੂ ਜੀ ਦਾ ਹੁਕਮਨਾਮਾ ਲਿਆਉਣਾ ਉਸਨੂੰ ਕੇਵਲ ਉਹੋ ਜਾਂ ਓਧਰ ਚੀਨੀ ਵਾਲੇ ਪਾਤਸ਼ਾਹ ਅਰ ਏਧਰ ਸਤਿਗੁਰੂ ਹਰੀ ਸਿੰਘ ਜੀ ਜਾਣਦੇ ਸਨ। ਇਸ ਕੰਮ ਦਾ ਪਤਾ ਆਮ ਸੰਗਤ ਨੂੰ ਉਸ ਵਕਤ ਹੀ ਲਗਾ, ਜਦੋਂ ਉਸ ਨੇ ਆ ਕੇ ਉਹ ਹੁਕਮਨਾਮਾ ਸ੍ਰੀ ਭੈਣੀ ਸਾਹਿਬ ਦੀ ਸਾਧ ਸੰਗਤ ਨੂੰ ਸੁਣਾਇਆ ਜਿਸ ਵਿਚ ਲਿਖਿਆ ਸੀ :— "ਭਾਈ ਬੁਧ ਸਿੰਘ ਦਾ ਨਾਮ ਅੱਜ ਤੋਂ (ਸਤਿਗੁਰੂ) ਹਰੀ ਸਿੰਘ ਸਦਣਾ ! ਹੁਣ ਸੰਗਤ ਨੂੰ ਇਹ ਹਰੀ ਰਖੇਗਾ ! ਇਨ੍ਹਾਂ ਨੂੰ ਸਿਰ ਕਰਤਾ ਜਾਨਣਾ ਇਸ ਦੇ ਛੰਨੇ ਹੋਏ ਨੂੰ ਮੈਂ ਨਹੀਂ ਬਖਸ਼ ਸਕਾਂਗਾ ਪਰ ਮੇਰੇ ਛੰਨੇ ਨੂੰ ਇਹ ਬਖਸ਼ ਸਕੇਗਾ। ਆਦਿਕ

ਇਸ ਦੇ ਨਾਲ ਹੀ ਸਤਿਗੁਰੂ ਹਰੀ ਸਿੰਘ ਜੀ ਨੂੰ ਲੋਹ ਲੰਗਰ ਨੂੰ ਸਦੀਵ ਕਾਲ ਚਲਦੇ ਰਖਣ ਅਰ ਮੋਟਾ ਪਰਸ਼ਾਦਾ ਤੇ ਕਰੜਾ ਦਾਲਾ ਬਨਾਉਣ ਦਾ ਹੁਕਮ ਸੀ ਅਰ ਨਾਲ ਹੀ ਤਾਕੀਦ ਸੀ ਕਿ ਇਸ ਹੁਕਮਨਾਮੇ ਨੂੰ ਪੜ੍ਹਦਿਆਂ ਸਾਰ ਲੋਹ ਹੇਠਾਂ ਸੁਟ ਦੇਣਾ ਤਾਂ ਕਿ ਕਿਸੇ ਦੋਖੀ ਦੇ ਹੱਥ ਨਾ ਜਾਵੇ।"

ਇਸ ਤੋਂ ਬਾਦ ਬਹੁਤ ਸਾਰੇ ਸਿੰਘ ਜਿਥੇ ਸ੍ਰੀ ਸਤਿਗੁਰੂ ਜੀ ਤੋਂ ਹੁਕਮ ਲੈ ਕੇ ਦਸੀ ਹੋਈ ਨੀਤੀ ਅਨੁਸਾਰ ਸਮੇਂ ਸਮੇਂ ਅਨੇਕ ਮੁਸੀਬਤਾਂ ਝਾਕ ਕੇ ਰੰਗੂਨ ਜਾਂਦੇ ਰਹੇ, ਓਥੇ ਚੀਨੇ ਵਾਲੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਜਿਸ ਤਰ੍ਹਾਂ ਤਹਿਖਾਨੇ ਵਿਚ ਦਰਸ਼ਨਾਂ ਨਮਿਤ ਅਖੰਡ ਪਾਠ ਕਰਦੇ ਕਰਵਾਉਂਦੇ ਰਹੇ.ਉਹ ਵੀ ਘਟ ਰਾਣ ਵਾਲਾ ਕੰਮ ਨਹੀਂ ਸੀ। ਅਖੰਡ ਪਾਠਾਂ ਦੇ ਸਿਲਸਿਲੇ ਵਿਚ ਸਤਿਗੁਰੂ ਹਰੀ ਸਿੰਘ ਜੀ ਤੇ ਨਿਕਟਵਰਤੀ ਸੇਵਕਾਂ ਨੂੰ ਮੁਸ਼ਕਿਲ ਤੋਂ ਮੁਸ਼ਕਿਲ ਘਾਲਣਾ ਘਾਲਣੀਆਂ ਪੈਂਦੀਆਂ ਰਹੀਆਂ, ਸਗੋਂ ਇਕ ਵਾਰੀ ਗੁਫਾ ਵਿਚ ਹੋ ਰਹੇ ਅਖੰਡ ਪਾਠ ਦੀ ਲੋ ਨੂੰ ਤੋੜਨਾ ਵੀ ਪਿਆ, ਜਿਸ ਦੇ ਕਾਰਨ ਰੰਗੂਨ ਬੈਠੇ ਸਚੇ ਪਾਤਸ਼ਾਹ ਜੀ ਦੇ ਸਰੀਰ ਨੂੰ ਵੀ ਝਟਕਾ ਲਗਾ। ਪਰ ਏਧਰ ਗੁਰੂ ਜੀ ਹਰ ਔਕੜ ਦਾ ਮੁਕਾਬਲਾ ਕਰਦਿਆਂ ਹੋਇਆਂ ਆਪਣੇ ਪ੍ਰੋਗਰਾਮਾਂ ਨੂੰ ਜਾਰੀ ਹੀ ਰਖਦੇ।

ਸਮਾਂ ਪਾ ਕੇ ਇਕ ਜੋਤ ਦੋਇ ਮੂਰਤੀ ਟੁਟੀ ਗੰਢਣਹਾਰ ਗੁਪਾਲ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿਚ ਬਾਬਾ ਖੁਸ਼ਹਾਲ ਸਿੰਘ ਜੀ ਬਰਾਜ ਵਾਲਿਆਂ ਆਪਣੀਆਂ ਦੇਵ ਸਰੂਪ ਦੋ ਕੰਨਿਆ ਲਿਆ ਕੇ ਅਰਦਾਸ ਕਰਵਾ ਦਿਤੀਆਂ। ਪਰ ਇਸ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਵਿਚ ਅਠੇ ਪਹਿਰ ਸਤਿਗੁਰੂ ਹਰੀ ਸਿੰਘ ਜੀ ਦੀ ਅਮੋਘ ਨੀਤੀ ਤੇ ਸਰਕਾਰੀ ਕ੍ਰਮਚਾਰੀਆਂ ਵਲੋਂ ਕੀਤੀਆਂ ਜਾਂਦੀਆਂ ਵਧੀਕੀਆਂ ਦੀ ਟੱਕਰ ਲੱਗੀ ਰਹਿੰਦੀ। ਜਿਸ ਵਿਚ ਹਮੇਸ਼ਾਂ ਹੀ ਸਰਕਾਰੀ ਬੰਦਿਆਂ ਨੂੰ ਹਾਰ ਹੁੰਦੀ ਜਦੋਂ ੧੯੯੪ ਸੰਮਤ ਵਿਚ ਮਾਤਾ ਜੀਊਣ ਕੌਰ ਤੇ ਮਾਤਾ ਫਤਹ ਕੌਰ ਨਾਲ ਸਾਧ ਸੰਗਤ ਦੇ ਸਚੇ ਪਾਤਸ਼ਾਹ ਜੀ ਨੇ ਅਨੰਦ ਕਰਵਾ ਦਿਤਾ ਤਾਂ ਸਰਕਾਰੀ ਮੁਕਾਬਲੇ ਵਾਸਤੇ ਗੁਰੂ ਘਰ ਵਲੋਂ ਤਿੰਨ ਸਰੂਪ ਹੋ ਗਏ ਅਰ ਦੋਵੇਂ ਮਾਤਾ ਜੀ ਸਤਿਗੁਰੂ ਜੀ ਦੇ ਮੋਢੇ ਨਾਲ ਮੋਢਾ ਜੋੜ ਕੇ ਭਾਰਤ ਦੀ ਜੰਗਿ-ਆਜ਼ਾਦੀ ਦਾ ਸੰਘਰਸ਼ ਕਰਨ ਜੁਟ ਗਏ। ਅਰ ਜਦੋਂ ਕਦੇ ਦੂਰੋਂ ਦੂਰੋਂ ਨਾਮਧਾਰੀ ਸਿੰਘ ਦਰਸ਼ਨ ਕਰਨ ਭੈਣੀ ਸਾਹਿਬ ਆਉਂਦੇ ਤਾਂ ਉਹ ਡੇਰੇ ਤੋਂ ਹਟਵੇਂ ਰੇਤ ਦੇ ਟਿਬਿਆਂ ਦੇ ਉਹਲੇ ਹੀ ਰਹਿੰਦੇ ਤੇ ਜਿਥੇ ਸੱਚੇ ਪਾਤਸ਼ਾਹ ਜੰਗਲ ਦੇ ਬਹਾਨੇ ਜਲ ਦਾ ਗੜਵਾ ਲੈ ਕੇ ਉਨ੍ਹਾਂ ਨੂੰ ਦਰਸ਼ਨ ਦਿੰਦੇ, ਓਥੇ ਮਾਤਾ ਜੀ ਇਕ ਟੋਕਰੇ ਵਿਚ ਦਾਲਾ ਪ੍ਰਸ਼ਾਦਾ ਰਖ ਉੱਪਰ ਕਖ ਕਾਨਾ ਪਾ ਕੇ (ਕੂੜਾ ਖੇਤ ਵਿਚ ਸੁਟਣ ਦੇ ਬਹਾਨੇ) ਉਹਨਾਂ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ ਕਰਦੇ ਤੇ ਹੋਰ ਭੀ ਹਰ ਤਰ੍ਹਾਂ ਦੇ ਕੰਮਾਂ ਵਿਚ ਪੂਰੀ ਗੁਪਤ ਨੀਤੀ ਨਾਲ ਸਤਿਗੁਰੂ ਜੀ ਤੇ ਸੰਗਤ ਦਾ ਸਹਿਯੋਗ ਦਿੰਦੇ। ਇਹੋ ਵਜ੍ਹਾ ਸੀ ਕਿ ਇਕ ਦੋ ਵਾਰੀ ਇਨ੍ਹਾਂ ਪੂਜਯ ਸ੍ਰੀ ਮਾਤਾਵਾਂ ਨੂੰ ਵੀ ਪੁਲਸ ਦੀ ਹਿਰਾਸਤ ਵਿਚ ਕਸ਼ਟ ਸਹਾਰਨਾ ਪਿਆ।

ਭਾਵੇਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਾਹਮਣੇ ਸਰਕਾਰੀ ਪਾਬੰਦੀਆਂ ਅਤੇ ਰੰਗੂਨ ਜਾਣ ਆਉਣ ਵਾਲੇ ਸਿੰਘਾਂ ਦੇ ਫਿਕਰ ਸ੍ਰੀ ਭੈਣੀ ਸਾਹਿਬ ਦੀ ਮੁਖਤਾਰੀ ਸਾਂਭਣ ਦੀ ਇੱਛਾ ਰਖਣ ਵਾਲੇ ਕਈ ਸਰੀਰ, ਬੇਬੇ



Sri Satguru Jagjit Singh Ji Elibrary NamdhariElibrary@gmail.com

ਨੰਦਾਂ ਦੇ ਤਾਹਨੇ ਮਿਹਣੇ ਆਦਿਕ ਕਈ ਤਰ੍ਹਾਂ ਦੇ ਝਖੜ ਝਾਂਜੇ ਤੂਫਾਨਾਂ ਵਾਂਗ ਸਮੇਂ ਸਮੇਂ ਆਉਂਦੇ ਰਹੇ, ਪਰ ਸ਼ਾਂਤ ਮੂਰਤੀ ਸਤਿਗੁਰੂ ਜੀ ਹਰ ਹਾਲਤ ਸੁਮੇਰ ਵਾਂਗੂੰ ਅਡੋਲ ਰਹੇ। ਅਰ ਲੰਗਰ ਇਤਨੀ ਵੱਡੀ ਮਾਤ੍ਰਾ ਵਿਚ ਚਲਾਇਆ ਕਿ ਬੀਕਾਨੇਰ ਦੇ ਅਨੇਕਾਂ ਗਰੀਬ ਤੇ ਅਕਾਲ ਗ੍ਰਸਤ ਲੋਕਾਂ ਸ੍ਰੀ ਭੈਣੀ ਸਾਹਿਬ ਆ ਕੇ ਦਾਇਮੀ ਡੇਰੇ ਲਾ ਲਏ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਨ੍ਹਾਂ ਨੂੰ ਅੱਠੀਂ ਪਹਿਰੀਂ ਰਜਵਾਂ ਲੰਗਰ ਦਿਤਾ ਜਾਂਦਾ। ਬਹੁਤਾ ਚਿਰ ਰਹਿਣ ਕਰਕੇ ਤੇ ਸਰਕਾਰੀ ਰਪਟ ਦੇਣ ਉਤੇ ਇਕ ਵਾਰੀ ਉਹੋ ਬਾਰ ਬਾਟਨ ਸ੍ਰੀ ਭੈਣੀ ਸਾਹਿਬ ਇਹ ਮੌਕਾ ਵੇਖਣ ਆਇਆ ਤੇ ਹਜ਼ਾਰਾਂ ਬੰਦਿਆਂ (ਗਰੀਬਾਂ) ਨੂੰ ਛਾਉਣੀ ਪਾਈ ਬੈਠਿਆਂ ਵੇਖ ਕੇ ਬੜਾ ਹੈਰਾਨ ਹੋਇਆ ਕਿ ਜਿਸ ਥਾਂ ਦਾ ਲੰਗਰ ਬੰਦ ਕਰਨ ਵਾਸਤੇ ਹੁਣ ਤਕ ਅੰਗਰੇਜ਼ੀ ਹਕੂਮਤ ਸਾਰਾ ਜ਼ੋਰ ਲਾਉਂਦੀ ਹੈ, ਉਸ ਥਾਂ ਇਤਨਾ ਵੱਡਾ ਲੰਗਰ ਚਲ ਰਿਹਾ ਹੈ, ਜਿਸ ਦੀ ਸਾਰੇ ਹਿੰਦੁਸਤਾਨ ਵਿਚ ਵੀ ਮਿਸਾਲ ਨਹੀਂ ਮਿਲਦੀ। ਜਦੋਂ ਕਿ ਆਮ ਇਲਾਕਿਆਂ ਵਿਚ ਅਨਾਜ ਦਾ ਕਾਲ ਪਿਆ ਹੋਇਆ ਹੈ ਤੇ ਲੋਕ ਭੁਖੇ ਮਰਦੇ ਏਧਰ ਨੂੰ ਭਜੇ ਆ ਰਹੇ ਹਨ, ਪਤਾ ਨਹੀਂ ਏਥੇ ਇਤਨਾ ਵੱਡਾ ਪ੍ਰਬੰਧ ਕਿਵੇਂ ਤੇ ਕਿਥੋਂ ਕੀਤਾ ਜਾਂਦਾ ਹੈ ?

ਅਨੇਕਾਂ ਲੋਕਾਂ ਨੂੰ ਪ੍ਰਸ਼ਾਦਾ ਛਕਦਿਆਂ ਵੇਖ ਕੇ ਫਿਰ ਬਾਰਬਟਨ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕਰਨ ਵਾਸਤੇ ਨਿਵਾਸ ਅਸਥਾਨ ਤੇ ਆਇਆ ਤੇ ਬੜੇ ਅਦਬ ਨਾਲ ਅਰਜ਼ ਕੀਤੀ ਬਾਬਾ ਜੀ ਇਹ ਜੋ ਆਪਨੇ ਫਰੀ ਲੰਗਰ ਚਲਾ ਰਖਿਆ ਹੈ। ਇਸਦੇ ਵਾਸਤੇ ਅਨਾਜ ਵਗੈਰਾ ਕਿਥੋਂ ਤੇ ਕਿਵੇਂ ਆਉਂਦਾ ਹੈ ? ਸਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ—

"ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ"

ਅਰਥਾਤ ਸਾਡਾ ਸਾਰਾ ਪ੍ਰਬੰਧ ਅਕਾਲ ਪੁਰਖ ਵਲੋਂ ਹੀ ਹੁੰਦਾ ਹੈ।

ਬਾਬਾ ਜੀ ! ਆਪ ਯਹ ਲੰਗਰ ਕਿਤਨਾ ਚਿਰ ਚਲਾ ਸਕੋਗੇ ? ਬਾਰਬਟਨ ਨੇ ਪੁਛਿਆ ?

ਸ੍ਰੀ ਸਤਿਗੁਰੂ ਨੇ ਬਚਨ ਕੀਤਾ। 'ਜਿਤਨਾ ਚਿਰ ਸਤਿਗੁਰੂ ਜੀ ਨੂੰ ਮਨਜ਼ੂਰ ਹੋਵੇਗਾ' ਵੈਸੇ ਡੇਰੇ ਦੀ ਸਾਰੀ ਸਮਗ੍ਰੀ ਵੇਚ ਵੱਟ ਕੇ ਭੀ ਲੰਗਰ ਨੂੰ ਜਾਰੀ ਰਖਣ ਦਾ ਸਾਡਾ ਪ੍ਰੋਗਰਾਮ ਹੈ।

ਬਾਰਬਰਟਨ ਨੇ ਫਿਰ ਅਰਜ਼ ਕੀਤੀ ਕਿ ਬਾਬਾ ਜੀ ਜੇ ਹੁਕਮ ਦੇਵੋ ਤਾਂ ਮੈਂ ੮੦ ਮੁਰੱਬੇ ਜ਼ਮੀਨ ਇਸ ਲੰਗਰ ਕੇ ਲੀਏ ਲਾਇਲਪੁਰ ਜਾਂ ਸਰਗੋਧੇ ਦੀ ਬਾਰ ਵਿਚੋਂ ਦੇ ਦੇਵਾਂ ?

ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ। ਭਾਈ ! ਤੈਥੋਂ ਇਹ ਮੁਰੱਬੇ ਤਾਂ ਲਈਏ ਜੇ ਤੁਹਾਨੂੰ ਅਸੀਂ ਇਸ ਧਰਤੀ ਦਾ ਮਾਲਕ ਸਮਝੀਏ ? ਕੀ ਹੋਇਆ ! ਜੇ ਅਜ ਇਥੇ ਤੁਸੀਂ ਹਕੂਮਤ ਕਰਦੇ ਹੋ। ਪਰ ਇਹ ਦੇਸ ਸਾਡਾ ਹੀ ਹੈ ਤੇ ਸਾਡਾ ਹੀ ਰਹੇਗਾ ? ਤੇਰੇ ਕੋਲੋਂ ਇਹ ਖਰਾਇਤ ਕਿਉਂ ਲਈਏ ? ਤੂੰ ਉਨ੍ਹਾਂ ਮੁਰੱਬਿਆਂ ਦਾ ਕੀ ਲਗਦਾ ਹੈਂ ?

ਇਹ ਇਕ ਅਜਿਹਾ ਮੂੰਹ ਤੋੜਵਾਂ ਜਵਾਬ ਸੀ ਜਿਸ ਨੂੰ ਸੁਣਕੇ ਉਹ ਬਾਰਬਟਨ ਹੈਰਾਨ ਹੀ ਰਹਿ ਗਿਆ। ਤੇ ਸਾਥੀਆਂ ਨੂੰ ਕਹਿਣ ਲਗਾ ਕਿ ਇਹ ਕੂਕੇ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ ? ਸਰਕਾਰ ਅੰਗ੍ਰੇਜ਼ੀ ਇਹਨਾਂ ਨੂੰ ਦਬਾਉਣ ਤੇ ਵਰਗ ਲਾਉਣ ਵਾਸਤੇ ਸਾਰੇ ਪਾਪੜ ਵੇਲ ਚੁਕੀ ਹੈ, ਪਰ ਇਹ ਜਿਉਂ ਕੇ ਤਿਉਂ ਹੀ ਆਪਣੇ ਪੈਰਾਂ ਉੱਤੇ ਖੜੇ ਹਨ। ਵੇਖੋ ਮੈਂ ਆਪਣੇ ਵਲੋਂ ੮੦ ਮੁਰੱਬੇ ਜ਼ਮੀਨ ਦੇਣ ਵਾਲੀ ਬੜੀ ਦਲੇਰੀ ਕੀਤੀ ਸੀ। ਪਰ ਬਾਬਾ ਜੀ (ਸਤਿਗੁਰੂ ਜੀ) ਨੇ ਮੇਰੀ ਖਰਾਇਤ ਨੂੰ ਥੁਕ ਵਾਂਗੂ ਸੁਟ ਦਿਤਾ ਹੈ ?

ਭਾਵੇਂ ਅੰਗ੍ਰੇਜ਼ੀ ਸਰਕਾਰ ਦੀਆਂ ਸਖਤੀਆਂ ਤੇ ਪਾਬੰਦੀਆਂ ਤੋਂ ਇਲਾਵਾ ਉਸ ਵਕਤ ਹੋਰ ਭੀ ਕੁਝ ਸਥਾਨਿਕ ਪੁਲਸ ਅਧਿਕਾਰੀਆਂ, ਵਿਰੋਧੀ ਮੁਖਬਰਾਂ ਝੇਥੇ ਨੰਦਾਂ ਜੀ ਆਦਿਕਾਂ ਵਲੋਂ ਸ਼ਾਂਤ ਮੂਰਤੀ ਸ੍ਰੀ ਸਤਿਗੁਰੂ ਜੀ ਨੂੰ ਗਲਾਂ ਬਾਤਾਂ ਦੁਆਰਾ ਬਹੁਤ ਦੁਖੀ ਕਰਨ ਦੇ ਜਤਨ ਕੀਤੇ ਜਾਂਦੇ ਰਹੇ ਪਰ ਸਰਕਾਰੀ ਪਧਰ ਤੇ ਸਭ ਤੋਂ ਵਡੀ ਮੁਸੀਬਤ ਅੰਗ੍ਰੇਜ਼ੀ ਹਕੂਮਤ ਸਚੇ



Sri Satguru Jagjit Singh Ji Elibrary NamdhariElibrary@gmail.com

ਪਾਤਸ਼ਾਹ ਜੀ ਦੇ ਆਲੇ ਦੁਆਲੇ ੩੪ ਸਾਲ ਦਮਨ ਚਕਰ ਚਲਾਉਂਦੀ ਰਹੀ, ਪਰ ਸਰਬ ਸ਼ਕਤੀਮਾਨ ਸਤਿਗੁਰੂ ਜੀ ਦੀ ਰੰਹਸ ਮਈ ਨੀਤੀ ਉੱਤੇ ਕਿਸੇ ਤਰਾਂ ਦਾ ਕੋਈ ਅਸਰ ਨ ਹੋ ਸਕਿਆ ਹਾਲਾਂ ਕਿ ਮਾਈ ਅਤਰੀ ਤੇ ਤੇਲੀ, ਗੇਂਦਾ ਸਿਪਾਹੀ ਆਦਿਕ ਲਈ ਕੇਸ ਅਜਿਹੇ ਖਤਰਨਾਕ ਹੁੰਦੇ ਰਹੇ । ਜਿਨਾਂ ਵਾਸਤੇ ਹਕੂਮਤ ਸਤਿਗੁਰੂ ਜੀ ਨੂੰ ਕਈਆਂ ਢੰਗਾਂ ਨਾਲ ਤੰਗ ਕਰਦੀ ਰਹੀ ਪਰ ਧੰਨ ਸਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਪੂਜਯ ਮਾਤਾਵਾਂ (ਮਾਤਾ ਜੀਉਣ ਕੌਰ ਅਤੇ ਮਾਤਾ ਫਤਹ ਕੌਰ) ਅਥਵਾ ਉਸ ਵਕਤ ਦੇ ਨਿਕਟ ਵਰਤੀ ਪ੍ਰਬੰਧਕ ਸੇਵਕ ਜਿਨਾਂ ਨੇ ਜਿਥੇ ਸ੍ਰੀ ਭੈਣੀ ਸਾਹਿਬ ਦੇ ਕਾਰੋਬਾਰ ਤੇ ਲੰਗਰ ਨੂੰ ਬਦਸਤੂਰ ਜਾਰੀ ਰਖਿਆ, ਉਥੇ ਜੰਗਿ ਆਜ਼ਾਦੀ ਵਾਸਤੇ ਬਿਦੇਸੀ ਹਕੂਮਤ ਤੇ ਉਸਦੇ ਝੋਲੀਚੁਕਾਂ (ਗਦਾਰਾਂ) ਦਾ ਮੁਕਾਬਲਾ ਵੀ ੩੫ ਸਾਲ ਡੱਟ ਕੇ ਕਰਦੇ ਰਹੇ ।

ਧੰਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ




Gms : QuickLift PH: 33601

MEET YOUR LIFTING PROBLEMS WITH

QUICK LIFT®

CHAIN PULLEY BLOCKS

HOISTS, OVERHEAD TRAVELLING TROLLEYS, GANTRIES & SLINGS.

NATIONAL ENGINEER ENTERPRISES-REGD.

E-25, FOCAL POINT, LUDHIANA-141010.




Sri Satguru Jagjit Singh Ji Elibrary NamdhariElibrary@gmail.com

# ਤੋਪਾਂ ਗਰਜਦੀਆਂ ਗਈਆਂ

# ਤੇ

# ਕੂਕੇ ਅਗ੍ਹਾਂ ਵਧਦੇ ਗਏ

ਮਾਸਟਰ ਨਿਹਾਲ ਸਿੰਘ ਜੀ
ਪ੍ਰਧਾਨ ਨਾਮਧਾਰੀ ਦਰਬਾਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧ ਵੈਸਾਖ ੧੯੧੪ (13 ਅਪ੍ਰੈਲ 1857 ਈ:) ਨੂੰ ਸੰਸਾਰ ਤੇ ਸਤਿਜੁਗ ਲਾਉਣ ਦੀ ਖਾਤਰ, ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਧਰਤੀ ਤੇ ਚਿੱਟਾ ਝੰਡਾ ਗੱਡ, ਸਮੂਹ ਕੌਮਾਂ ਨੂੰ ਪ੍ਰੇਮ ਤੇ ਸ਼ਾਂਤਮਈ ਦਾ ਸੰਦੇਸ਼ ਦੇਂਦਿਆਂ, ਮਾਰੂ ਹਥਿਆਰਾਂ ਨੂੰ ਸਮੁੰਦਰ ਵਿਚ ਸੁੱਟ, ਦਸਾਂ ਨਵਾਂ ਦੀ ਕਿਰਤ ਕਰਦਿਆਂ, ਅਕਾਲ ਪੁਰਖ ਦੀ ਯਾਦ ਵਿਚ ਲੀਨ ਰਹਿ ਕੇ ਇਕ ਦੂਜੇ ਦੇ ਦੁੱਖ-ਸੁੱਖ ਵਿਚ ਭਾਈਵਾਲ ਬਣ, ਨਰੋਏ ਸਾਊਆਂ ਵਾਂਗੂ ਜੀਵਨ ਬਤਾਉਂਦਿਆਂ, ਹਸਦਿਆਂ, ਖੇਡਦਿਆਂ ਇਹ ਯਾਤਰਾ ਪੂਰੀ ਕਰਨ ਨਮਿਤ ਉਪਦੇਸ਼ ਦਿਤਾ। ਇਸਦੇ ਨਾਲ ਹੀ ਬਦੇਸ਼ੀਆਂ ਤੋਂ ਸਵੈਤੰਤ੍ਰਤਾ ਪ੍ਰਾਪਤ ਕਰਨ ਹਿਤ ਉਨ੍ਹਾਂ ਦੇ ਸਕੂਲਾਂ, ਕਚਹਿਰੀਆਂ, ਰੇਲ ਡਾਕ ਤਾਰ ਤੇ ਮਾਲ ਆਦਿ ਦੇ ਬਾਈਕਾਟ ਦਾ ਪ੍ਰੋਗ੍ਰਾਮ ਉਲੀਕਿਆ। ਆਪਣੇ ਪ੍ਰੋਗਰਾਮ ਨੂੰ ਸਫਲਤਾ ਦੀ ਟੀਸੀ ਤੇ ਪਹੁੰਚਾਉਣ ਖਾਤਰ ਪਿੰਡ ਪਿੰਡ ਦੇ ਦੌਰੇ ਅਰੰਭੇ। ਥੋੜ੍ਹੇ ਸਮੇਂ ਉਪ੍ਰੰਤ ਨੇਪਾਲ, ਕਾਬਲ, ਤੇ ਰੂਸ ਨਾਲ ਆਪਣੇ ਸਬੰਧ ਕਾਇਮ ਕਰਨ ਖਾਤਰ, ਕਸ਼ਮੀਰ ਦੇ ਰਾਜੇ ਨਾਲ ਗਲ ਬਾਤ ਕੀਤੀ। ਉਸ ਸਮੇਂ ਮਿਸਟਰ ਟੇਲਰ ਦੀ 1866 ਈ: ਵਿਚ ਲਿਖੀ ਚਿੱਠੀ ਨੇ ਸਰਕਾਰੀ ਹਲਕਿਆਂ ਵਿਚ ਭੜਥੂ ਪਾ ਦਿੱਤਾ, "ਕਿ ਮੇਰਾ ਵਿਸ਼ਵਾਸ ਹੈ ਕਿ ਇਹ ਕੂਕੇ ਸਰਕਾਰ ਨਾਲ ਟੱਕਰ ਲੈਣਗੇ।"—It is my thorough belief that these lads (Kukas) mean war sooner or later. ਇਸੇ ਤਰ੍ਹਾਂ 1868 ਵਿਚ ਇਕ ਰੇਲਵੇ ਕਰਮਚਾਰੀ ਮਿਸਟਰ ਡੇਵਨ ਵਲੋਂ ਲਾਰਡ-ਲਾਰਸ ਨੂੰ ਲਿਖੀ ਚਿੱਠੀ ਮਿਲੀ ਕਿ ਦੇਸ਼ ਵਿਚ ਇਕ ਭਯੰਕਰ ਲਾਵਾ ਉਬਲ ਰਿਹਾ ਹੈ। ਇਸ ਸਜਣ (ਸਤਿਗੁਰੂ ਰਾਮ ਸਿੰਘ) ਨੇ ਮਾਲਵੇ ਵਿਚ ਦੋ ਲਖ ਜਵਾਨ ਸਾਡੇ ਵਿਰੁਧ ਭਰਤੀ ਕਰ ਲਏ ਹਨ.........ਇਹ ਗੜਬੜ ਕਿਸੇ ਵੇਲੇ ਵਾਪਰ ਸਕਦੀ ਹੈ.........ਆਓ ਇਨ੍ਹਾਂ ਕਾਫ਼ਰਾਂ ਨੂੰ ਪਹਿਲਾਂ ਹੀ ਕੁਚਲ ਦੇਈਏ —A most dreadful thing is now going on in the country. This man (Satguru Ram Singh) now in Malwa, has gathered two lacs of persons to rebel against us. An inesrection is expected to take place some time in early part of the next year.........Let us rule with a rod of-iron knowing they are heathens and a godless people.

ਬਦੇਸ਼ੀਆਂ ਨੂੰ ਇਹ ਪਤਾ ਸੀ, ਕਿ ਸਿਖ ਰਾਜ ਵੇਲੇ ਗਊਬਧ ਪੂਰਨ ਰੂਪ ਵਿਚ ਬੰਦ ਸੀ ਤੇ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਸੀ ਇਸ ਕੁਟਲ ਨੀਤੀ ਨਾਲ ਦੇਸ਼ ਵਿਚ ਫਿਰਕੂ ਝਗੜਿਆਂ ਦੇ ਬੀ ਤਾਂ ਪਹਿਲਾਂ ਹੀ ਬੀਜ ਦਿਤੇ ਸਨ। ਉਨ੍ਹਾਂ ਅਣਖੀ ਸੂਰਿਆਂ ਦੀ ਬਲੀ ਲੈਣ ਤੇ ਹਿੰਦੂ ਸਿਖਾਂ ਦੀ ਗੈਰਤ ਨੂੰ ਪਰਖਣ ਖਾਤਰ ਪੰਜਾਬ ਵਿਚ ਤੇ ਖਾਸ ਕਰਕੇ ਧਰਮ ਅਸਥਾਨ ਦੇ ਨੇੜੇ ਗਊ ਮਾਸ ਵੇਚਣ ਦੀ



Sri Satguru Jagjit Singh Ji Elibrary NamdhariElibrary@gmail.com

ਖੁਲ ਦੇ ਕੇ ਚੈਲੇਂਜ ਕਰ ਦਿਤਾ ਸੀ । ਸ੍ਰੀ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੇ ਲਾਗੇ ਦੇ ਬੁਚੜ ਖਾਨੇ ਨੇ ਅਣਖੀਲਿਆਂ ਦੀਆਂ ਅਖਾਂ ਵਿਚ ਲਹੂ ਦੇ ਅਥਰੂ ਲੇ ਆਂਦੇ ਤੇ ਸਰੀਰ ਗਰਮ ਹੋ ਗਿਆ। ਉਨ੍ਹਾਂ ੧ ਹਾੜ ੧੯੨੮, 14-15 ਜੂਨ 1871 ਈ: ਦੀ ਰਾਤ ਨੂੰ ਕੂਕਿਆਂ ਨੇ ਗਊਆਂ ਛੁਡਾਉਣ ਖਾਤਰ ਬੁਚੜ ਖਾਨੇ ਤੇ ਹੱਲਾ ਬੋਲ ਦਿਤਾ ਤੇ ਕਈ ਬੁਚੜਾਂ ਨੂੰ ਮਾਰਿਆ ਸਿੰਘ ਆਪਣਾ ਕੰਮ ਕਰ ਨਿਕਲ ਗਏ ।

ਸਰਕਾਰ ਤਾਂ ਅਗੇ ਹੀ ਬਹਾਨਾ ਚਾਹੁੰਦੀ ਸੀ। ਉਸ ਬੇਦੋਸ਼ਿਆਂ ਨੂੰ ਪਕੜ ਉਹ ਗਿਦੜ ਕੁਟ ਚਾੜੀ ਕਿ ਚੰਗੇਜ਼ ਖਾਂ ਦੀ ਰੂਹ ਵੀ ਕੰਬ ਉਠੀ। ਨਤੀਜਾ ਇਹ ਨਿਕਲਿਆ ਕਿ ਉਹ ਬੇਗੁਨਾਹ ਹੁੰਦੇ ਹੋਏ ਵੀ ਜੋ ਪੁਲਿਸ ਨੇ ਆਖਿਆ ਮਨ ਗਏ। ਉਹ ਸ਼ੈਸ਼ਨ ਸਪੁਰਦ ਹੋ ਗਏ। ਜਦ ਉਹ ਕੂਕੇ ਸਿੰਘ ਸ੍ਰੀ ਭੈਣੀ ਸਾਹਿਬ ਪੁਜੇ ਅਤੇ ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਉਨ੍ਹਾਂ ਬਚਨ ਕੀਤਾ "ਭਾਈ ! ਬੀਜੋ ਤੁਸੀਂ ਤੇ ਵਢਣ ਹੋਰ, ਇਹ ਠੀਕ ਨਹੀਂ, ਜਾਓ ਬੇਦੋਸ਼ਿਆ ਨੂੰ ਛਡਾਓ ਤੇ ਆਪ ਸਜ਼ਾ ਭੁਗਤੋ।" ਇਹਨਾਂ ਧਰਮ ਬੀਰ ਉਸੇ ਸੈਸਨ ਦੀ ਕਚਹਿਰੀ ਵਿਚ ਪੇਸ਼ ਹੋ ਸਾਰੀ ਵਿਥਿਆ ਸੱਚ ਦਸ ਦਿਤੀ ਤੇ ਬੇਦੋਸ਼ਿਆ ਛੁਡਾਇਆ ਨੂੰ...... ਤੇ ਆਪ ਅਸੂ ੧੯੨੮ (15 ਸਤੰਬਰ 1871) ਨੂੰ ਰਾਮ ਬਾਗ ਵਾਲੀ ਥਾਂ ਤੇ ਬੋਹੜਾ ਨਾਲ ਹਸੂੰ ਹਸੂੰ ਕਰਦੇ ਗਲੀਂ ਰੇਸ਼ਮੀ ਰੱਸੇ ਪਾ ਅੰਤਮ ਝੂਟਾ ਲੈ ਗਏ। ਹਾਕਮ ਸਿੰਘ ਦੀ ਮਾਤਾ ਨੇ ਕੰਨੇ ਦੀਆਂ ਕੜੀਆਂ ਲਾਹ ਦਿਨ੍ਹਾਂ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ। ਮਾਈ ਗਡੇ ਤੇ ਲਕੜਾਂ ਲਿਆ ਰਹੀ ਸੀ ਨਾਲ ਪੜ੍ਹ ਰਹੀ ਸੀ—

ਆਓ ਲੋਕੋ ਰਲ ਵੇਖਣ ਚਲੀਏ ਆਸ਼ਿਕ ਸੂਲੀ ਚੜ੍ਹਦੇ,
ਚੜਦੇ ਚੜਦੇ ਕਰਨ ਮਜਾਕਾਂ ਮੌਤੋਂ ਮੂਲ ਨਾ ਡਰਦੇ,

ਰਾਏ ਕੋਟ ਦੇ ਸਾਕੇ ਸਬੰਧੀ ਪਿੰਡ ਦੇ ਮੰਗਲ ਸਿੰਘ, ਮਸਤਾਨ ਸਿੰਘ ਤੇ ਗੁਰਮੁਖ ਸਿੰਘ ਨੂੰ 5 ਅਗਸਤ 1871 ਨੂੰ ਸੂਰਜ ਦੀ ਟਿੱਕੀ ਨਾਲ ਫਾਂਸੀ ਚਾੜਿਆ ਗਿਆ, ਅਤੇ 26 ਨਵੰਬਰ 1871 ਨੂੰ ਗਿਆਨੀ ਸਿੰਘ ਤੇ ਰਤਨ ਸਿੰਘ ਨੂੰ ਵੀ ਜਿਨ੍ਹਾਂ ਨੂੰ ਕੇਵਲ ਲੋਕਾਂ ਤੇ ਦਬਾ ਪਾਉਣ ਖਾਤਰ ਮੁਕੱਦਮੇ ਵਿਚ ਘਸੀਟ, ਫਾਹੇ ਲਾ ਦਿਤਾ ਗਿਆ । ਉਨ੍ਹਾਂ ਵਿਚੋਂ ਗਿਆਨੀ ਸਿੰਘ ਨੇ ਝੂਟਾ ਲੈਣ ਤੋਂ ਪਹਿਲਾਂ ਗੋਰਿਆਂ ਦੇ ਚੈਲੰਜ ਨੂੰ ਪ੍ਰਵਾਨ ਕਰਦਿਆਂ, ਇਹ ਕਹਿ ਸ਼ਹਾਦਤ ਦਾ ਜਾਮ ਪੀਤਾ, "ਬਿਲਿਆ ਵੇਖ ਤਾਂ ਸਹੀਂ ! ਕਿਸੇ ਜੱਟੀ ਦਾ ਨੌ ਮਹੀਨੇ ਪੇਟ ਗੰਦਾ ਕਰ ਮੁੜ ਆਏ ਕੇ ਆਏ। ਜਦ ਤੱਕ ਤੈਨੂੰ ਦੇਸ਼ੋਂ ਕੱਢ ਨਹੀਂ ਲੈਂਦੇ ਜਨਮ ਧਾਰਦੇ ਰਹਾਂਗੇ, ਤੂੰ ਨਿਸਚਿੰਤ ਹੋ ਕੇ ਸੌਂ ਨਾ ਜਾਵੀਂ।"

ਮਲੇਰਕੋਟਲੇ ਦੇ ਸਾਕੇ ਨੇ ਹਕੂਮਤ ਦੀਆਂ ਚਕਰੀਆਂ ਭਵਾਂ ਦਿਤੀਆਂ; ਲੰਡਨ ਦੀਆਂ ਕੰਧਾਂ ਹੁਲਾਰੇ ਖਾਨ ਲਗ ਪਈਆਂ। ਕੂਕਿਆਂ ਤੇ ਬਿਨਾਂ ਮੁਕੱਦਮਾ ਚਲਾਏ, ਆਪਣੇ ਬਨਾਏ ਕਾਨੂੰਨ ਦੀ ਆਪ ਹੀ ਮਿਟੀ ਪਲੀਤ ਕਰਦਿਆਂ ਸ: ਹੀਰਾ ਸਿੰਘ ਤੇ ਲਹਿਣਾ ਸਿੰਘ ਨੂੰ ਤੇ ਉਨ੍ਹਾਂ ਦੇ 63 ਸਾਥੀਆਂ ਨੂੰ ਤੋਪਾਂ ਨਾਲ ਉਡਾ ਦਿਤਾ। ਤੇ ਬਿਸ਼ਨ ਸਿੰਘ ਜਿਸਨੂੰ ਸ੍ਰੀ ਮੰਤੀ ਕਾਵਨ ਨੇ ਬੱਚਾ ਜਾਣ ਛਡਣ ਦੀ ਅਪੀਲ ਕੀਤੀ ਸੀ, ਉਸਦੇ ਬੀਰ ਰਸ ਦੀ ਤਾਬ ਨਾ ਲਾਂਦਿਆਂ ਤਲਵਾਰ ਨਾਲ ਕੀਮਾਂ ਕੀਮਾਂ ਕਰ ਦਿਤਾ। ਇਸ 17-18 ਜਨਵਰੀ 1872 ਦੇ ਖੂਨੀ ਤੇ ਬੇਖੌਫ ਸੂਰਮਿਆਂ ਦੀ ਕੁਰਬਾਨੀ ਦਾ ਜ਼ਿਕਰ ਗਿਆਨੀ ਸਿੰਘ ' ਜੀ ਪੰਥ ਪ੍ਰਕਾਸ਼ ਵਿਚ ਇਉਂ ਕੀਤਾ ਹੈ—

ਸੰਮਤ ਉਨੀ ਸੈ ਅਠਾਈ,
ਕੂਕੇ ਮਿਲੇ ਤਬ ਆਈ ।
ਜੋ ਬੁਚੜ ਗਊਆਂ ਥੇ ਮਾਰਤ,
ਤਿੰਨ ਕੋ ਸੋ ਸਿੰਘ ਭਏ ਬਿਦਾਰਤ।
ਜਬ ਸਿੰਘ ਸਾਠ ਕੁ ਪਕੜੇ ਗਏ,
ਫੜੇ ਮਲੇਰਕੋਟਲੇ ਆਏ ।
ਉਨ ਹਿਤ ਹੁਕਮ ਅੰਗ੍ਰੇਜ਼ੀ ਆਇਓ,
ਦਿਨ ਕੋ ਤੋਪਨ ਸੰਗ ਉਡਾਯੋ।

Sri Satguru Jagjit Singh Ji Elibrary NamdhariElibrary@gmail.com

ਜਬ ਇਹ ਹੁਕਮ ਉਨੋ ਸੁਨ ਪਾਇਓ,
ਖੁਸ਼ੀ ਭਏ ਅਤਿਹੀਅ ਹੁਲ ਸਾਇਓ ।
ਮੁਖ ਪਰ ਲਾਲੀ ਚੜੇ ਵਧੇਰੇ,
ਗਾਵਤ ਗੁਰ ਕੇ ਸ਼ਬਦ ਉਚੇਰੇ ।
ਦੀਵੇਂ ਪਰ ਜਿਉਂ ਆਇ ਪਤੰਗੇ,
ਤਿਉਂ ਤੋਪਨ ਦਿਸ ਜਾਇ ਨਿਸੰਗੇ ।
ਉਡੇ ਖੁਸ਼ੀ ਹੂੰ ਹੂੰ ਕਰ ਸਾਰੇ,
ਜ਼ਰਾ ਨਾ ਕੀਨੇ ਪ੍ਰਾਣ ਪਿਆਰੇ ।
ਇਹ ਹਮਨੇ ਖੁਦ ਨੈਨ ਨਿਹਾਰੇ,
ਦੇ ਖਤ ਥੇ ਜੋ ਲੰਗ ਅਪਾਰੇ ।

## ਦਮਨ ਚੱਕਰ

ਇਧਰ ਸਿੰਘ ਤੋਪਾਂ ਨਾਲ ਉਡਾਏ ਜਾ ਰਹੇ ਸਨ । ਉਧਰ ਸ੍ਰੀ ਭੈਣੀ ਸਾਹਿਬੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਬਿਨਾ ਵਰੰਟ ਗ੍ਰਿਫਤਾਰ ਕਰ, ਬੰਗਾਲ ਰੈਗੂਲੇਸ਼ਨ (III) 1818 ਦੇ ਅਧੀਨ ਅਲ੍ਹਾਬਾਦ ਦੇ ਕਿਲ੍ਹੇ ਵਿਚ ਨਜ਼ਰ ਬੰਦ ਕਰ ਦਿਤਾ ਤੇ ਉਨ੍ਹਾਂ ਦੇ ਸੂਬਿਆਂ ਬਾਬਾ ਸਾਹਿਬ ਸਿੰਘ, ਕਾਹਨ ਸਿੰਘ, ਰੂੜ ਸਿੰਘ, ਪਹਾੜਾ ਸਿੰਘ, ਹੁਕਮਾ ਸਿੰਘ, ਮਾਨ ਸਿੰਘ ਜਵਾਹਰ ਸਿੰਘ, ਲੱਖਾ ਸਿੰਘ, ਬਰਮਾ ਸਿੰਘ ਤੇ ਸ: ਮੰਗਲ ਸਿੰਘ ਨੂੰ ਵੀ ਅਲ੍ਹਾਬਾਦ ਬੰਦ ਕਰ ਦਿਤਾ । ਪਿਛੋਂ ਸਤਿਗੁਰੂ ਜੀ ਨੂੰ ਤਾਂ ਰੰਗੂਨ ਬਹਾਦਰ ਸ਼ਾਹ ਵਾਲੇ ਬੰਗਲੇ ਭੇਜ ਦਿਤਾ ਤੇ ਸੂਬਿਆਂ ਨੂੰ ਅਦਨ, ਅਸੀਰ ਗੜ੍ਹ, ਚੁਨਾਰ, ਮੌਲਮੀਨ ਆਦਿ ਥਾਵਾਂ ਵਿਚ ਡਕ ਦਿਤਾ । ਸਰਦਾਰ ਮੰਗਲ ਸਿੰਘ ਨੂੰ ਮਹਾਰਾਜਾ ਪਟਿਆਲਾ ਵਲੋਂ ਸਫਾਰਸ਼ ਕਰਨ ਤੇ ਰਿਹਾ ਕਰ ਦਿਤਾ ਗਿਆ । ਸ੍ਰੀ ਭੈਣੀ ਸਾਹਿਬ ਨੂੰ ਪਾਣੀ ਹਾਂਡੇ ਤਕ ਪੁਟ, ਰੁਪਿਆ, ਗਹਿਣਾ ਗੱਟਾ ਸਭ ਖਜਾਨੇ ਪਾ ਦਿਤਾ ਤੇ ਡੇਰੇ ਦੇ ਆਸਰੇ ਤੇ ਪਲਣ ਵਾਲੇ ਨਿਆਸਰੇ ਸਿੰਘ ਸਿੰਘਣੀਆਂ ਨੂੰ ਸਿਰਾਂ ਤੇ ਪੋਟਲੀਆਂ ਧਰਾ ਘਰਾਂ ਨੂੰ ਤੋਰ ਦਿਤਾ । ਤੇ ਬੂਹੇ ਅਗੇ ਪੁਲਿਸ ਦੀ ਚੌਕੀ ਬਿਠਾ ਦਿਤੀ । ਕੂਕੇ ਪੰਥ ਨੂੰ ਗੈਰ ਕਨੂੰਨੀ ਜਮਾਤ ਕਰਾਰ ਦੇ ਦਿਤਾ ਗਿਆ । ਪੰਜਾਬ ਸਰਕਾਰ ਵਲੋਂ ਸਭ ਡਿਪਟੀ ਕਮਿਸ਼ਨਰਾਂ ਨੂੰ ਚਿੱਠੀਆਂ ਪੁਜ ਗਈਆਂ...... ਕੂਕੇ ਇਕੱਠੇ ਨਹੀਂ ਹੋ ਸਕਦੇ, ਸ਼ਬਦ ਪੜ੍ਹਨ ਖਾਤਰ ਧਰਮਸ਼ਾਲੀ ਵੀ ਜੋੜ ਮੇਲ ਨਹੀਂ ਕਰ ਸਕਦੇ । ਜੇ ਕਿਤੇ ਪੰਜ ਕੂਕੇ ਵੀ ਇਕੱਠੇ ਹੋਣ ਤਾਂ ਉਨ੍ਹਾਂ ਨੂੰ ਫੌਰਨ ਤਿੱਤਰ ਬਿਤਰ ਕਰ ਦਿਤਾ ਜਾਵੇ ।

Lahore Dated 26 Feb.

In continuation of circular No. 47, memo No. 11 of 23rd Jan. last ordering of Police to disperse all Kuka (Kooka) assemblies composed of five or more such persons. His Honour the Lt. Governor is pleased to direct that this procedure, shall extend to assembly of five or more Kukas held orderly secular meetings places, commonly called Dharmsalas.

Guru Ram Singh 'Kukas'
Page 199

ਇਥੇ ਹੀ ਬਸ ਨਹੀਂ ਕੋਈ ਮੁਲਾਜ਼ਿਮ ਜਿਹੜਾ ਸਰਕਾਰੀ ਨੌਕਰੀ ਵਿਚ ਰਹਿੰਦਿਆਂ ਕੂਕੇ ਵਿਚਾਰ ਧਾਰਨੀ ਹੋ ਗਿਆ ਸੀ, ਉਸਤੇ ਵੀ ਸਖਤੀਆਂ ਦੀ ਤੋਪ ਦਾਗ ਦਿਤੀ ਗਈ ਤੇ ਲੈਫਟੀਨੈਂਟ ਗਵਰਨਰ ਨੂੰ ਪੂਰੀ ਪੂਰੀ ਖੁਲ ਦਿਤੀ ਗਈ, ਕਿ ਉਹ ਉਸਨੂੰ ਗਰੇਚੁਟੀ ਦੇਵੇ ਜਾ ਨਾ ਦੇਵੇ ।

Document No. 56 C 13'1C Confidential No. 773 D/16th, April 1872. From E.C. Bayley Erg. C.S.I. secty. to the Govt. of India



Sri Satguru Jagjit Singh Ji Elibrary NamdhariElibrary@gmail.com

To

Secty. to the Govt. of the Punjab

In reply to your letter No. 111 D/ 15th ultimo

I am directed to state that the Governor General in council is pleased to authorise the dismissal of all the Kukas serving in the Punjab Police and the Lt. Governor is at liberty to act as may be considered necessary in regard to their gratuties on condition that no higher terms are conceded than would be given, if they had been discharged on reduction of their appointments.

## ਸ੍ਰੀ ਭੈਣੀ ਸਾਹਿਬ ਦੀ ਨਾਕਾ ਬੰਦੀ

ਸ੍ਰੀ ਭੈਣੀ ਸਾਹਿਬ ਨੂੰ ਬਾਗੀਆਂ ਦਾ ਤੇ ਗੜ ਸਮਝਿਆਂ ਜਾਣ ਲਗ ਪਇਆ । ਘਮੰਡਾ ਤੇ ਸੁਖੂ ਨੰਬਰਦਾਰ ਆਦਿਕ ਝੂਠੀਆਂ ਸੱਚੀਆਂ ਖਬਰਾਂ ਘੜ ਘੜ ਸਾਨ੍ਹੇਵਾਲ ਜਾਂ ਲੁਧਿਆਣੇ ਟੁਰੇ ਰਹਿਣ । ਜੇ ਕਿਤੇ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚੋਂ ਕੂਕਾ ਨਜ਼ਰ ਆ ਜਾਵੇ ਤਾਂ ਉਸਦੇ ਭਾਅ ਦੀ ਬਣ ਜਾਂਦੀ, ਪੁਲਿਸ ਵਾਲੇ ਪ੍ਰੇਮੀ ਨੂੰ ਧਰਤੀ ਤੇ ਲਿਟਾ, ਉਸਦੇ ਹੱਥ ਮੰਜੇ ਦੇ ਪਾਵਿਆਂ ਤੇ ਟਿਕਾ, ਉਪਰ ਬੈਠ ਹੁੱਕੇ ਦੇ ਕਸ਼ ਲਗਾਂਦੇ ਤੇ ਨਾਲ ਹੀ ਜੋ ਮੂੰਹ ਆਏ ਬਕੀ ਜਾਂਦੇ । Pioneer of freedom Struggle ਇਸ਼ਾਰਾ ਕਰਦਾ ਹੈ ।

There were growing wolves at the gate Sri Bhaini Sahib, who showed dreadful red teeth at the passers-by.

ਸਿੰਘ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਦੇ ਅਭਲਾਖੀ ਭੁਖੇ ਤਿਹਾਏ ਟਿਬਿਆਂ ਤੇ ਰਾਤ ਦਿਨ ਬਤੀਤ ਕਰਦੇ । ਜਦ ਕਦੇ ਮੌਕਾ ਮਿਲਦਾ ਮਾਤਾ ਜੀਵਨ ਕੌਰ, ਭਾਈ ਹਜ਼ਾਰਾਂ ਸਿੰਘ ਜਾਂ ਕੋਈ ਸੂਰਮਾਂ ਸਿਰ ਤਲੀ ਤੇ ਰੱਖ ਉਨ੍ਹਾਂ ਸਿੰਘਾਂ ਨੂੰ ਕਈ ਬਹਾਨਿਆਂ ਨਾਲ ਜਲ ਪਾਣੀ ਪਹੁੰਚਾਂਦਾ । ਸ: ਨਾਹਰ ਸਿੰਘ ਇਨ੍ਹਾਂ ਦਾ ਕਾਰਨ ਦਸਦੇ ਹੋਏ "ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿਖਜ਼ਮ" ਦੀ ਭੂਮਕਾਂ ਵਿਚ ਲਿਖਦੇ ਹਨ—

The headquarters at Bhaini Sahib were considered to be a breeding place of rebellion ......... Every Kooka while visiting his relatives and friends in the near by village had to inform the police authorities of the circle in which his village was situated and after reaching the village of his destination had to present himself personally before the officer incharge of the police post of the village concerned. Kookas as well as their gooroos or woman-folk and children underwent all these sufferings, hardships indignities and humiliation for two generations willingly and smilingly (Page XI, XII)

ਚਿੱੜੀਆਂ ਦੀ ਮੌਤ ਗਵਾਰਾਂ ਦਾ ਹਾਸਾ, ਪਰ ਇਹ ਕਹਾਵਤ ਇਥੇ ਨਹੀਂ ਢੁਕ ਸਕਦੀ । ਹਾਂ ਇਹ ਠੀਕ ਕਹਿਆ ਜਾ ਸਕਦਾ ਹੈ । ਸ਼ੇਰ ਪਿੰਜਰੀ ਤੇ ਗਿਦੜ ਗਲੀ ਪਾਉਣ । ਮਲੇਰਕੋਟਲੇ ਬਾਰੇ ਪੰਜਾਬ ਦੇ ਲਾਟ ਨੇ ਗਵਰਨਰ ਜਨਰਲ ਨੂੰ ਆਪਣੀ ਰਾਏ ਪ੍ਰਗਟ ਕਰਦਿਆਂ ਲਿਖਿਆ—ਤੋਪਾਂ ਨਾਲ ਉਡਾਇਆ ਜਾਣਾ ਬੜੀ "ਰਹਿਮਤ ਭਰੀ" ਤੇ ਅਸਰ-ਦਾਇਕ ਕਾਰਵਾਈ ਹੈ । ਹਾਲਾਂ ਕਿ ਗਵਰਨਰ ਜਨਰਲ ਦੀ ਕੌਂਸਲ ਦੇ ਇਕ ਮੈਂਬਰ ਨੇ ਪੰਜਾਬ ਲਾਟ ਦੇ ਸ਼ਬਦਾਂ ਦੀ ਹਸੀ ਉਡਾਂਦਿਆ ਕਹਿਆ "ਰਹਿਮਤ ਭਰੀ" ਸ਼ਬਦ ਕਹਿ



Sri Satguru Jagjit Singh Ji Elibrary NamdhariElibrary@gmail.com

ਭਾਸ਼ਾ ਦਾ ਅਪਮਾਨ ਕਰਨਾ ਹੈ......ਤੇ ਮਨੁਖਤਾ ਵਾਸਤੇ ਜਾਂਗਲੀ ਪਨ ਜਿਹੜਾ ਸਾਊ ਲੋਕਾਂ ਨੂੰ ਨਹੀਂ ਸ਼ੋਭਦਾ ।

**Blowing from guns is an impressive and merciful manner of execution. (Lt. Governor of the Punjab 1872)**

**To apply such term as or Merciful to such punishment is a strange mis-use of the language. Repugnant to humanity and a punishment unfit to be inflicted by civilised man.**

Lard Napter
(A member of Governer
general's council 1872)

ਆਮ ਪ੍ਰਸਿਧ ਹੈ, ਆਪਣਾ ਮਾਰੇਗਾ ਤਾਂ ਛਾਵੇਂ ਸੁਟੇਗਾ ਮਗਰ ਬਦੇਸ਼ੀਆਂ ਆਪਣੇ ਹਿਤੈਸ਼ੀਆਂ ਅੰਦਰ ਉਹ ਫੂਕ ਭਰੀ ਕਿ ਉਹ ਕੂਕਿਆਂ ਹਿਤ, ਗੋਰਿਆਂ ਨਾਲੋਂ ਵੀ ਨਿਰਦਈ ਸਿਧ ਹੋਏ । ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਜਾਣ ਤੇ ਥਾਂ ਥਾਂ ਦੀ ਵਹਿਸ਼ੀਆਨਾ ਕਾਰਵਾਈਆਂ ਕਾਰਨ ਸਾਊ ਸੰਸਾਰ ਵਿਚ ਤਾਂ ਹਾਹਾਕਾਰ ਮੱਚੀ ਹੋਈ ਸੀ ਮਗਰ ਗੁਰੂ ਗੋਬਿੰਦ ਸਿੰਘ ਦੇ ਲਾਡਲੇ ਅਖਵਾਉਣ ਵਾਲੇ ਸਰਦਾਰ, ਜਾਗੀਰਦਾਰ ਤੇ ਰਾਜੇ ਮਹਾਰਾਜੇ ਕੌਮੀ ਪ੍ਰਵਾਨਿਆਂ ਨੂੰ ਦੋਸ਼ੀ ਤੇ ਹਾਕਮਾਂ ਨੂੰ ਨੇਕ ਸ਼ੇਰਵਾਂ ਦਸ ਰਹੇ ਸਨ ।

"ਕਲੇਜਾ ਥਾਮ ਕਰ ਸੁਨਨਾ,
ਦਿਲ ਜਲੇ ਫਰਯਾਦ ਕਰਤੇ ਹੈ ।"

ਪਰ ਇਹ ਦਿਲ ਜਲਿਆਂ ਦੀ ਫਰਿਆਦ ਨਹੀਂ. ਇਹ ਤਾਂ ਲਹੂ-ਮਾਸ ਦੀ ਸਾਂਝ ਰਖਣ ਵਾਲਿਆਂ ਵਲੋਂ ਅਤੀ ਨਿਰਦਈਆਨਾ ਰੁਖਾ, ਕੋਝਾ, ਰਵੱਈਆ ਹੈ । ਪ੍ਰਿੰਸ ਆਫ ਵੇਲਜ਼ ਬੀਮਾਰੀ ਤੋਂ ਰਾਜ਼ੀ ਹੋਇਆ ਤਾਂ ਇਨ੍ਹਾਂ ਸਰਦਾਰਾਂ ਆਪਣੇ ਆਕਾ ਗੋਰਿਆਂ ਨੂੰ ਪ੍ਰਸੰਨ ਕਰਨ ਲਈ ਪੰਜਾਬ ਲਾਟ ਨੂੰ ਵਧਾਈ ਦੇਂਦਿਆ ਕੂਕਿਆਂ ਨੂੰ ਪਾਣੀ ਪੀ ਪੀ ਕੋਸਿਆ, ਰੱਜ ਰੱਜ ਕੇ ਗਾਲੀ ਕਢੀਆਂ, ਤੇ ਲੁਚੇ, ਲਫੰਗੇ ਤੇ ਭੁਲੜ ਕਹਿ ਪੁਕਾਰਿਆ । ਇਹ ਐਡਰੈਸ:—

ਸਰਦਾਰ ਦਇਆਲ ਸਿੰਘ ਮਜੀਠਾ ਨੇ ਪੁਜਾਰੀਆਂ ਤੇ ਸਰਦਾਰਾਂ ਵਲੋਂ ਉਰਦੂ ਵਿਚੋ ਪੜ੍ਹਿਆ ਗਿਆ—

## ਝੋਲੀ ਚੁੱਕਾਂ ਦਾ ਚਿੱਠਾ

The hon'ble Lt Governor of the Punjab

"We the undersigned Sikhs of all classes of Amritsar, beg unanimously submit that we have no connection or sympathy what ever with the Kuka sect, which has recently become notorious. On the contrary we greatly differ from them on the most religous principles. We are happy that the Govt. has adopted most appropriate and excellent measures for controlling this wicked and misguided sect especially as the measures in question are calculated to deter ill-disposed people from committing mischief in future and in the event of any member of this deproved sect, Committing crime to even suspiction falling on people of other sects as happened in the case of murder of the butchers at 'Amritsar. Moreover the Kookas do not differ from us in religious principles only they me be said our mortal enemies. Since by their misconduct and evil designs, they injured



Sri Satguru Jagjit Singh Ji Elibrary NamdhariElibrary@gmail.com

our honour in estimation of the Govt. and well-high levelled with dust, the services performed in 1857, through which we were regarded as well-wishers and loyal subjects by the Govt; But as the sproverb says "Truth is invuldverable." The Govt has found out that we had no share in the proceedings of the sect. As regarding the sect as our enemies, we are thankful to the Govt. for their action, which have been adopted. where by the desires of hearts have been fulfilled.

Signed by :- S. Bakhshish Singh Sandhawalia, S. Bhagwan Singh, S. Dyal Singh Majitha, S. Jwahar Singh Jhafarwal, S. Maugail Singh Ramgarhia, manager of Durbar Sahib. S. Goolab Singh Bhagowalia, S. Ajit Singh Akal bunga, Bh. Bhagat Singh Granthi, Bh. Jassa Singh, Bh. Hira Singh Granthi :

## ਲਾਟ ਦਾ ਉੱਤਰ

The reply made by the Governor.

D/May 16, 1872

Certain misguided and desperate members of that new sect, have been guilty of the most serious crime. With the most cruel fanaticism, they have murdered sleepingmen, women, and children under cover of night, in quest of plunder, they attacked the residence of a most respectable chief. Severely wounded his son and slow his servants. They attempted to seize the town of Malerkotla with the arms and treasures appertaining to the state for years together during the toleration extended by the British to every form of Divine worship they have secretly plotted against it and under pretence of religons meetings have committed to hatch murder, rape and treason.

He praised these Sikhs for coming out to condemn the action of Kookas. S. Mangal Singh Ramgarhia was given a Khillat at this very Durbar at Amritsar for organising this command performance of course. From documents Book II Garu Ram Singh, Kookas Page 224-225.

## ਮਹਾਰਾਜਾ ਮੁਹਿੰਦਰ ਸਿੰਘ ਦੀ ਚਿੱਠੀ

ਬਲਦੀ ਤੇ ਸਾਰੇ ਤੇਲ ਪਾਂਦੇ ਹਨ। ਮਹਾਰਾਜ ਮੁਹਿੰਦਰ ਸਿੰਘ ਨੇ ਵੀ ਘਟ ਨਾ ਕੀਤੀ। ਮਹਾਰਾਜੇ ਨੇ ਇਕ ਚਿੱਠੀ ਲਿਖੀ ਕਿ ਕਾਫ਼ੀ ਸਬੂਤਾਂ ਤੋਂ ਪਤਾ ਲਗਦਾ ਹੈ ਕਿ (ਸਤਿਗੁਰੂ) ਰਾਮ ਸਿੰਘ ਦਾ ਮਨਸ਼ਾ ਰਾਜ ਲੈਣ ਦੀ ਇਛਾ ਸੀ। ਅਤੇ ਉਸਨੇ ਧੋਖੇ ਨਾਲ ਆਪਣੇ ਬੇਸਮਝ ਸਿੱਖਾਂ ਦੇ ਮਨਾਂ ਵਿਚ ਬੈਠਾ ਦਿਤਾ ਸੀ, ਕਿ ਥੋੜੇ ਸਮੇਂ ਅੰਦਰ ਦੇਸ਼ ਵਿਚ ਉਨ੍ਹਾਂ ਦਾ ਰਾਜ ਹੋਵੇਗਾ। ਉਨ੍ਹਾਂ ਦੇ ਬਹੁਤ ਸਾਰੇ ਕਟੜ ਤੇ ਅੰਧ ਵਿਸਵਾਸ਼ੀ ਸਿਖ ਇਨ੍ਹਾਂ ਗਲਾਂ ਤੇ ਵਿਸਵਾਸ਼ ਰਖਦੇ ਹੋਏ ਆਪਣੀ ਜਾਨ ਤੇ ਮਾਲ ਦੀ ਪ੍ਰਵਾਹ ਨਹੀਂ ਕਰਦੇ। ਉਹ ਸਤਿਗੁਰਾਂ ਦੀ ਖੁਸ਼ੀਆਂ ਲੈਣ ਖਾਤਰ ਤਿਆਰ ਰਹਿੰਦੇ ਹਨ। ਉਨ੍ਹਾਂ ਨੂੰ ਪੂਰੀ ਆਸ ਸੀ ਇਸ ਵਾਸਤੇ ਉਨ੍ਹਾਂ ਨੇ ਖਿਰਨਤ ਹਥਿਆਰ ਗਊ-ਬੰਧ ਨਾਲ ਉਕਸਾਇਆ.........ਜਿਵੇਂ 1857 ਵਿਚ ਕਾਰਤੂਸਾਂ ਦੇ ਕਾਰਨ ਧਾਰਮਿਕ ਭੜਕਾਹਟ ਸਾਰੇ ਦੇਸ਼ ਵਿਚ ਫੈਲ ਗਈ, ਸੋ ਇਸ ਢੰਗ ਨਾਲ ਸਾਰੇ



Sri Satguru Jagjit Singh Ji Elibrary NamdhariElibrary@gmail.com

ਹਿੰਦੂ ਜਗਤ ਦੇ ਰਾਜੇ ਮਹਾਰਾਜਿਆਂ ਵਿਚੋ ਵਿਚ ਹਮਦਰਦੀ ਪ੍ਰਾਪਤ ਕਰਨ ਲਈ ਉਕਸਾਹਟ ਪੈਦਾ ਕਰਨੀ ਚਾਹੁੰਦੇ ਸਨ......ਜੇ ਉਨ੍ਹਾਂ ਨੂੰ ਇਹ ਕਰੜੀ ਸਜ਼ਾ ਨਾ ਦਿਤੀ ਜਾਂਦੀ ਤੇ (ਸਤਿਗੁਰੂ) ਰਾਮ ਸਿੰਘ ਤੇ ਉਨ੍ਹਾਂ ਦੇ ਸੂਬਿਆਂ ਨੂੰ ਦੇਸ਼ ਨਿਕਾਲਾ ਨਾ ਦਿਤਾ ਜਾਂਦਾ ਤਾਂ ਇਹ ਗੜ ਬੜ ਕਦੇ ਵੀ ਠੰਡੀ ਨਹੀਂ ਪੈ ਸਕਦੀ ਸੀ। ਅਤੇ ਬਿਲਾਸ਼ਕ ਸ਼ਾਂਤੀ ਸਥਾਪਤ ਤੋਂ ਪਹਿਲਾਂ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੁੰਦਾ ਜੇ ਕੂਕਿਆਂ ਨੂੰ ਮਲੌਦ ਤੇ ਕੋਟਲੇ ਦੇ ਹੱਲੇ ਵਿਚ ਥੋੜੀ ਵੀ ਸਫਲਤਾ ਹੋ ਜਾਂਦੀ ਹੈ ਤਾਂ ਸਾਰੇ ਦੇ ਸਾਰੇ ਕੂਕਿਆਂ ਫੂਤਾਂ ਵਾਂਗੂ ਉਮੜ ਪੈਣਾ ਸੀ.........

ਮੈਂ ਇਕ ਹੋਰ ਗਲ ਤੁਹਾਡੀ ਸੇਵਾ ਵਿਚ ਲਿਆਉਣਾ ਚਾਹੁੰਦਾ ਹਾਂ, ਅਖਬਾਰਾਂ ਦੇ ਬਿਆਨਾਂ ਤੋਂ ਪਤਾ ਲਗਦਾ ਹੈ ਕਿ ਸਰਕਾਰ ਨੇ ਮੌਕੇ ਦੇ ਹਾਕਮਾਂ ਦੀਆਂ ਸਜ਼ਾਵਾ ਨੂੰ ਅਯੋਗ ਜਾਣਿਆ ਹੈ। ਜਿਸ ਤੇ ਮੇਰਾ ਵਿਸ਼ਵਾਸ਼ ਹੈ। ਕਿ ਸਰਕਾਰ ਦਾ ਇਹ ਮੰਤਵ ਗਲਤ ਸਮਝਿਆ ਜਾਵੇਗਾ। ਆਮ ਲੋਕ ਤੇ ਸਰਕਾਰ ਦੇ ਹਿਤੈਸ਼ੀਆਂ ਦੁਆਰਾ ਜਿਹੜੇ ਕਿ ਕੂਕੇ ਇਸ ਨੂੰ ਆਪਣੇ ਗੁਰੂ ਦੀ ਕਰਾਮਾਤ ਸਮਝਣਗੇ ਅਤੇ ਸਥਾਨੀ ਹਾਕਮਾਂ ਦੀ ਕਾਰਵਾਈ ਬਹੁਤ ਹੱਦ ਤੱਕ ਨਿਸਫਲ ਹੋ ਜਾਵੇਗੀ, ਜਿਹੜੀ ਕਿ ਸ਼ਰਾਰਤ ਨੂੰ ਉਠਣ ਤੋਂ ਪਹਿਲਾਂ ਹੀ ਸਿਰ ਫਿਹ ਦਿਤਾ ਗਿਆ ਹੈ—ਜਿਸਦੇ ਸਿਟੇ ਚੰਗੇ ਨਹੀਂ ਹੋ ਸਕਦੇ।

Book II
Kuka documents.
Page 161-62

ਜਦ ਸਤਿਗੁਰੂ ਰਾਮ ਸਿੰਘ ਜੀ ਦਰਸ਼ਨਾਂ ਨਮਿਤ ਪਾਠਾਂ ਦੀ ਲੜੀ ਚਲੀ ਤਾਂ ਅਖੰਡ ਪਾਠ ਲੰਗਰ ਦੀ ਕੋਠੜੀ ਦੇ ਲਾਗੇ ਹੋ ਰਹਿਆ ਸੀ, ਨੰਬਰਦਾਰ ਸੁਖੂ ਦੀ ਇਤਲਾਹ ਪਾ ਕੇ ਬਾਰ ਬਟਨ ਪੁਲਿਸ ਦੀ ਧਾੜ ਲੈ ਆ ਧਾਵਾ ਬੋਲਿਆ। ਉਥੇ ਦਰਬਾਰ ਸਾਹਿਬ ਨੰਤੋਖਣਾ ਪਇਆ। ਇਕ ਸਿੰਘ ਚੁਬਾਰੇ ਵਿਚ ਬੈਠਾ ਉਹ ਤੁਕ ਲੈ ਪਾਠ ਸ਼ੁਰੂ ਕਰ ਦਿਤਾ। ਅੰਤਰਯਾਮੀ ਸਤਿਗੁਰੂ ਰਾਮ ਸਿੰਘ ਜੀ ਦਾ ਇਕ ਹੁਕਮ ਨਾਮਾ ਰੰਗੂਨ ਤੋਂ ਆਇਆ। ਜਿਸ ਵਿਚ ਲਿਖਿਆ ਸੀ... ਜਿਸ ਦਿਨ ਪਾਠ ਟੁਟੇ ਉਸ ਦਿਨ ਮੇਰੇ ਸਰੀਰ ਨੂੰ ਬਹੁਤ ਕਸ਼ਟ ਹੋਇਆ ਮੈਂ ਮਰਨ ਵਾਲਾ......

ਉਨੀ ਦਿਨੀਂ ਡੇਰੇ ਵਿਚ ਹਜ਼ਾਰਾ ਸਿੰਘ ਬੜਾ ਚਤਰ ਸੇਵਾਦਾਰ ਸੀ। ਆਇਆ ਗਇਆ ਨੂੰ ਗੁਪਤ ਰੂਪ ਵਿਚ ਪ੍ਰਸ਼ਾਦ ਛਕਾਉਣ ਵਿਚ ਬੜਾ ਮਾਹਿਰ ਸੀ। ਕੁਝ ਸਿੰਘਾਂ ਨੂੰ ਜਲ ਪਾਣੀ ਛਕਾ ਲੰਘ ਰਿਹਾ ਸੀ, ਕਿ ਪੁਲਿਸੀਆ ਮਗਰ ਲਗ ਗਿਆ। ਦਰਵਾਜਾ ਬੰਦ ਸੀ। ਛਾਲ ਮਾਰ ਕੰਧ ਦੇ ਬਨੇਰਿਆਂ ਨੂੰ ਹੱਥ ਜਾ ਪਾਏ। ਇਕ ਪੁਲਿਸੀਏ ਪੈਰਾਂ ਤੋਂ ਪਕੜ ਹੇਠਾਂ ਖਿਚਣਾ ਸ਼ੁਰੂ ਕਰ ਦਿਤਾ। ਮਗਰ ਉਹ ਬਲੀ ਚੜਦਾ ਗਿਆ ਤੇ ਨਾਲ ਹੀ ਸਿਪਾਹੀ ਨੂੰ ਖਿਚਦਾ ਗਿਆ। ਹਾਰਕੇ ਸਿਪਾਹੀ ਦੇ ਹੱਥ ਛੁੱਟ ਗਏ ਤੇ ਸਿੰਘ ਉਪਰ ਚੜ ਅੰਦਰ ਛਾਲ ਮਾਰ ਗਿਆ ਤੇ ਪੁਲਸੀਆ ਹੇਠਾਂ ਧੜਮ ਕਰਦਾ ਡਿਗਾ।

## ਬਾਬਾ ਗੁਰਚਰਨ ਸਿੰਘ ਦੀ ਕਰੜੀ ਘਾਲ

ਗੁਰੂ ਹਰੀ ਸਿੰਘ ਜੀ ਜਿਥੇ ਸਿੱਖੀ ਦੇ ਬਗੀਚੇ ਨੂੰ ਰੰਗਾਂ ਦਾ ਖੂਨ ਪਾ ਪਾ ਸਿੰਚਿਆ, ਉਸੇ ਤਰ੍ਹਾਂ ਆਜ਼ਾਦੀ ਦੀ ਜੋਤ ਨੂੰ ਪ੍ਰਚੰਡ ਰਖਿਆ। ਬਾਬਾ ਗੁਰਚਰਨ ਸਿੰਘ ਰੂਸੀਆਂ ਨਾਲ ਗੰਢ-ਤੁਪ ਕਰਨ ਖਾਤਰ ਸ੍ਰੀ ਭੈਣੀ ਸਾਹਿਬੋਂ ਰੂਸ ਤੇ ਰੂਸੋਂ ਸ੍ਰੀ ਭੈਣੀ ਸਾਹਿਬ ਗਏ। ਇਹ 75 ਸਾਲਾ ਗਭਰੂ ਪੰਜਾਬੀ, ਫਾਰਸੀ ਤੇ ਪਸ਼ਤੋ ਤੋਂ ਚੰਗੀ ਤਰ੍ਹਾਂ ਜਾਣੂ ਸੀ। ਗੁਰੂ ਜੀ ਦਾ ਹੁਕਮ ਪਾ ਪਥਰਾਂ ਤੇ ਕੰਡਿਆ ਤੋਂ ਲੰਘਦਾ ਏਧਰ ਉਧਰ ਜਾਂਦਾ। 1 ਅਕਤੂਬਰ 1879 ਵਿਚ ਗੁਰਚਰਨ ਸਿੰਘ ਨੂੰ 2500 Taugas ਅਤੇ 7 ਚੁਗੇ ਮਿਲੇ। ਇਹ ਲੈ ਕੇ ਸ੍ਰੀ ਭੈਣੀ ਸਾਹਿਬ ਆ ਰਿਹਾ ਸੀ। ਸੂਹੀਆਂ ਖਬਰਾਂ ਕਰ ਦਿਤੀਆਂ।



Sri Satguru Jagjit Singh Ji Elibrary NamdhariElibrary@gmail.com

ਇਹ ਮਾਈ ਦਾ ਲਾਲ ਸ੍ਰੀ ਭੈਣੀ ਸਾਹਿਬ ਪੁੱਜਾ ਤੇ ਗੁਰੂ ਹਰੀ ਸਿੰਘ ਦੇ ਚਰਨਾਂ ਵਿਚ ਹਾਜ਼ਰ ਕੀਤਾ। ਉਧਰੋਂ ਪੁਲਿਸ ਆ ਗਈ। ਗੁਰੂ ਜੀ ਚਿਠੀ ਪਤ੍ਰੀ ਤੇ ਚੋਗੇ ਲੋਹ ਹੇਠਾਂ ਸੁਟਾ ਦਿਤੇ। ਪੁਲਿਸ ਦੇ ਕੁਝ ਹੱਥ ਨਾ ਆਇਆ। ਦੂਤੀ ਸ਼ਰਮਿੰਦੇ ਹੋਏ। ਠੀਕ ਗੁਰੂ ਹਰੀ ਸਿੰਘ ਜੀ ਕਹਿਆ ਕਰਦੇ ਸਨ "ਸਤਿਗੁਰਾਂ ਦਾ ਵਰਗ ਸ਼ੇਰ ਦਾ ਹੈ ਉਹ ਸ਼ੇਰ ਵਾਂਗ ਲੜਦੇ ਹਨ ਮੈਂ ਹਕੂਮਤ ਦੀਆਂ ਜੜਾਂ ਹੇਠੋਂ ਕੁਤਰਦਾ ਹਾਂ।

ਗੁਰਚਰਨ ਸਿੰਘ ਜਦ ਅਗਲੇ ਸਾਲ ਪੈਗਾਮ ਲੈ ਕੇ ਰੂਸ ਜਾ ਰਿਹਾ ਸੀ ਤਾਂ ਪਸ਼ੌਰ ਇਕ ਸਰਕਾਰ ਅੰਗਰੇਜ਼ੀ ਦਾ ਦੂਤ ਗੁਲਾਬ ਖਾਂ ਮਿਲ ਪਇਆ। ਤੇ ਉਸਨੇ ਗੁਰਚਰਨ ਸਿੰਘ ਨੂੰ ਗ੍ਰਿਫਤਾਰ ਕਰਵਾ ਦਿਤਾ। ਮਗਰ ਸਰਕਾਰ ਨੇ ਸਾਰਾ ਭੇਦ ਲੈਣ ਵਾਸਤੇ ਉਸੇ ਜੇਲ ਦੇ ਇਕੋ ਕਮਰੇ ਵਿਚੇ ਗੁਲਾਬ ਖਾਂ ਨੂੰ ਵੀ ਕੈਦ ਕਰ ਦਿਤਾ। ਬਾਬਾ ਜੀ ਅਸਲੀਅਤ ਨੂੰ ਤਾੜ ਗਏ ਤੇ ਗੁਲਾਬ ਖਾਂ ਦੇ ਕੁਝ ਪਲੇ ਨਾ ਪਇਆ। ਗੁਰਚਰਨ ਸਿੰਘ ਬਾਰੇ ਮਿਸਟਰ H. M Durand ਨੇ 19 ਜਨਵਰੀ 1881 ਵਿਚ ਰਿਪੋਰਟ ਕੀਤੀ ਕਿ To talk of severing Gurcharan Singh's conections with the Kookas seems to me useless. He is a Suba and will remain.........so till he dies doing meanwhile all the harm, he can do to us." ਇਸੇ ਤਰ੍ਹਾਂ ਗੁਰੂ ਜੀ ਦਾ ਬਚਨ ਮੰਨ ਬਾਬਾ ਬਿਸ਼ਨ ਸਿੰਘ ਸਿਰ ਤਲੀ ਤੇ ਰੱਖ ਰੂਸ ਨਾਲ ਮੇਲ ਜੋਲ ਰਖਦੇ ਰਹੇ। ਬਾਬਾ ਗੁਰਚਰਨ ਸਿੰਘ ਤੇ ਸੂਬਾ ਬਿਸ਼ਨ ਸਿੰਘ ਜੀ ਨੇ ਸਹਾਇਤਾ ਲੈਣ ਵਾਸਤੇ ਰਾਮ ਚਰਨ, ਮਾਇਆ, ਸ਼ੰਕਰ ਰਾਏ ਆਦਿ ਨੂੰ ਨਾਲ ਜੋੜ ਲਿਆ ਤੇ ਸਿਰ ਤੇ ਖਫਣ ਬੰਨੀ ਰਖਿਆ।

ਭਾਰਤ ਵਰਸ਼ ਵਿਚ ਕੂਕਿਆ ਵਿਰੁਧ ਦਮਨ ਚੱਕਰ ਚਲਦਾ ਰਹਿਆ 17 ਮਾਰਚ 1881 ਨੂੰ D. S. P. ਨੂੰ ਲੁਧਿਆਣੇ ਖਬਰ ਮਿਲੀ ਕਿ ਲਗ ਪਗ 150 ਕੂਕੇ ਸ੍ਰੀ ਭੈਣੀ ਸਾਹਿਬ ਦੇ ਲਾਗੇ ਗੁਰਮਤੇ ਕਰ ਰਹੇ ਹਨ। ਉਸੇ ਵੇਲੇ ਪੁਲਿਸ ਨੇ ਛਾਪਾ ਮਾਰਿਆ। ਪਰ ਕੇਵਲ 39 ਕਾਬੂ ਆਏ, ਬਾਕੀ ਏਧਰ ਓਧਰ ਹੋ ਗਏ। ਇਨ੍ਹਾਂ ਸਿੰਘਾਂ ਨੂੰ 5C4, 505 ਦੀ ਧਾਰਾ ਅਨੁਸਾਰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਨੂੰ ਬੜਾ, ਖਜਲ ਖੁਆਰ ਕੀਤਾ ਗਿਆ ਤੇ ਸਭ ਤੋਂ 1000/ ਰੁਪਏ ਦੀ ਜ਼ਮਾਨਤ ਮੰਗੀ। ਜਿਹੜੇ ਜਿਹੜੇ ਰਿਆਸਤਾਂ ਨਾਲ ਸਬੰਧਿਤ ਸਨ ਉਹ ਪਟਿਆਲਾ, ਨਾਭਾ ਅਤੇ ਫਰੀਦਕੋਟ ਦੇ ਵਕੀਲਾਂ ਦੇ ਹਵਾਲੇ ਕੀਤੇ ਗਏ।

ਹੇਠ ਲਿਖੇ ਸਜਣਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

1 ਸੂਬਾ ਗੁਰਦਿਤ ਸਿੰਘ ਪਟਿਆਲਾ
2 ਮਾਈ ਅਤਰੀ ਖੰਨਾ,
3 ਸੁੰਦਰ ਸਿੰਘ ਪਟਿਆਲਾ
4 ਨਰੈਣ ਸਿੰਘ ਪਟਿਆਲਾ
5 ਮਹਿਤਾਬ ਸਿੰਘ ਪਟਿਆਲਾ
6 ਜਵਾਲਾ ਸਿੰਘ ਪਟਿਆਲਾ
7 ਭਗਵਾਨੀ ਪਤਨੀ ਜਵਾਲਾ ਸਿੰਘ
8 ਭਗਵਾਨ ਸਿੰਘ ਨਾਭਾ
9 ਅਤਰ ਸਿੰਘ ਨਾਭਾ
10 ਹਰਨਾਮ ਸਿੰਘ ਸ੍ਰੀ ਭੈਣੀ ਸਾਹਿਬ
11 ਜੈ ਕੌਰ ਪਤਨੀ ਹਰਨਾਮ ਸਿੰਘ
12 ਮਸਤਾਨ ਸਿੰਘ ਲੁਧਿਆਣਾ
13 ਰੂਪਾਂ ਪਤਨੀ ਗੁਰਨਾਮ ਸਿੰਘ
14 ਸੂਬਾ ਨੱਥਾ ਸਿੰਘ ਫੀਰੋਜ਼ਪੁਰ
15 ਸੁਹੇਲ ਸਿੰਘ ਫੀਰੋਜ਼ਪੁਰ
16 ਰਤਨ ਸਿੰਘ ਫੀਰੋਜ਼ਪੁਰ
17 ਸੰਪੂਰਨ ਸਿੰਘ ਫੀਰੋਜ਼ਪੁਰ
18 ਗੁਲਾਬ ਸਿੰਘ ਫੀਰੋਜ਼ਪੁਰ
19 ਅਨੂਪ ਸਿੰਘ ਫੀਰੋਜ਼ਪੁਰ
20 ਧਰਮੀ ਪਤਨੀ ਅਨੂਪ ਸਿੰਘ
21 ਤਾਰਾ ਸਿੰਘ ਫੀਰੋਜ਼ਪੁਰ



Sri Satguru Jagjit Singh Ji Elibrary NamdhariElibrary@gmail.com

22 ਚੱਤਰ ਸਿੰਘ ਫੀਰੋਜ਼ਪੁਰ
23 ਲਾਲ ਸਿੰਘ ਫੀਰੋਜ਼ਪੁਰ
24 ਭੋਲੀ ਪਤਨੀ ਲਾਲ ਸਿੰਘ
25 ਵਜ਼ੀਰ ਸਿੰਘ ਫੀਰੋਜ਼ਪੁਰ
26 ਸੁੰਦਰ ਕੌਰ ਪਤਨੀ ਵਜ਼ੀਰ ਸਿੰਘ
27 ਸਜਨ ਸਿੰਘ ਫਰੀਦਕੋਟ
28 ਸੂਬਾ ਖੁਸ਼ਹਾਲ ਸਿੰਘ ਸਰਸਾ
29 ਦਇਆ ਸਿੰਘ ਸਰਸਾ
30 ਸ਼ੇਰ ਸਿੰਘ ਮਲੋਟ
31 ਧਿਆਨ ਸਿੰਘ ਸਰਸਾ
32 ਭਗਵਾਨ ਸਿੰਘ ਸਰਸਾ
33 ਰਤੋ ਪਤਨੀ ਭਗਵਾਨ ਸਿੰਘ
34 ਜੀਤ ਸਿੰਘ ਸਰਸਾ
35 ਦੇਸਾਂ ਪਤਨੀ ਭੋਲਾ ਸਿੰਘ ਸਰਸਾ
36 ਕਿਸ਼ਨ ਸਿੰਘ ਕਰਨਾਲ
37 ਸੁੰਦਰ ਸਿੰਘ ਕਰਨਾਲ
38 ਸ਼ੇਰ ਸਿੰਘ ਅੰਮ੍ਰਿਤਸਰ
39 ਸੁੰਦਰ ਸਿੰਘ ਨਾਭਾ

## ਮਾਤਾ ਜੀਵਨ ਕੌਰ ਜੀ ਨਜ਼ਰ ਬੰਦ

ਕਿਸ ਕਿਸ ਦੀ ਗਲ ਕਰੀਏ। ਮਾਤਾ ਜੀਵਨ ਕੌਰ, ਜਿਸਦੀ ਹਿੰਦੂ, ਮੁਸਲਮ ਤੇ ਈਸਾਈ ਵੀ ਸਿਫਤ ਕਰਦੇ ਨਹੀਂ ਥਕਦੇ, ਮਾਈ ਅਤਰੀ ਸਰਖਾਨਾਂ ਜਿਹੜੀ ਸਰਕਾਰੀ ਖੈਰ-ਖਾਹਾਂ, ਦੀਆਂ ਚਾਲਾਂ ਦੀ ਸ਼ਕਾਰ ਹੋ ਚੁਕੀ ਸੀ, ਕਤਲ ਕੀਤੀ ਗਈ, ਤਾਂ ਮਾਤਾ ਜੀਵਨ ਕੌਰ ਜੀ ਨੂੰ ਉਨ੍ਹਾਂ ਗ੍ਰਿਫਤਾਰ ਕਰ ਲਿਆ ਗਿਆ ਤੇ ਕਿਲਾ ਬਹਾਦੁਰ ਗੜ੍ਹ ਵਿਚ ਡੱਕ ਦਿਤਾ। ਸ੍ਰ. ਖੁਸ਼ਹਾਲ ਸਿੰਘ ਮਾਤਾ ਜੀ ਦੇ ਪਿਤਾ ਨੂੰ ਪਤਾ ਲਗਾ ਤਾਂ ਬੜੇ ਦੁਖੀ ਹੋਏ। ਮਗਰ ਜਦ ਮਾਤਾ ਜੀ ਨੂੰ ਮਿਲੇ ਤਾਂ ਮਾਤਾ ਜੀ ਬੜੇ ਹੌਂਸਲੇ ਨਾਲ ਕਹਿਆ। "ਪਿਤਾ ਜੀ ! ਤੇ ਕਿਸ ਗਲ ਦਾ। ਅਫ਼ਸੋਸ ਦੀ ਲੋੜ ਨਹੀਂ। ਧਰਮੀਆਂ ਤੇ ਦੇਸ਼ ਭਗਤਾਂ ਦਾ ਕਸ਼ਟਾ ਤੇ ਤਸੀਹਾਂ ਨਾਲ ਸਦਾ ਮੇਲ ਹੈ।"

## ਕਰੜਾਈਆਂ ਕਰੜਾਈਆਂ

ਵੈਸੇ ਤਾਂ ਪੰਜਾਬ ਵਿਚ ਲਾਟ ਤੋਂ ਚੋਕੀਦਾਰ ਤੱਕ ਸਾਰੇ ਕੂਕਿਆਂ ਦੇ ਵੈਰੀ ਸਨ ਤੇ ਕੋਈ ਮੌਕਿਆ ਨਹੀਂ ਸੀ, ਜਿਸ ਨੂੰ ਅੱਖੋਂ ਉਹਲੇ ਕੀਤਾ ਜਾ ਸਕੇ। ਅੱਖਾਂ ਵਿਚ ਰੜਕਦੇ ਸੋਢੀ ਮਾਨ ਸਿੰਘ ਬੂਟਰ, ਸੁੰਦਰ ਸਿੰਘ ਅੰਬਾਲਾ, ਗੁਲਾਬ ਸਿੰਘ ਨਿਰਮਲਾ, ਉਤਮ ਸਿੰਘ ਥਾਣੇਦਾਰ, ਜੈਮਲ ਸਿੰਘ ਰੜ, ਕਾਨਾ ਕਮਾਲ ਪੁਰ, ਡੀਨੀ-ਵਾਲ ਦਾ ਦਲੂਕਟਾਣੀ ਦਾ ਇੰਦਰ, ਸੁਖੂ ਤੇ ਘੁਮੰਡਾ ਸ੍ਰੀ ਭੈਣੀ ਸਾਹਿਬੋ, ਇਹ ਹਰ ਵੇਲੇ ਚੋਭਾਂ, ਲਾਂਦੇ ਰਹਿੰਦੇ। ਇੰਨ੍ਹਾ ਨੇ ਸਿੰਘਾਂ ਨੂੰ ਸੂਲੀ ਤੇ ਟੰਗ ਰਖਿਆ ਸੀ। ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਤੋਂ ਤੰਗ ਆਕੇ ਮੇਹਰ ਸਿੰਘ ਲੋਗਿਆਣਾ, ਭਗਵਾਨ ਸਿੰਘ ਅੜਕੰਗੀ, ਹਰਨਾਮ ਸਿੰਘ ਭੈਣੀ, (ਪਟਿਆਲਾ) ਧੌਂਕਲ ਸਿੰਘ ਰਾਏਪੁਰ ਨੇ ਲਹੂ ਰੰਗੇ ਹਥਾਂ ਵਾਲੇ ਸਰਕਾਰੀ ਪਿਠੂਆਂ ਨੂੰ ਸੋਧਣ ਦਾ ਗੁਪਤ-ਗੁਰਮਤਾ ਕੀਤਾ।

ਸਭ ਤੋਂ ਪਹਿਲਾਂ ਧੌਂਕਲ ਸਿੰਘ ਤੇ ਚਤੁਰ ਨਾਈ, ਪਿੰਡ ਮਹਿਮਾਂ ਸਿੰਘ ਵਾਲੇ ਰੁੜਕੇ ਦੇ ਸਾਹਵੇ ਚੌਧਰੀ ਦੇ ਸਿਰ ਜੌ ਜੁੱਤੀ ਮਾਰੀ। ਸਾਹਵਾ, ਉਹ ਨੀਚ ਸੀ, ਜਿਸਨੇ ਪਿੰਡ ਦੇ ਬ੍ਰਾਹਮਣਾਂ ਨੂੰ ਪੁੱਠੀ ਸਲਾਹ ਦਿਤੀ ਕਿ ਜਦ ਗੁਰੂ ਰਾਮ ਸਿੰਘ ਜੀ ਉਸ ਨਗਰ ਆਉਣ ਤਾਂ ਬ੍ਰਾਹਮਣ ਹੁੱਕੇ ਦੇ ਪਾਣੀ ਨਾਲ ਥਾਲ ਧੋ, ਵਿਚ ਪਤਾਸੇ ਰੱਖਕੇ, ਮੱਥਾ ਟੇਕਣ ਤੇ ਬਾਕੀ ਖਿਲੀ ਉਡਾਉਣਾ। ਸਤਿਗੁਰੂ ਜੀ ਜਾਣੀ ਜਾਣ ਜਦ ਬ੍ਰਾਹਮਣ ਪਤਾਸੇ ਰੱਖ ਮੱਥਾ ਟੇਕਿਆ। ਤਾਂ ਸਤਿਗੁਰੂ ਜੀ ਸੋਟੀ ਦੀ ਉਰੇਸ ਨਾਲ ਪਤਾਸਿਆਂ ਸਮੇਤ ਥਾਲ ਦੀਵਾਨ ਵਿਚੋਂ ਬਾਹਰ ਵਗਾ ਮਾਰਿਆ।



Sri Satguru Jagjit Singh Ji Elibrary NamdhariElibrary@gmail.com

## ਸ਼ੇਰ ਧੌਂਕਲ ਸਿੰਘ ਪਿੰਜਰੇ

ਇਨੀ ਦਿਨੀ ਧੌਂਕਲ ਸਿੰਘ ਨੇ ਬਾਗਾਂ ਵਾਲੇ ਦੇ ਬੁਚੜਾਂ ਤੇ ਹੱਲਾ ਬੋਲਿਆ ਪਰ ਸਫਲ ਨਾ ਹੋਇਆ ਅਤੇ ਵਾਪਸੀ ਤੇ ਕਰਮੂੰ ਚੌਕੀਦਾਰ ਰੌਲਾ ਪਾਇਆ ਤੇ ਉਸਨੂੰ ਝੱਟਕਾ ਦਿਤਾ । ਇਨਾਂ ਵਾਕਿਆਤ ਕਾਰਨ ਸਰਕਾਰੇ ਦਰਬਾਰੇ ਰੌਲੀ ਮਚ ਗਈ। ਇਸ ਸਮੇਂ ਲਹਿਣਾ ਸਿੰਘ ਨਿਹੰਗ ਤੇ ਸੁੰਦਰ ਸਿੰਘ ਨੇ ਝੂਠੀਆਂ ਸਚੀਆਂ ਘੜ ਸਿੰਘਾਂ ਵਿਰੁਧ ਗੁਬਾਰ ਕਢਿਆ । ਥਾਣੇਦਾਰ ਨਾਰਾਇਣ ਸਿੰਘ ਨੇ ਸਢੌਰਾ, ਰੁੜਕਾ, ਚੂੰਨੀ, ਖੁਮਾਣੋ, ਤੇ ਦਰ ਨਾਲ ਥਲ ਦੇ ਕੂਕਿਆਂ ਨੂੰ ਨੂੰ ਬੁਲਾ ਉਨ੍ਹਾਂ ਤੇ ਅਸਹਿ ਤੇ ਅਕਹਿ ਕਸ਼ਟ ਤੋੜੇ, ਮਗਰ ਕੋਈ ਗਲ ਨਾ ਨਿਕਲਣ ਕਾਰਣ ਉਨ੍ਹਾਂ ਨੂੰ ਛਡ ਦਿਤਾ ਗਿਆ ।

ਧੌਂਕਲ ਸਿੰਘ ਨੂੰ ਨਰਾਇਣ ਸਿੰਘ ਦੀ ਇਹ ਕਰਤੂਤ ਬਹੁਤ ਬੁਰੀ ਲਗੀ ਤੇ ਆਪਣੇ ਪਿੰਡ ਆ ਗਿਆ ਪੁਲਿਸ ਨੂੰ ਖਬਰ ਹੋ ਗਈ। ਉਸ ਆ ਧਾਵਾ ਬੋਲਿਆ। ਸਿੰਘ ਤਲਵਾਰ ਹੱਥ ਲੈ ਟਾਕਰਾ ਕੀਤਾ। ਪੁਲਿਸ ਦੀ ਕੋਈ ਪੇਸ਼ ਨਾ ਗਈ। ਥਾਣੇਦਾਰ ਵੀ ਘੋੜੀ ਭਜਾ ਨਿਕਲ ਚਲਿਆ। ਤਲਵਾਰ ਪੁਛਲ ਤੇ ਲਗੀ। ਸਾਰੇ ਪੁਲਸੀਏ ਸਿਰ ਪੈਰਾ ਤੇ ਰਖ ਨਸ ਗਏ। ਜਦ ਉਹ ਹੱਲਾ ਨਾਕਾਮਯਾਬ ਰਹਿਆ ਤੇ ਸੈਂਦੇ ਗਦਾਰ ਨੇ ਰੰਗ ਬਦਲਿਆ। ਉਸ ਸਿਧੀ ਪਗ, ਗਲ ਮਾਲਾ ਪਾ ਧੌਂਕਲ ਸਿੰਘ ਦੀ ਚਰਨੀ ਹੱਥ ਜਾ ਲਾਇਆ ਤੇ ਸਿੰਘਾਂ ਦੀ ਬੜੀ ਉਪਮਾ ਕੀਤੀ ਤੇ ਸਰਕਾਰ ਨੂੰ ਪਾਣੀ ਪੀ ਪੀ ਕੋਸਿਆ। ਇਸ ਤਰ੍ਹਾਂ ਸੈਂਦਾ ਕਈ ਵੇਰ ਧੌਂਕਲ ਸਿੰਘ ਨੂੰ ਮਿਲਦਾ ਤੇ ਸਤਿਗੁਰਾਂ ਬਾਰੇ ਗਲ ਬਾਤ ਕਰਦਾ।

ਇਕ ਦਿਨ ਨਿਮ੍ਰਤਾ ਨਾਲ ਆਪਣੇ ਘਰ ਚਰਨ ਪਾਉਣ ਲਈ ਬੇਨਤੀ ਕੀਤੀ। ਸਿੰਘ ਸਿਧੀ ਪਗ ਤੇ ਵਿਸਗਇਆ ਦੂਜੇ ਪਾਸੇ ਪੁਲਿਸ ਨੂੰ ਵੀ ਇਤਲਾ ਦੇ ਦਿਤੀ ਗਈ। ਉਹ ਲੋਹੇ ਦਾ ਪਿੰਜਰਾਂ ਲੈ ਆ ਪੁਜੀ । ਘਰ ਮੰਜਾ ਡਾਹ ਉਪਰ ਚਿੱਟਾ ਖੇਸ ਵਿਛਾ ਬੈਠਨ ਲਈ ਬੇਨਤੀ ਕੀਤੀ ਉਧਰ ਪੁਲਿਸ ਨੂੰ ਇਸ਼ਾਰਾ ਕਰ ਦਿਤਾ। ਵਿਸਲ ਵਜੀ। ਪੁਲਿਸ ਆਈ ਤੇ ਸਿੰਘ ਨੂੰ ਦਬੋਚ ਲਿਆ। ਮਾਈ ਦੇ ਲਾਲ ਨੂੰ ਜੰਜੀਰਾਂ ਵਿਚ ਜਕੜ, ਚੁਕ ਕੇ ਪਿੰਜਰੇ ਵਿਚ ਸੁਟਿਆ। ਬਾਹਰੋਂ ਜੰਦਰਾ ਲਾ ਥਾਣੇ ਵਲ ਤੋਰ ਦਿਤਾ। ਉਥੋਂ ਬਿਨਾਂ ਕੁਝ ਸੁਣੇ ਬੁਝੇ ਕਾਲੇ ਪਾਣੀ ਭੇਜਿਆ। ਕਈ ਕਹਿੰਦੇ ਹਨ ਸ਼ੇਰ ਨੂੰ ਪਿੰਜਰੇ ਸਮੇਤ ਸਮੁੰਦਰ ਵਿਚ ਸੁਟ ਦਿਤਾ; ਕਈ ਕਹਿੰਦੇ ਹਨ, ਉਹ ਉਥੇ ਚੜ੍ਹ ਗਿਆ। ਰਾਮ ਦੀਆਂ ਰਾਮ ਜਾਣੇ । ਚੀਨੀ ਵਾਲੇ ਪਾਤਸ਼ਾਹ ਦਾ ਲਾਡਲਾ ਮੁੜ ਵਤਨ ਨਹੀਂ ਮੁੜਿਆ।

## ਚੋਰ ਉੱਚਕੇ ਚੌਧਰੀ

ਉਸ ਸਮੇਂ ਤਾਂ ਅੰਗ੍ਰੇਜ਼ ਦੀ ਚੂਹੀ ਵੀ ਕੂਕੇ ਸ਼ੇਰ ਤੇ ਚੜ ਜਾਂਦੀ ਸੀ ਤੇ ਅਗਲੇ ਪੌਂਚੇ ਖੜੇ ਕਰ ਆਕੜ ਕੇ ਖਲੋਂਦੀ ਸੀ। ਉਟਾਲੀ ਜਿਲਾ ਲੁਧਿਆਣੇ ਭਾਈ ਕਾਨ੍ਹ ਸਿੰਘ, ਦੇਵਾ ਸਿੰਘ, ਸੁਖਾ ਸਿੰਘ, ਹਰਨਾਮ ਸਿੰਘ ਵਸਦੇ ਸਨ। ਡੇਰੇ ਦੇ ਮਾਲਿਕ । ਪਰ ਪਿੰਡ ਦਾ ਐਰਾ ਗੈਰਾ ਉਨ੍ਹਾਂ ਤੇ ਸਵਾਰ ਰਹਿੰਦਾ। ਸਰਕਾਰੀ ਚਾਟੜੇ ਉਨ੍ਹਾਂ ਦੀਆਂ ਪਕੀਆਂ ਫਸਲਾਂ ਵਿਚ ਪਸ਼ੂ ਛਡ ਦੇਂਦੇ। ਉਨ੍ਹਾਂ ਦੀ ਕੋਈ ਦਾਦ ਨ ਫਰਿਆਦ ਸੁਣਦਾ। ਉਹ ਆਪ ਵੀ ਕਿਸੇ ਅਫਸਰ ਅਗੇ ਰੋਣਾ ਨ ਰੋਂਦੇ, ਕਿਉਂਕਿ ਅੰਨ੍ਹੇ ਅਗੇ ਰੋਣਾ ਤੇ ਅਖੀਆਂ ਦਾ ਖੌ। ਭੋਲੇ ਭਾਲੇ ਦੇਵਤੇ ਅੰਮ੍ਰਿਤ ਜਾਣ ਪੀ ਗਏ। ਪਰ ਫਰਿਆਦ ਕਰਦੇ ਵੀ ਕਿਥੇ ?

ਵੁਹੀ ਕਾਤਲ, ਵੁਹੀ ਮੁਖਬਰ, ਵੁਹੀ ਮੁਨਸਫ ਠਹਿਰੇ
ਮੇਰੇ ਅਕਰਬਾ ਫਰਿਆਦ ਕਰੇ ਕਿਸ ਕੇ ਆਗੇ ?

ਜ਼ਬਾਨੀ ਗੋਪਾਲ ਸਿੰਘ ਸੇਖੋਂ

ਇਹ ਤਾਂ ਦੂਰ ਦੀ ਗਲ ਏ। ਵੀਹਵੀ ਸਦੀ ਦੇ ਅਰੰਭ ਦੀ ਸੁਣੋ। ਹਿੰਦੂ ਚੱਕ ਜ਼ਿਲਾ ਗੁਜਰਾਂਵਾਲਾ ਭਾਈ ਹੁਕਮਾ ਸਿੰਘ ਰਹਿੰਦਾ ਸੀ। ਉਹ ਵਿਹਾਰ



Sri Satguru Jagjit Singh Ji Elibrary NamdhariElibrary@gmail.com

ਵਾਸਤੇ ਮਾਂਗੇ ਚਲਾ ਗਿਆ । ਉਥੇ ਹਿੰਦੂ ਚੱਕ ਦੀ ਬੀਬੀ ਈਸਰ ਕੌਰ ਭਾਈ ਦੇਵਾ ਸਿੰਘ ਦੇ ਨਾਲ ਵਿਆਹੀ ਹੋਈ ਸੀ । ਉਸ ਇਲਾਕੇ ਦਾ ਮੂਲ ਸਿੰਘ ਗਰਮੂਲੀਆਂ ਸਫੈਦ ਪੋਸ਼ ਸੀ । ਇਕ ਵਾਰ ਮੂਲ ਸਿੰਘ ਮਾਂਗੇ ਰਾਤ ਰਹਿਆ ਸਿੰਘ ਵੈਰਾਗ ਵਿਚ ਪੜ੍ਹ ਰਹਿਆ ਸੀ "ਆ ਮਿਲ ਭੈਣੀ ਵਾਲਿਆ ਮੈਂ ਦੇਖਾਂ ਦਰਸ਼ਨ ਤੇਰਾ" ਗਰਮੂਲੀਏ ਦੀ ਕੰਨੀ ਜਦ ਇਹ ਅਵਾਜ ਪਈ ਤਾਂ ਉਹ ਅਗ ਭਬੂਕਾ ਹੋ ਗਿਆ ਤੇ ਆਖਿਆ, "ਇਹ ਕੌਣ ਏ ? ਇਹ ਤਾਂ ਪਿੰਡ ਵਗਾੜ ਦੇਵੇਗਾ ।" ਕੋਲ ਬੈਠੇ ਸਿੰਘਾਂ ਨੇ ਕਹਿਆ, "ਕੂਕਾ ਦੇਵਾ ਸਿੰਘ ਦੇ ਘਰ ਰਹਿੰਦਾ ਹੈ, ਅਸੀਂ ਉਸਨੂੰ ਕੀ ਕਹਿ ਸਕਦੇ ਹਾਂ ।" ਸਵੇਰ ਸਾਰ ਸਿੰਘ ਇਸ਼ਨਾਨ ਪਾਨ ਕਰ ਗਊ ਨੂੰ ਬਾਹਰ ਪਾਣੀ ਪਿਲਾਣ ਗਿਆ ਤਾਂ ਏਧਰੋਂ ਗਰਮੂਲੀਆ ਵੀ ਜੰਗਲ ਮੈਦਾਨ ਜਾਣ ਲਈ ਨਿਕਲਿਆ । ਸਿੰਘ ਨੂੰ ਤੱਕ ਗਰਮੂਲੀਏ ਨੂੰ ਸਣੇ ਕੱਪੜੀ ਅਗ ਲਗ ਗਈ ਤੇ ਆਖਿਆ "ਤੂੰ ਰਾਤੀਂ ਰਾਮ ਸਿੰਘ ਨੂੰ ਯਾਦ ਕਰਦਾ ਸੈਂ ? ਉਹ ਤਾਂ ਬਾਗੀ ਸੀ । ਉਸਨੂੰ ਅੰਗ੍ਰੇਜ਼ ਪਕੜ ਲੈ ਗਏ । ਬਾਗੀ ਨੂੰ ਯਾਦ ਕਰਨਾ ਬਾਗੀ ਹੋਣ ਬਰਾਬਰ ਹੈ । ਤੂੰ ਕਹਿਣਾ ਛਡ ਦੇ । ਬਾਗੀ ਇਸ ਪਿੰਡ ਨਹੀਂ ਰਹਿ ਸਕਦਾ ।" ਸਿੰਘ ਨੇ ਕਹਿਆ, "ਮੈਂ ਦਸਾਂ ਨਵ੍ਹਾਂ ਦੀ ਕਿਰਤ ਕਰਦਾ ਹਾਂ ਕਿਸੇ ਦਾ ਕੁਝ ਵਿਗਾੜਦਾ ਨਹੀਂ । ਮੇਰੇ ਅੰਦਰੋਂ ਸਤਿਗੁਰੂ ਰਾਮ ਸਿੰਘ ਨਹੀਂ ਨਿਕਲ ਸਕਦਾ । ਮੂਲ ਸਿੰਘ ਕੜਕ ਕੇ ਬੋਲਿਆ" "ਕੁੱਤਾ ਕਰਾੜ ! ਰਾਮ ਸਿੰਘ ਇਸ ਦੇ ਅੰਦਰੋਂ ਨਿਕਲ ਨਹੀਂ ਸਕਦਾ । ਵੜੋ ਮੁੰਡਿਓ ! ਬੰਨ੍ਹੋ ਇਸ ਨੂੰ ਰੁੱਖ ਨਾਲ । ਪਾਓ ਕੀੜਿਆਂ ਦੇ ਭੌਣ ਤੇ ਪਾਣੀ ਵੇਖੋ ਨਿਕਲਦਾ ਏ ਰਾਮ ਸਿੰਘ ਅੰਦਰੋਂ ਕਿ ਨਹੀਂ ।" ਪਾਸ ਖਲੋਤੇ ਮੁਸ਼ਟੰਡਿਆ ਨੂੰ ਝੱਟ ਸਿੰਘ ਬੰਨ ਦਿਤਾ । ਪਾਣੀ ਦੇ ਪੰਜ ਸੱਤ ਗੜਵੇ ਖੁਡਾਂ ਵਿਚ ਘਤੇ । ਕੀੜਿਆਂ ਦੀ ਫੌਜ ਨਿਕਲ ਆਈ । ਸਿੰਘ ਤੇ ਹਲਾ ਬੋਲ ਦਿਤਾ । ਮਗਰ ਸਿੰਘ ਦੇ ਮੂੰਹੋਂ ਇਹੋ ਨਿਕਲੇ ਧੰਨ ਸਤਿਗੁਰੂ ਰਾਮ ਸਿੰਘ । ਧੰਨ ਸਤਿਗੁਰੂ ਰਾਮ ਸਿੰਘ । ਵੇਖ ਲੈਨੇ ਆ ਤੇਰਾ ਰਾਮ ਸਿੰਘ ਕਰਦਾ ਏ ਤੇਰੀ ਬਹੁੜੀ ?" ਸਿੰਘ ਰੁਖ ਨਾਲ ਕਸਿਆ ਭਾਣਾ ਮੰਨ ਰਹਿਆ ਸੀ । ਮੰਡੀਰ ਇਕੱਠੀ ਹੋ ਗਈ । ਗਊ ਪਾਣੀ ਪੀ ਘਰ ਚਲ ਗਈ । ਕੁਝ ਬੱਚਿਆਂ ਘਰ ਜਾ ਈਸਰ ਕੌਰ ਨੂੰ ਸਾਰੀ ਕਹਾਣੀ ਸੁਣਾਈ । "ਈਸ਼ਰ ਕੌਰ ਨੇ ਝਟਪਟ ਅਵਾਜ਼ ਮਾਰੀ" ਵੇ ਫੌਜਾ ਸਿੰਘ ਵੇ ਵਸਾਵਾ ਸਿੰਘ । ਜਾਓ ਵੇਖੋ ! ਤੁਹਾਡੇ ਮਾਮੇ ਨੂੰ ਕਿਸ ਬੰਨਿਆ ਏ" ਇਹ ਸੁਣਦਿਆਂ ਦੋਵੇਂ ਜਵਾਨ ਉਠ ਨੱਸੇ ਤੇ ਦੂਰੋਂ ਹੀ ਲਲਕਾਰਿਆ "ਇਸ ਜਵਾਈ ਨੂੰ ਖੋਲ ਦਿਓ । ਕਿਸ ਕੁੱਤੇ ਬੰਨਿਆ ਏ ?" ਫੌਜਾ ਸਿੰਘ ਤੇ ਵਸਾਵਾ ਸਿੰਘ ਨੂੰ ਆਉਂਦਿਆਂ ਵੇਖ ਹਾਕਮ ਸਿੰਘ ਕਹਿਆ, "ਵੇਖ ਰਾਮ ਸਿੰਘ ਆ ਰਹਿਆ ਏ ।" ਓਹਾਂ ਭਰਾਵਾਂ ਆਉਂਦਿਆਂ ਰੱਸੇ ਖੋਲ ਦਿਤੇ । ਉਨ੍ਹਾਂ ਦੇ ਮਗਰ ਹੋਰ ਹਮੈਤੀ ਵੀ ਆ ਗਏ । ਉਨ੍ਹਾਂ ਵੀ ਮੁਤਹਿਤੇ ਚੁਕੇ ਹੋਏ ਸਨ । ਮੂਲ ਸਿੰਘ ਬੋਲ ਨਾ ਸਕਿਆ, ਮੂੰਹ ਵਿਚ ਘਾਹ ਲੈ, ਸਿਰ ਸੁਟ ਬਿਨਾਂ ਨਾਤੇ ਧੋਤੇ ਤੇ ਖਾਧੇ ਪੀਤੇ ਵਾਪਸ ਮੁੜਿਆ । (ਇਹ ਵਾਰਤਾ ਸੰਤ ਤਰਨ ਸਿੰਘ ਜੀ ਵਹਿਮੀ ਸੁਣਾਈ ਸੀ । ਅਜੇਹੇ ਅਨੇਕਾਂ ਘਿਨਾਉਣੇ ਵਾਕਿਆਤ ਨਾਲ ਕੂਕਿਆਂ ਦਾ ਇਤਿਹਾਸ ਭਰਿਆ ਹੈ ।

ਕੂਕਿਆਂ ਦੇ ਸਬਰ ਦੀ ਕਹਾਣੀ ਸ਼ੈਤਾਨ ਦੀ ਆਂਦਰ ਵਾਂਗੂ ਲੰਮੀ ਤੋਂ ਲੰਮੀ ਹੁੰਦੀ ਜਾਂਦੀਏ । ਜਸ ਜੀ ਤਾ ਕਹਿੰਦੇ ਹੈ ਕਿ, "ਕੂਕਾ ਲਹਿਰ ਤੋਪਾਂ ਦੀ ਗੜਕ ਵਿਚ ਠੰਡੀ ਪੈ ਗਈ, ਪਰ ਇਤਿਹਾਸ ਦਸਦਾ ਏ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਬਾਲੀ ਅਗ ਭਾਂਬੜ ਬਣਕੇ ਮੱਚੀ ਤੇ ਅੰਗ੍ਰੇਜ਼ੀ ਸਾਮਰਾਜ ਉਨ੍ਹਾਂ ਦੇ ਭੰਬਲਿਆ ਵਿਚ ਸੜਕੇ ਸੁਆਹ ਹੋ ਗਿਆ । ਭਾਵੇਂ ਅੰਗ੍ਰੇਜ਼ ਨੇ ਸਭ ਤੋਪਾਂ ਦੇ ਮੂੰਹ ਕੂਕਿਆਂ ਵੱਲ ਖੋਲ ਦਿਤੇ, ਪਰ ਉਹ ਤੋਪਾਂ ਹੀ ਆਪਣੇ ਸੇਕ ਨਾਲ ਪਾਣੀ ਪਾਣੀ ਹੋ ਗਈਆਂ, ਕੂਕੇ ਸ਼ੇਰ ਗਰਜਦੇ ਰਹੇ । ਸਰਕਾਰ ਨੇ ਕੂਕਿਆਂ ਦੇ ਕੁਚਲਣ ਹਿਤ ਇਉਂ ਵਿਉਂਤਾ ਬਣਾਈਆਂ ।



Sri Satguru Jagjit Singh Ji Elibrary NamdhariElibrary@gmail.com

1 ਦਮਨ ਚੱਕਰ—ਅੰਗ੍ਰੇਜ਼ ਕਰਮਚਾਰੀ
ਰਾਜਵਾੜਾ ਸ਼ਾਹੀ
2 ਭੰਡੀ ਪ੍ਰਚਾਰ—ਟੌਡੀ ਤੇ ਪੁਜਾਰੀ
3 ਸਾਹਿਤ ਤੇ ਇਤਿਹਾਸ ਵਿਚ ਭੰਨ ਤੋੜ

## ਝੋਲੀ ਚੁਕਾਂ ਦੀ ਨਿਮਕ ਹਲਾਲੀ

ਇਹ ਸਭ ਤੋਪਾਂ ਇਕ ਦੂਏ ਨਾਲੋਂ ਚੜਦੀਆਂ ਤੇ ਚੜਦੀਆਂ ਸਨ (ਸਤਿਗੁਰੂ ਰਾਮ ਸਿੰਘ ਜੀ ਜਲ੍ਹਾ ਵਤਨ ਕੀਤੇ ਗਏ ਤਾਂ ਆਮ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਖਾਤਰ ਪੰਜਾਬ ਸਰਕਾਰ ਵਡੇ ਵਡੇ ਸਰਦਾਰਾਂ ਪਾਸੋਂ ਪੁਛਿਆ ਕਿ ਜੇ (ਸਤਿਗੁਰੂ) ਰਾਮ ਸਿੰਘ ਵਾਪਸ ਪੰਜਾਬ ਆ ਜਾਣ ਤਾਂ ਖਤਰਾ ਤਾਂ ਨਹੀਂ ਬਸ ਪੰਜਾਬ ਦੇ ਰਾਜਿਆਂ ਸਰਦਾਰਾਂ, ਜਗੀਰਦਾਰਾਂ, ਸਫੈਦ ਪੋਸ਼ਾਂ, ਮਹੰਤਾਂ ਪੁਜਾਰੀਆਂ ਤੇ ਹਕੂਮਤ ਦੇ ਝਾਟੜਿਆਂ ਸਵਾਏ ਮਹੰਤ ਅਖਾੜਾ, ਬ੍ਰਹਮ ਬੂਟਾ, ਸੰਤ ਨਰੈਣ ਸਿੰਘ ਸੇਖਵਾਂ ਤੇ ਧਿਆਨ ਪੁਰ ਦੇ ਬੈਰਾਗੀ ਮਹੰਤ ਸਭ ਨੇ ਅੰਗੂਠਾ ਲਾ ਲਿਖ ਭੇਜਿਆ ਕਿ (ਸਤਿਗੁਰੂ) ਰਾਮ ਸਿੰਘ ਨੂੰ ਕਿਸੇ ਕੀਮਤ ਤੇ ਵੀ ਪੰਜਾਬ ਆਉਣ ਦੀ ਆਗਿਆ ਨਾ ਦਿਤੀ ਜਾਵੇ। ਨਹੀਂ ਤਾਂ ਗ਼ਦਰ ਮਚ ਜਾਇਗਾ। ਇਹ ਵਿਚਾਰੇ ਕਰਦੇ ਵੀ ਕੀ ? ਇੰਨਾਂ ਅੰਦਰ ਅੰਗਰੇਜ਼ ਦਾ ਲੂਣ ਇਤਨਾ ਰਚ ਗਿਆ ਸੀ, ਕਿ ਇਨਾਂ ਮਹਾਰਾਜਾ ਦਲੀਪ ਸਿੰਘ ਨੂੰ, ਜਿਸ ਨੇ ਪੰਜਾਬ ਦੀ ਮਿੱਟੀ ਨੂੰ ਚੁਮਕੇ ਮੱਥੇ ਤੇ ਲਾਉਣ ਵਾਸਤੇ ਪੰਜਾਬੀਆਂ ਨੂੰ ਲਿਖਿਆ ਸੀ ਤਾਂ ਇਨਾਂ ਠੁਠ ਵਖਾਂਦਿਆਂ ਲਿਖਿਆ ਸੀ, "ਤੂੰ ਅਕਲ ਦੀ ਗਲ ਨਹੀਂ ਕੀਤੀ ਤੂੰ ਮਲਕਾ ਮਹਾਰਾਣੀ ਪਾਸੋਂ ਮਾਫ਼ੀ ਮੰਗ।" ਕੂਕੇ ਵਿਚਾਰੇ ਇਨ੍ਹਾਂ ਦੇ ਕੀ ਲਗਦੇ ਸਨ।

## ਰਜਵਾੜਾ ਸ਼ਾਹੀ

ਪੰਜਾਬ ਵਿਚ ਤਾਂ ਰਿਆਸਤਾਂ ਵਿਚੋਂ ਕੂਕਿਆਂ ਨਾਲ ਮੀਰ ਮੰਨੂੰ ਵਾਲਾ ਵਰਤਾਵਾ ਵਰਤ ਰਹਿਆ ਸੀ। ਮਹਾਰਾਜੇ ਰਘਬੀਰ ਸਿੰਘ ਵਾਲੀਏ ਰਿਆਸਤ ਸੰਗਰੂਰ ਨੇ 1872 ਵਿਚ ਆਪਣੇ ਇਲਾਕੇ ਵਿਚੋਂ 300 ਬਰਾੜਾਂ ਨੂੰ ਬੰਨ ਬਿਠਾਇਆ ਤੇ ਆਉਂਦਿਆ ਹੁਕਮ ਦਿਤਾ। "ਕੂਕਿਓ। ਜੇ ਭਲਾ ਚਾਹੁੰਦੇ ਹੋ ਤਾਂ ਕੂਕ ਪੁਣਾਂ ਛਡੋ ਤੇ ਸਰਕਾਰ ਅੰਗਰੇਜ਼ੀ ਦੇ ਖੈਰ ਖਾਹ ਬਣੋ।" ਪਰ ਕੂਕਾ ਕੀ ਤੇ ਗੁਲਾਮੀ ਕੀ (ਗੁਰੂ ਗੋਬਿੰਦ ਸਿੰਘ ਜੀ ਤਾਂ ਸਿੰਘਾਂ ਨੂੰ ਸੁਤੰਤਰਤਾ ਦੀ ਗੁੜਤੀ ਦਿਤੀ ਸੀ। ਸਿੰਘਾਂ ਨਿਧੜਕ ਹੋ ਉਤਰ ਦਿਤਾ, ('ਕੂਕਾ-ਪਨ ਕੇਸਾਂ ਸਵਾਸਾਂ ਨਾਲ ਨਿਭੇਗਾ। ਕਲਗੀਧਰ ਪਿਤਾ ਸਿੱਖਾਂ ਨੂੰ ਅਜ਼ਾਦੀ ਦਾ ਜੀਵਨ ਬਿਤਾਉਣ ਲਈ ਪੈਦਾ ਕੀਤਾ ਹੈ। ਇਸ ਵਾਸਤੇ ਅੰਗਰੇਜ਼ਾਂ ਦੀ ਗੁਲਾਮੀ ਪ੍ਰਵਾਨ ਨਹੀਂ" ਸਿੰਘਾਂ ਦੇ ਮੂੰਹੋਂ ਇਹ ਸ਼ਬਦ ਨਿਕਲੇ ਹੀ ਸਨ ਕਿ ਡਾਂਗਾਂ ਵਰਨੀਆਂ ਸ਼ੁਰੂ ਹੋ ਗਈਆਂ। ਮੁਸ਼ ਬਣਾ ਜੇਲ ਵਿਚ ਡੱਕ ਦਿਤਾ। ਨ ਕੁਝ ਖਾਣ ਨਾ ਪੀਣ ਨੂੰ। ਇੰਨਾਂ ਦੇ ਨਾਲ ਹੀ ਭੁੱਮਾਂ ਬੱਦੀ ਤੋਂ ਸ: ਸਾਹਿਬ ਸਿੰਘ ਤੇ ਉਨ੍ਹਾਂ ਦੀ ਪਤਨੀ ਨੂੰ ਵੀ ਲਿਆ ਡਕਿਆ। ਤੇਰਵੇਂ ਦਿਨ ਬਾਜਰੇ ਦਾ ਆਟਾ ਮਿਲਿਆ ਸਰਦਾਰਨੀ ਨਰੈਣ ਕੌਰ ਜੇਲ ਵਿਚ ਹੀ ਸਵਰਗਵਾਸ ਹੋ ਗਈ। ਸ: ਦੀ 120 ਏਕੜ ਜ਼ਮੀਨ ਜ਼ਬਤ ਕਰ ਰਿਆਸਤ ਵਿਚੋਂ ਬਾਹਰ ਕਢ ਦਿਤਾ। ਇਨ੍ਹਾਂ ਵਿਚੋਂ ਕਈ ਛਡੇ ਗਏ। ਕਈ ਜੇਲ ਵਿਚ ਹੀ ਚੜ੍ਹ ਗਏ।

ਇਸੇ ਤਰ੍ਹਾਂ ਇਨ੍ਹੀਂ ਦਿਨੀਂ ਫਰੀਦ ਕੋਟ ਦੇ ਰਾਜੇ ਹਮੀਰ ਸਿੰਘ ਨੇ ਬਾਜਾ ਖਾਨਾ, ਕੋਟਕਪੂਰਾ ਤੇ ਖੇੜੇ ਵਾਣੀਆਂ ਤੋਂ ਸਿੰਘਾਂ ਨੂੰ ਬੁਲਾ ਮੰਗਵਾਇਆ। ਪਹਿਲਾ ਸਭ ਤੇ ਇਕੋ ਸਵਾਲ—"ਕੂਕਾ ਪਨ ਛਡੋ—ਸਰਕਾਰ ਦੇ ਖੈਰ ਖਾਹ ਬਣੋ"—ਪਰ ਕੂਕਾ ਇਹ ਪਟੀ ਪੜਿਆ ਹੀ ਨਹੀਂ ਸੀ, ਇਸ ਵਾਸਤੇ ਇਸਦੀ ਮੁਹਾਰਨੀ ਕਿਵੇਂ ਕਰਦਾ। ਬਸ ਇਸ ਇਨਕਾਰ ਤੇ ਮਾਰ ਕੁਟਾਈ, ਕੇਸਾਂ ਦੀ ਬੇਅਦਬੀ, ਕਈਆਂ ਦੇ ਗੁਪਤ ਥਾਵਾਂ ਦੇ ਰੋਮਾਂ ਨੂੰ ਬੜੀ ਬੇਦਰਦੀ



Sri Satguru Jagjit Singh Ji Elibrary NamdhariElibrary@gmail.com

ਨਾਲ ਪੁਟਿਆ ਤੇ ਭੁਖੇ ਤਿਹਾਇਆਂ ਨੂੰ ਨਜ਼ਰ ਬੰਦ ਕਰ ਦਿਤਾ। ਦੇਸ਼ ਨੇ 1975-76 ਐਮਰਜੈਂਸੀ ਵੇਖੀ ਹੈ, ਕੂਕੇ ਜੰਮੇ ਪਲੇ ਹੀ ਐਮਰਜੈਂਸੀ ਵਿਚ ਹਨ। ਬਾਜ਼ੇ ਦੇ ਮੁਖੀਏ ਸ: ਕਾਨ੍ਹਾ ਸਿੰਘ ਨੂੰ ਸਾਲ ਭਰ ਡਕੀ ਰਖਿਆ, ਬਾਕੀਆਂ ਨੂੰ ਪਿੰਡਾਂ ਵਿਚ ਨਜ਼ਰ ਬੰਦ ਕਰ ਰਖਿਆ।

ਮਹਾਰਾਜਾ ਮੁਹਿੰਦਰ ਸਿੰਘ ਵਾਲੀਏ ਪਟਿਆਲਾ ਅੰਗਰੇਜ਼ ਭਗਤਾਂ ਦਾ ਮੋਢੀ ਸੀ। ਇਹ ਪਰਲੇ ਦਰਜੇ ਦਾ ਨਿਰਦਈ ਵੈਲੀ ਤੇ ਪੇਟੂ ਸੀ। ਇਹ ਸੁਭਾਵਕ ਹੈ, ਕਿ ਜਿਨਾ ਕੋਈ ਵਧੇਰੇ ਭੋਗੀ ਹੋਵੇਗਾ। ਉਤਨਾਂ ਈ ਉਹ ਵਧੇਰੇ ਵਹਿਸ਼ੀ। ਪਟਿਆਲੇ ਦਾ ਮੋਤੀ ਬਾਗ ਮਹਾਰਾਜੇ ਦੇ ਕੁਕਰਮਾਂ ਦੀ ਮੂੰਹ ਬੋਲਦੀ ਤਸਵੀਰ ਹੈ। ਮਹਾਰਾਜੇ ਨੇ ਨੰਬਰਦਾਰ, ਜੈਲਦਾਰਾਂ ਤੇ ਥਾਣੇਦਾਰਾਂ ਨੂੰ ਪਿੰਡਾਂ ਵਿਚੋਂ ਸਿੰਘਾਂ ਨੂੰ ਫੜ-ਫੜ ਲਿਆਉਣ ਦਾ ਆਦੇਸ਼ ਕੀਤਾ। ਉਨ੍ਹਾਂ ਕੁਝ ਨਹੀਂ ਸੋਚਿਆ ਵਿਚਾਰਿਆ, ਆਪਣੇ ਆਪਣੇ ਹਲਕੇ ਵਿਚੋਂ ਬੁਢਾ, ਬਾਲਾ, ਅਧਖੜ, ਜਵਾਨ ਨਜ਼ਰੀਆਇਆ ਸਭ ਨੂੰ ਧਰ ਲਿਆ ਤੇ ਦੇਵਾ ਸਿੰਘ ਜੱਜ ਦੇ ਸਾਹਮਣੇ ਪੇਸ਼ ਕੀਤਾ। ਉਸ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਹਿਆ, "ਕੂਕਿਓ। ਹੋਸ਼ ਕਰੋ! ਤੁਸੀਂ ਤਰਖਾਣ ਪਿਛੇ ਲਗ ਜੀਵਨ ਖਰਾਬ ਕਰ ਰਹੇ ਹੋ! ਸਰਕਾਰ ਅੰਗਰੇਜ਼ੀ ਦੇ ਬਾਗੀ ਹੋ ਤੁਹਾਨੂੰ ਮਾਫ ਨਹੀਂ ਕੀਤਾ ਜਾ ਸਕਦਾ।"

ਮਗਰ ਸ: ਮਹਿਤਾਬ ਸਿੰਘ ਕਾਰਗਵਾਲੇ ਨੇ ਉੱਤਰ ਦਿਤਾ, "ਦੇਵਾ ਸਿੰਆਂ ਕਦੇ ਸੁਣਿਆ ਈ ਜਾਂ ਪੜ੍ਹਿਆ ਈ ਸਿੱਖ ਨੂੰ ਗੁਰੂ ਤੋਂ ਬੇਮੁੱਖ ਹੁੰਦਿਆ। ਤੁਸੀਂ ਕਹਿੰਦੇ ਹੋ ਖਿਲਿਆਂ ਦੇ ਵਫ਼ਾਦਾਰ ਬਣੋ, ਇਹ ਕਿਹੜੇ ਗਰੰਥ ਦਾ ਹੁਕਮ ਹੈ।"

ਇਹ ਸੁਣਦਿਆ ਦੇਵਾ ਸਿੰਘ ਸਣੇ ਕਪੜੀ ਅਗ ਲਗ ਗਈ ਤੇ ਕੜਕ ਕੇ ਬੋਲਿਆ, "ਇਨਾਂ ਨੂੰ ਰੁੱਖਾਂ ਨਾਲ ਲਟਕਾ ਕੇ ਬੰਨ ਦਿਓ ਤੇ ਡਾਂਗਾਂ ਨਾਲ ਕੁਕਾ ਪੁਨਾ ਕਢੋ। ਉਤਨਾਂ ਚਿਰ ਨਾ ਛੱਡੋ ਜਦ ਤੱਕ ਇਨਾਂ ਅੰਦਰੋਂ ਕੂਕਿਆਂ ਵਾਲਾ ਭੂਤ ਨਿਕਲ ਨਾ ਜਾਵੇ। ਸਿੰਘ ਮਾਰ ਖਾਂਦੇ ਤੇ ਸ਼ਬਦ ਪੜ੍ਹਦੇ ਰਹੇ। ਕਦੀ ਇਹ ਵੀ ਕਹਿੰਦੇ ਸਨ—

ਦੇਵਾ ਸਿੰਘ ਰੋੜਿਆ, ਕਿਸਮਤ ਦਿਆ ਕੋੜਿਆ।
ਸਿੰਘਾਂ ਦਿਆ ਵੈੜਿਆ, ਤੂੰ ਬੇੜਾ ਆਪਣਾ ਰੋੜਿਆ।

ਤੇਰੀ ਕਰੜਾਈ ਹੱਸ ਹੱਸ ਭੋਗੀ, ਤੇਰੀ ਕਮਾਈ ਜਵਾਈਆਂ ਜੋਗੀ ਖਲੀਫੇ ਮੁਹੱਮਦ ਹੁਸੈਨ ਵੀ ਡਰਾ ਧਮਕਾ ਮਾਫੀ ਮੰਗਣ ਲਈ ਜਤਨ ਕੀਤੇ, ਮਗਰ ਸਿੰਘਾਂ ਇਕੋ ਉਤਰ ਦਿਤਾ ਸੰਤ ਕਾਲਾ ਸਿੰਘ ਜੀ ਇਉਂ ਬਿਆਨ ਕਰਦੇ ਹਨ।

ਜਾਨ ਜਾਏ, ਨ ਕੂਕੇ ਦੀ ਸ਼ਾਨ ਜਾਏ,
ਸਾਡਾ ਸਿਦਕ ਹੈ ਸਿੱਖ ਅਟੱਲ ਸਾਰਾ।
ਹਿਲ ਜਾਏ ਅਕਾਸ਼ ਤੇ ਰਵੀ ਜੇਕਰ,
ਹਿਲ ਜਾਏ ਹਿਮਾਲਾ ਅਚਲ ਸਾਰਾ।
ਪਾਣੀ ਸਾਗਰਾ ਦਾ ਖਾਰਾ ਹੋਵੇ ਮਿਠਾ,
ਬਦਲ ਜਾਏ ਬ੍ਰਹਮੰਡ ਦਾ ਬ੍ਰਹਮੰਡ ਸਾਰਾ।
ਕਾਲਾ ਸਿੰਘ ਨ ਛਡਾਂਗੇ ਪੰਥ ਕੂਕਾ,
ਚੰਦ, ਸੂਰਜ ਭਾਵੇਂ ਜਾਵੇ ਢਲ ਸਾਰਾ।

ਜਦ ਕੋਈ ਪੇਸ਼ ਜਾਂਦੀ ਨਜ਼ਰੀਂ ਨਾ ਆਈ ਤਾਂ ਸਿੰਘਾਂ ਨੂੰ ਪਿੰਡਾਂ ਵਿਚ ਨਜ਼ਰ ਬੰਦ ਕਰ ਦਿਤਾ। ਮਹਾਰਾਜੇ ਹੋਰਾਂ ਸਿੰਘ ਦੇ ਮਨ ਵਿਚ ਕਮਜ਼ੋਰੀ ਆ ਗਈ। ਬਾਕੀ ਰਿਆਸਤਾ ਵਾਂਗ ਇਸਨੂੰ ਵੀ ਉਹ ਕੁਝ ਕਰਨਾ ਪਇਆ, ਜੋ ਬਾਕੀ ਕੀਤਾ ਸੀ। ਇਸਨੇ ਆਪਣੇ ਇਲਾਕੇ ਵਿਚ ਦਿਆਲ ਪੁਰ, ਰਾਇਣ ਬੂਹਾ, ਹਰੀ ਪੁਰ ਲੋਹਟ ਬਦੀ, ਧਨੌਲਾ ਸਕਰੌਦੀ ਆਦਿ ਪਿੰਡਾਂ ਵਿਚ ਲਗ ਪਗ 1000 ਕੂਕੇ ਫੜ ਮੰਗਵਾਏ। ਪਿਥੋ ਦੇ ਸ: ਭਗਵਾਨ ਸਿੰਘ, ਅਤਰ ਸਿੰਘ, ਦਲ ਸਿੰਘ, ਕਾਨ ਸਿੰਘ, ਕਿਸ਼ਨ ਸਿੰਘ ਤੇ ਧਰਮ ਸਿੰਘ ਨੂੰ ਵੀ ਅੰਦਰ ਤਕ ਦਿਤਾ। ਪੰਦਰਾਂ ਦਿਨਾਂ ਤੱਕ ਸਿੰਘਾਂ ਨੂੰ ਨਜ਼ਰ ਬੰਦ ਰਖਿਆ ਤੇ ਆਖਿਆ, "ਤੁਸੀਂ ਅੰਮ੍ਰਿਤ ਛਕ ਕਲਗੀਧਰ ਦੇ ਸਿੰਘ ਸਜ ਜਾਓ ਤੇ ਮੌਜਾਂ ਮਾਣੋ।" ਕੁਝ ਸਿੰਘ ਰਾਜੀ ਹੋ ਗਏ। ਉਨ੍ਹਾਂ ਨੂੰ



Sri Satguru Jagjit Singh Ji Elibrary NamdhariElibrary@gmail.com

ਬਾਬਾ ਅਜਾਪਾਲ ਸਿੰਘ ਦੇ ਡੇਰੇ ਵਲ ਲੈ ਟੁਰੇ। ਤੇ ਅੰਦਰ ਬੈਠਣ-ਵਾਸਤੇ ਕਹਿਆ। ਗੁਰਦੁਆਰੇ ਨੀਲੀਆ ਦਰੀਆਂ ਵਿਛੀਆਂ ਪਈਆਂ ਸਨ। ਸਿੰਘ ਦਰੀਆਂ ਤੇ ਬੈਠਣ ਦੀ ਬਜਾਏ, ਘਾਹ ਤੇ ਬਹਿ ਗਏ। ਜਦ ਅੰਮ੍ਰਿਤ ਛਕਣ ਲਗੇ ਤਾਂ ਇਕ ਸਿੰਘ ਪੁਛਿਆ, "ਤੁਸੀਂ ਸਨ ਕੇਸੀ ਇਸ਼ਨਾਨ ਕੀਤਾ ਹੈ?" ਸਭ ਪੁਜਾਰੀਆਂ "ਨਨੇ ਅਖਰ ਦਾ ਉਤਰ ਦਿਤਾ। ਇਹ ਸੁਣ ਸਿੰਘਾਂ ਨਿਧੜਕ ਹੋ ਆਖਿਆ, ਕੇਸੀ ਇਸ਼ਨਾਨ ਨਹੀਂ ਕਰਦੇ, ਸੋਧ ਮਰਿਯਾਦਾ ਨਹੀਂ ਧਾਰਦੇ, ਇਹ ਸਭ ਕੁਝ ਕਰਦੇ ਹੋ, ਅਸੀਂ ਨੀਲਾ ਵੀ ਨਹੀਂ ਪਾਂਦੇ ਸਾਨੂੰ ਮੁਝ ਕਿਉਂ ਚਾੜ੍ਹਦੇ ਹੋ" ਇਤਨੇ ਨੂੰ ਮਹਾਰਾਜੇ ਦਾ ਹੁਕਮ ਹੋਇਆ। ਇਨਾਂ ਨੂੰ ਛਡ ਦਿਓ ਤੇ ਪਿੰਡਾਂ ਵਿਚ ਨਿਗਰਾਨੀ ਹੇਠਾਂ ਰਖੋ। ਸਿੰਘ ਸ਼ਬਦ ਪੜਦੇ ਪੜਦੇ ਘਰਾਂ ਨੂੰ ਮੁੜੇ।

## ਸ੍ਰੀ ਗੁਰੂ ਹਰੀ ਸਿੰਘ ਦੀ ਲਾਸਾਨੀ ਨੀਤੀ

ਸ੍ਰੀ ਗੁਰੂ ਹਰੀ ਸਿੰਘ ਨੇ 35 ਵਰ੍ਹੇ ਤੱਕ ਸਰਕਾਰੀ ਤੇ ਗੈਰ ਸਰਕਾਰੀ ਦਮਨ ਚੱਕਰ ਦਾ ਬੜੀ ਸਿਆਣਪ ਤੇ ਠਰਮੇ ਨਾਲ ਟਾਕਰਾ ਕੀਤਾ। ਇਹ ਉਨ੍ਹਾਂ ਲੀਹਾਂ ਤੇ ਟੁਰਦੇ ਗਏ, ਜਿਹੜੀਆਂ ਉਨ੍ਹਾਂ ਦੇ ਵਡੇ ਭਰਾ ਦੇਸ਼ ਸਵੈਤੰਤਰਤਾ ਵਾਸਤੇ ਲੀਕਾਂ ਪਾ ਗਏ ਸਨ। ਸਖਤੀ ਦੇ ਨਾਲ ਨਾਲ ਹਕੂਮਤ ਇਨ੍ਹਾਂ ਨੂੰ ਵਸ ਕਰਨ ਖਾਤਰ ਕਈ ਹੀਲੇ ਬਹਾਨੇ ਵਰਤਦੀ ਰਹੀ, ਪਰ ਇਨ੍ਹਾਂ ਦੀ ਦ੍ਰਿੜਤਾਂ ਡੁਲਾ ਨ ਸਕੀ।

੧੯੫੬ ਬਿਕ੍ਰਮੀ 1899 ਈ: ਵਿਚ ਦੇਸ਼ ਵਿਚ ਕਾਲ ਪੈ ਗਿਆ। ਗੁਰੂ ਜੀ ਬਾਗੜ ਦੇ ਹਜ਼ਾਰਾਂ ਨਰ ਨਾਰੀਆਂ ਦੀ ੬ ਮਹੀਨੇ ਤੱਕ ਦੋਵੇਂ ਵੇਲੇ ਪ੍ਰਸ਼ਾਦੇ ਨਾਲ ਉਦਰ ਪੂਰਤੀ ਕੀਤੀ ਤੇ ਨਾਲ ਹੀ ਉਨ੍ਹਾਂ ਦੇ ਪਸ਼ੂਆਂ ਵਾਸਤੇ ਪੱਠੇ ਨੀਰੇ ਦੇ ਪ੍ਰਬੰਧ ਵਿਚ ਯੋਗ ਸਹਾਇਤਾ ਦਿਤੀ। ਇਸ ਮੌਕਿਆ ਤੇ ਸਵੈਤੰਤਰਤਾ ਦੇ ਨਾਇਕ ਨੂੰ ਵਸ ਵਿਚ ਕਰਨ ਹਿਤ ਸਰਕਾਰ ਅੰਗਰੇਜ਼ੀ ਨੇ ਬੜਾ ਮਨ ਖਿਚਵਾਂ ਜਾਲ ਵਿਛਾਇਆ ਤੇ ਡੀ. ਸੀ. ਲੁਧਿਆਣਾ ਗੁਰੂ ਜੀ ਪਾਸ ਆਇਆ ਤੇ ਬੜੀ ਨਿਮਰਤਾ ਨਾਲ ਆਖਿਆ, "ਬਾਬਾ ਜੀ! ਤੁਸਾਂ ਨੇ ਇਸ ਕਾਲ ਦੇ ਸਮੇਂ ਤੇ ਭੁਖਿਆ ਦੀ ਬੜੀ ਸਹਾਇਤਾ ਕੀਤੀ। ਸਰਕਾਰ ਬੜੀ ਪ੍ਰਸੰਨ ਹੈ ਤੇ ਲੰਗਰ ਦੇ ਨਾਂ 100 ਮੁਰੱਬੇ ਜ਼ਮੀਨ ਲਗਾਉਣੀ ਚਾਹੁੰਦੀ ਹੈ" ਮਗਰ ਗੁਰੂ ਹਰੀ ਸਿੰਘ ਜੀ ਬੜੇ ਠਰਮੇ ਨਾਲ ਉੱਤਰ ਦਿਤਾ "ਸਾਹਿਬ! ਇਹ ਲੰਗਰ ਮੁਰੱਬਿਆਂ ਨਾਲ ਨਹੀਂ ਚਲਦੇ। ਇਸ ਨੂੰ ਮੇਰਾ ਚੀਨੀ ਵਾਲਾ ਪਾਤਸ਼ਾਹ ਚਲਾ ਰਹਿਆ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ।" ਗੁਰੂ ਜੀ ਨੇ ਸਰਕਾਰ ਦੀ ਇਹ ਪੇਸ਼ਕਸ਼ ਠੁਕਰਾ ਕੇ ਅਜ਼ਾਦੀ ਦੇ ਝੂਠੇ ਝੰਡੇ ਨੂੰ ਹੋਰ ਉਚੇਰਾ ਕਰ ਦਿਤਾ।



Sri Satguru Jagjit Singh Ji Elibrary NamdhariElibrary@gmail com

# Royal

## PRESSURE COOKER



5 YEARS GUARANTEE

**A NEED OF KITCHEN**

**FOR**

**QUICK AND TROUBLE FREE COOKING**

**SAVING OF TIME, FUEL AND MONEY**

**A JI PRODUCT**

*JAGJIT INDUSTRIES*

**Rajinder Nagar, Industrial Area, P. O. Mohan Nagar,**

**GHAZIABAD.**

### ਕੂਕਾ ਅੰਦੋਲਨ ਤੇ ਇਕ ਸੰਖੇਪ ਇਤਿਹਾਸਕ ਨਜ਼ਰ

# ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਤੇ

# ਕੂਕਾ ਲਹਿਰ

—ਵਾਸਦੇਵ ਸਿੰਘ ਭੰਵਰਾ
ਵੁਲਵਰਹੈਂਪਟਨ
ਜਨਰਲ ਸਕੱਤਰ
ਮਿਡਲੈਂਡ ਨਾਮਧਾਰੀ ਸੰਗਤ

19ਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੁਨਰ ਸਿਖੀ ਮ੍ਰਯਾਦਾ ਨੂੰ ਮੁੜ ਸਥਾਪਨ ਕਰਨ ਵਾਲੇ, ਭਾਰਤ ਦੀ ਜੰਗੇ ਆਜ਼ਾਦੀ ਦੀ ਸੁਤੰਤ੍ਰਤਾ ਦੇ ਮੋਢੀ ਤੇ ਨਾ ਮਿਲਵਰਤਣ ਸੁਦੇਸ਼ੀ ਲਹਿਰ ਦੇ ਪ੍ਰਥਮ ਜਨਮ ਦਾਤਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੋਏ ਜਿਹਨਾਂ ਦਾ ਪ੍ਰਕਾਸ਼ ਪੰਜਾਬ ਦੇ ਪ੍ਰਸਿਧ ਸ਼ਹਿਰ ਲੁਧਿਆਣਾ ਦੇ ਪਿੰਡ ਰਾਈਆਂ ਵਿਖੇ 3 ਫਰਵਰੀ ਸੰਨ 1816 ਮੁਤਾਬਕ ਮਾਘ ਸੁਦੀ ਪੰਚਮੀ ਦਿਨ ਵੀਰਵਾਰ ਬਸੰਤ ਪੰਚਮੀ ਦੇ ਦਿਹਾੜੇ ਸ੍ਰੀ ਮਾਤਾ ਸਦਾ ਕੌਰ ਜੀ ਤੇ ਪਿਤਾ ਸ. ਜੱਸਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ।

ਸੰਨ 1841 ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਿੱਖ ਫੌਜ ਦੇ ਇਕ ਸਿਪਾਹੀ ਦੇ ਰੂਪ ਵਿਚ ਆਪਣੇ ਸੰਗੀਆਂ, ਸਾਥੀਆਂ ਸਮੇਤ ਸ੍ਰੀ ਹਜ਼ਰੋਂ ਸਾਹਿਬ ਜ਼ਿਲਾ ਅਟਕ (ਹੁਣ ਪਾਕਿਸਤਾਨ ਵਿਚ) ਪਹੁੰਚ ਕੇ ਸ੍ਰੀ ਸਤਿ ਗੁਰੂ ਬਾਲਕ ਸਿੰਘ ਜੀ ਪਾਸੋਂ ਗੁਰੂ ਮੰਤਰ ਦੀਖਿਆ ਦੇ ਨਾਲ ਗੁਰ ਗੱਦੀ ਪ੍ਰਾਪਤ ਕੀਤੀ।

ਖਾਲਸਾ ਪੰਥ ਵਿਚੋਂ ਅਲੋਪ ਹੋਈਆਂ ਗੁਰਮੱਤ ਰਹੁ ਰੀਤੀਆਂ ਨੂੰ ਮੁੜ ਨਵੇਂ ਸਿਰਿਉਂ ਸੁਰਜੀਤ ਕਰਨ ਲਈ ਸ੍ਰੀ ਭੈਣੀ ਸਾਹਿਬ ਵਿਖੇ ਸੰਮਤ 1914 ਮੁਤਾਬਕ 13 ਅਪ੍ਰੈਲ ਸੰਨ 1857 ਦੀ ਵਿਸਾਖੀ ਨੂੰ ਸੰਗਤਾਂ ਦਾ ਭਾਰੀ ਇਕਠ ਕੀਤਾ ਤੇ ਪੰਜਾਂ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਦੇਸ਼ ਏਕਤਾ ਦੇ ਅਮਨ ਲਈ ਚਿੱਟਾ ਝੰਡਾ ਲਹਿਰਾਂਦਿਆਂ ਸੰਤ ਖਾਲਸਾ ਅਥਵਾ ਨਾਮਧਾਰੀ ਪੰਥ ਦੀ ਨੀਂਹ ਰਖੀ।

ਭਾਰਤ ਵਿਚੋਂ ਬਦੇਸ਼ੀ ਬਰਿਟਿਸ਼ ਸਾਮਰਾਜ ਦੀਆਂ ਜੜ੍ਹਾਂ ਪੁਟਣ ਲਈ, ਗੁਲਾਮੀ ਵਿਚ ਘੂਕ ਹੋ ਸੁੱਤੀ ਭਾਰਤੀ ਜਨਤਾ ਨੂੰ ਭੈਣੀ ਆਲਾ ਦੇ ਰੇਤਲੇ ਟਿਬਿਆਂ ਵਿਚੋਂ ਆਜ਼ਾਦੀ -ਆਜ਼ਾਦੀ ਦੀਆਂ ਉਚੀਆਂ ਉਚੀਆਂ ਕੂਕਾਂ ਮਾਰ ਮਾਰ ਟੁੰਬ ਕੇ ਜਗਾਇਆ (ਆਜ਼ਾਦੀ ਦੀਆਂ ਕੂਕਾਂ ਮਾਰਨ ਦੇ ਵਿਰਸੇ ਵਿਚੋਂ ਨਾਮਧਾਰੀਆਂ ਨੂੰ ਮਿਲਿਆ ਨਾਮ "ਕੂਕੇ ਕਿਹਾ ਜਾਂਦਾ ਹੈ) ਮਾਨੋ ਲੰਡਨ ਬੈਠੀ ਮਲਕਾ ਵਿਕਟੋਰੀਆ ਦੀ ਪਾਰਲੀਮੈਂਟ ਵਿਚ, "ਬਿਲਿਓ ਸਾਡਾ ਦੇਸ਼ ਛੱਡ ਜਾਓ" ਭਾਰਤੀ ਕੂਕਿਆਂ ਦੀਆਂ ਬੁਲੰਦ ਆਵਾਜ਼ਾਂ ਆਉਣ ਲੱਗੀਆਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਰੇ ਦੇਸ਼ ਵਿਚ ਅੰਗਰੇਜ਼ੀ ਸਰਕਾਰ ਦੇ ਖਿਲਾਫ, ਸਰਕਾਰੀ ਨੌਕਰੀਆਂ, ਕਚਿਹਰੀਆਂ, ਡਾਕਖਾਨਿਆਂ, ਹਸਪਤਾਲਾਂ, ਸਕੂਲਾਂ, ਰੇਲਾਂ, ਬਦੇਸ਼ੀ ਕਪੜੇ, ਬਦੇਸ਼ੀ ਖੁਰਾਕ ਤੇ ਇਥੋਂ ਤਕ ਕਿ ਨਲਕੇ ਦੇ ਪਾਣੀ ਦੀ ਵੀ ਨਾ ਵਰਤੋਂ ਤੱਕ ਕਰਨ ਦੇ ਮੁਕੰ-ਮਲ ਬਾਈਕਾਟ ਦਾ ਭਾਰਤੀਆਂ ਨੂੰ ਉਦੇਸ਼ ਦਿੰਦਿਆਂ ਦੇਸ਼ ਵਿਚ ਪਹਿਲੀ ਵਾਰ "ਨਾ ਮਿਲਵਰਤਣ-ਸੁਦੇਸ਼ੀ" ਲਹਿਰ ਨੂੰ ਜਨਮ ਦਿਤਾ।

ਦੇਸ਼ ਦੇ ਉਚੇ ਅਖਲਾਕ ਲਈ ਸਾਦੇ ਰਸਮੋ ਰਿਵਾਜਾਂ ਤੋਂ ਇਲਾਵਾ ਦੇਸੀ ਭਰਾਵਾਂ ਦੀਆਂ ਨੌਕਰੀਆਂ, ਗੁਰਦਵਾਰੇ, ਧਰਮਸ਼ਾਲਾਂ ਵਿਚ ਪੜ੍ਹਾਈਆਂ, ਦੇਸੀ ਦਵਾਈਆਂ, ਆਵਾ-ਜਾਈ ਤੇ ਡਾਕ ਦੇ ਦੇਸੀ ਸਾਧਨ, ਦੇਸੀ ਖੱਦਰ ਦੀ ਸਾਦੀ ਪੁਸ਼ਾਕ, ਸਾਦੀ ਖੁਰਾਕ, ਅਤੇ ਖੂਹਾਂ ਦੇ ਪਾਣੀ ਦੀ ਵਰਤੋਂ ਕਰਨ ਦਾ ਦੇਸ ਦੇ ਕੋਨੇ ਕੋਨੇ ਵਿਚ ਸੂਬਿਆਂ ਰਾਹੀਂ ਪ੍ਰਚਾਰ ਕੀਤਾ।



Sri Satguru Jagjit Singh Ji Elibrary NamdhariElibrary@gmail.com

ਦੇਸ਼ ਆਜ਼ਾਦ ਕਰਵਾਉਣ ਲਈ ਜੰਮੂ, ਕਸ਼ਮੀਰ, ਨਿਪਾਲ, ਭੂਟਾਨ, ਕਾਬਲ ਕੰਧਾਰ, ਰੂਸੀ ਤੁਰਕਸਤਾਨ ਅਤੇ ਰੂਸ ਵਿਚ ਆਪਣੇ ਏਲਚੀ ਸੂਬਿਆਂ ਨੂੰ ਭੇਜ ਕੇ ਮਹਾਨ ਦੇਸ਼ਾਂ ਨਾਲ ਮਿਤਰਤਾ ਦੇ ਗੂੜ੍ਹੇ ਸੰਬੰਧ ਕਾਇਮ ਕੀਤੇ।ਕਸ਼ਮੀਰ ਨਿਪਾਲ ਦੀਆਂ ਸਰਕਾਰਾਂ ਵਲੋਂ ਤਾਂ ਕੂਕਾ ਰਜਮੈਂਟਾਂ ਵੀ ਭਰਤੀ ਕੀਤੀਆਂ ਗਈਆਂ।

ਕੂਕਿਆਂ ਤੇ ਅੱਤ ਜ਼ੁਲਮਾਂ ਦੇ ਕਹਿਰਾਂ ਦੀ ਹਨੇਰੀ ਵੱਗੀ, ਬਿਨਾਂ ਮੁਕੱਦਮੇ ਜੇਲ੍ਹੀਂ, ਕਾਲੇ ਪਾਣੀਆਂ ਦੀਆਂ ਸਖਤ ਸਜ਼ਾਵਾਂ, ਦੇਸ਼ਾਂ ਬਦੇਸ਼ਾਂ ਵਿਖੇ ਨਜ਼ਰਬੰਦੀਆਂ, ਫਾਂਸੀਆਂ ਤੇ ਤਲਵਾਰਾਂ ਦੇ ਘਾਟ ਜ਼ੁਲਮਾਨਾ ਕਤਲੇਆਮ ਕੀਤਾ ਗਿਆ। ਜਿਸ ਦਾ ਮੁਢ ਅੰਗਰੇਜ਼ਾਂ ਵਲੋਂ ਸਾਰੇ ਦੇਸ਼ ਦੀ ਜਨਤਾ ਨੂੰ ਪਾੜੋ ਤੇ ਰਾਜ ਕਰੋ ਦੀ ਬਰਤਾਨਵੀਂ ਇਮਪੀਰੀਆਲਿਜ਼ਮ ਨੀਤੀ ਨਾਲ ਸੰਨ 1871 ਵਿਚ ਹਿੰਦੂ, ਮੁਸਲਮ ਸਿਖ ਫਸਾਦਾਂ ਤੋਂ ਆਰੰਭ ਹੋਇਆ।

ਸ੍ਰੀ ਅੰਮ੍ਰਿਤਸਰ ਵਿਖੇ, ਜਿਥੇ ਅਜ ਕਲ ਘੰਟਾ ਘਰ ਹੈ ਤੇ ਉਦੋਂ ਉਥੇ ਖੁਲ੍ਹਾ ਮੈਦਾਨ ਸੀ। ਅੰਗਰੇਜ਼ਾਂ ਉਥੇ ਇਕ ਵਡਾ ਬੁੱਚੜਖਾਨਾ ਖੋਹਲਿਆ, ਜਿਸਦੀ ਚੜ੍ਹਦੇ ਵੱਲ ਦੀ ਕੰਧ ਸ੍ਰੀ ਦਰਬਾਰ ਸਾਹਿਬ ਜੀ ਦੇ ਪਵਿਤਰ "ਰਾਮਦਾਸ ਸਰੋਵਰ" ਦੀ ਪ੍ਰਕਰਮਾ ਦੇ ਇਕ ਕੰਨੇ ਨਾਲ ਲਗਦੀ ਸੀ।

ਨਿਤ ਦਿਨ ਇੱਲਾਂ, ਗਿਰਝਾਂ ਤੇ ਕਾਂ ਬੁਚੜਖਾਨੇ ਵਿਚੋਂ ਹੱਡ, ਮਾਸ ਦੀਆਂ ਬੋਟੀਆਂ ਚੁਕ ਕੇ ਪਵਿਤਰ ਸਰੋਵਰ ਦੇ ਅੰਮ੍ਰਿਤ ਜਲ ਵਿਚ ਸੁਟਦਿਆਂ ਅਪਵਿਤਰਤਾ ਹੀ ਨਹੀਂ, ਬਲਕਿ ਘੋਰ ਬੇਅਦਬੀ ਕਰ ਰਹੇ ਸਨ। ਸ਼ਹਿਰ ਦੇ ਹਿੰਦੂ, ਸਿਖਾਂ ਦੇ ਮਨ ਅੱਤੀ ਦੁਖੀ ਤੇ ਪਰੇਸ਼ਾਨ ਸਨ।

ਉਹਨੀਂ ਦਿਨੀ ਧਾਰਮਿਕ, ਸਮਾਜਿਕ ਤੇ ਰਾਜਨੀਤਕ ਪੱਖੋਂ ਨਾਮਧਾਰੀ ਕੂਕਾ ਮੱਤ ਆਪਣੇ ਜੋਬਨ ਤੇ ਇੰਡੀਅਨ ਨੈਸ਼ਨਲ ਵਿਚਾਰਾਂ ਵਾਲਾ ਇਕ ਮਜ਼ਬੂਤ ਪੰਥ ਸੀ। ਜੋ ਪੰਜਾਬ ਵਿਚ ਆਜ਼ਾਦੀ ਅੰਦੋਲਨ ਦੀ ਵੱਡੀ ਤਿਆਰੀ ਕਰ ਰਿਹਾ ਸੀ। ਜਿਸ ਦਾ ਨਿਸ਼ਾਨਾ ਦੇਸ਼ ਨੂੰ ਆਜ਼ਾਦ ਕਰਵਾਉਣ ਤੇ ਮਹਾਰਾਜਾ ਦਲੀਪ ਸਿੰਘ ਜੀ ਨੂੰ ਵਲੈਤੋਂ ਮੁੜ ਪੰਜਾਬ ਲਿਆ ਕੇ ਸਿਖ ਰਾਜ ਸਦਕਾ ਭਾਰਤੀ ਸਵੈਰਾਜ ਨੂੰ ਕਾਇਮ ਕਰਨਾ ਸੀ। ਦੇਸ਼ ਧਰਮ ਦਾ ਘੋਰ ਅਪਮਾਨ ਹੁੰਦਾ ਤੱਕ ਕੂਕੇ ਤਾਬੇ ਅਸ਼ਾਂਰ ਹੋ ਗਏ ਤੇ ਧਰਮ ਵਿਰੋਧੀ, ਦੇਸ਼ ਧਰੋਹੀਆਂ ਗਦਾਰਾਂ ਨੂੰ ਸੋਧਣ ਦਾ ਮਨ ਬਣਾ ਲਿਆ।

14, 15 ਜੂਨ 1871 ਦੀ ਵਿਚਕਾਰਲੀ ਰਾਤ ਨੂੰ ਕੂਕਿਆਂ ਦੇ ਇਕ ਜਥੇ ਨੇ ਅੰਮ੍ਰਿਤਸਰ ਵਿਖੇ, ਗੁਰੂ ਦੀ ਨਗਰੀ, ਸ੍ਰੀ ਦਰਬਾਰ ਸਾਹਿਬ ਲਾਗੇ ਦੇ ਬੁਚੜਖਾਨੇ ਵਿਚੋਂ ਸਵੇਰ ਨੂੰ ਕਤਲ ਹੋਣ ਵਾਲੀਆਂ ਗਊਆਂ ਨੂੰ ਆਜ਼ਾਦ ਕਰਾਉਂਦਿਆਂ ਬੁਚੜਖਾਨੇ ਨੂੰ ਮੂਲੋਂ ਹੀ ਬਰਬਾਦ ਕਰ ਦਿਤਾ। ਫਿਰ ਸ਼ਹਿਰ ਦੀ ਹੱਦ ਅੰਦਰਲੇ ਦੂਜੇ ਬੁਚੜਖਾਨੇ ਦਾ ਵੀ ਸਫਾਇਆ ਕਰਦਿਆਂ ਅੰਗਰੇਜ਼ਾਂ ਦੇ ਝੋਲੀ ਚੁਕ ਪਿੱਠੂ ਬੁੱਚੜਾਂ ਨੂੰ ਖਰੇ ਘਰੀ ਜਾ ਸੋਧਿਆ। ਸਾਰੇ ਸਿੰਘ ਸਫਲਤਾ ਸਹਿਤ ਫਰਾਰ ਹੋ ਗਏ। ਦਿਨ ਚੜ੍ਹਦੇ ਪੁਲਸ ਨੇ ਸ਼ਹਿਰ ਦਿਆਂ ਕੁਝ ਹਿੰਦੂ, ਬਰਾਹਮਣਾਂ ਤੇ ਨਿਹੰਗ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਨੇ ਪੁਲਸ ਦੀ ਮਾਰ ਬਾਦ, ਬੁੱਚੜਾਂ ਦੇ ਕਤਲ ਕੀਤੇ ਮੰਨ ਲਏ ਤੇ ਮੁਕੱਦਮਿਆਂ ਬਾਦ ਮੌਤ ਦੀਆਂ ਸਜ਼ਾਵਾਂ ਹੋ ਗਈਆਂ।

ਉਹਨੀਂ ਦਿਨੀਂ ਹੀ ਉਪਰੋਕਤ ਕੂਕੇ ਸਿੰਘ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਲਈ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿੰਘਾਂ ਤਾਈਂ ਪੁਛਿਆ ਕਿ—

"ਅੰਮ੍ਰਿਤਸਰ ਦੇ ਬੁੱਚੜ ਕਤਲ ਕੇਸ ਦਾ ਕੀ ਬਣਿਆ ?"

ਅੱਗੋਂ ਸਿੰਘਾਂ ਉਤਰ ਦਿੰਦਿਆਂ ਕਿਹਾ, "ਸਚੇ ਪਾਤਸ਼ਾਹ ਜੀ ਉਹਨਾਂ ਨਿਰਦੋਸ਼ਾਂ ਨੂੰ ਮੌਤ ਦੀਆਂ ਸਜ਼ਾਵਾਂ ਹੋ ਗਈਆਂ ਹਨ।"

ਅਗੋਂ ਗੁਰੂ ਪਾਤਸ਼ਾਹ ਜੀ ਫੁਰਮਾਇਆ, "ਉਹ ਨਿਰਦੋਸ਼ ਕਿਵੇਂ ?"

ਸਿੰਘਾਂ ਕਿਹਾ ਹਜ਼ੂਰ ਪਾਤਸ਼ਾਹ ਜੀਓ, ਅਸਲ ਵਿਚ ਸੱਚੀ ਗੱਲ ਤਾਂ ਇਹ ਹੈ ਕਿ ਕਤਲ ਤਾਂ ਅਸੀਂ ਹੀ ਕੀਤੇ ਸਨ।"

ਸਤਿਗੁਰਾਂ ਹੁਕਮ ਦਿਤਾ, "ਸਿੰਘੋ ਤਾਂ ਛੇਤੀ ਅੰਮ੍ਰਿਤਸਰ ਜਾਵੋ, ਉਹਨਾਂ ਨਿਰਦੋਸ਼ਾਂ ਨੂੰ ਛੁੜਾ ਦਿਓ ਤੇ ਆਪਣੇ ਕੀਤੇ ਕਰਮ ਖੁਦ ਆਪ ਭੁਗਤੋ ਤਾਂ ਹੀ ਤੁਹਾਡਾ ਧਰਮ ਹੋਰ ਕੀਤਾ ਪਰਉਪਕਾਰ ਚੰਗੇ ਲੇਖੇ ਲੱਗੇਗਾ।"

ਸਿੰਘਾਂ ਗੁਰੂ ਹੁਕਮਾਂ ਨੂੰ ਮੰਨਦਿਆਂ ਛੇਤੀ ਅੰਮ੍ਰਿਤਸਰ ਪਹੁੰਚ ਕੇ ਖੁਸ਼ੀ ਖੁਸ਼ੀ ਆਪਣੇ ਜ਼ੁਲਮਾਂ ਦਾ ਇਕਬਾਲ ਕਰਦਿਆਂ ਨਿਰਦੋਸ਼ਾਂ ਦੀ ਬੰਦ ਖਲਾਸੀ ਕਰਵਾਈ। ਨਿਰਦੋਸ਼ ਬਰ੍ਹਾਮਣਾ ਤੇ ਨਿਹੰਗਾਂ ਨੇ ਸਿੰਘਾਂ ਦਾ ਧੰਨਵਾਦ ਕਰਦਿਆਂ ਸਤਿਗੁਰ ਰਾਮ ਸਿੰਘ ਜੀ ਦੇ ਬੇਅੰਤ ਗੁਣ ਗਾਏ, ਫਿਰ ਅਸਲ ਕੂਕਿਆਂ ਤੇ ਮੁਕੱਦਮੇ ਸ਼ੁਰੂ ਹੋ ਗਏ।

ਸ੍ਰੀ ਅੰਮ੍ਰਿਤਸਰ ਦੀ ਘਟਨਾ ਤੋਂ 4 ਕੁ ਹਫਤੇ ਬਾਦ ਕੁਝ ਨਾਮਧਾਰੀ ਸਿੰਘਾਂ ਰਾਏ ਕੋਟ ਵਿਖੇ ਬੁੱਚੜਾਂ



Sri Satguru Jagjit Singh Ji Elibrary NamdhariElibrary@gmail.com

ਅਤੇ ਬੁੱਚੜਖਾਨਿਆਂ ਦਾ ਨਾਮੋਨਿਸ਼ਾਨ ਮਿਟਾ ਦਿਤਾ। ਕਾਤਲਾਂ ਨੂੰ ਫੜਾਉਣ ਲਈ ਸਰਕਾਰ ਵਲੋਂ 1000 ਰੁਪਏ ਇਨਾਮ ਰਖੇ ਗਏ। ਇਸ ਲਾਲਚ ਵਿਚ ਦੇਸ਼ ਗਦਾਰਾਂ ਨੇ ਅਸਲ ਕੂਕੇ ਦੋਸ਼ੀਆਂ ਦੇ ਨਾਲ ਦੋ ਹੋਰ ਨਿਰਦੋਸ਼ ਕੂਕਿਆਂ ਨੂੰ ਵੀ ਗ੍ਰਿਫਤਾਰ ਕਰਵਾ ਦਿਤਾ। ਇਹਨਾਂ ਦੇ ਮੁਕੱਦਮੇ ਵੀ ਚਾਲੂ ਹੋ ਗਏ।

ਅੰਮ੍ਰਿਤਸਰ ਕੇਸ ਦੁਬਾਰਾ ਚਾਲੂ ਹੋਣ ਕਾਰਨ ਲੰਬਾ ਪੈ ਗਿਆ। ਪਰ ਰਾਏਕੋਟ ਦਾ ਫੈਸਲਾ ਪਹਿਲਾਂ ਹੋ ਗਿਆ। 5-8-1871 ਨੂੰ ਸਰਕਾਰ ਨੇ ਤਿੰਨ ਸਿੰਘਾਂ ਨੂੰ ਰਾਏਕੋਟ, ਬਸੀਆਂ ਦੀ ਕੋਠੀ ਲਾਗੇ, ਜਨਤਾ ਸਾਹਮਣੇ, ਦਰਖਤ ਨਾਲ ਫਾਂਸੀਆਂ ਦਿਤੀਆਂ। 15-9-1871 ਨੂੰ ਅੰਮ੍ਰਿਤਸਰ ਕੇਸ ਦੇ ਸੰਬੰਧ ਵਿਚ ਤਿੰਨਾਂ ਸਿੰਘਾਂ ਨੂੰ ਕਾਲੇ ਪਾਣੀਆਂ ਦੀਆਂ ਉਮਰ ਕੈਦਾਂ ਤੇ ਬਾਕੀ 4 ਸਿੰਘਾਂ ਨੂੰ ਅੰਮ੍ਰਿਤਸਰ ਰਾਮ ਬਾਗ ਦੇ ਇਕ ਦਰਖਤ ਨਾਲ ਲੋਕਾਂ ਸਾਹਮਣੇ ਫਾਂਸੀਆਂ ਦਿਤੀਆਂ।

ਰਾਏਕੋਟ ਕੇਸ ਵਿਚ ਦੋ ਨਿਰਦੋਸ਼ ਸਿੰਘਾਂ ਨੂੰ 26-11-1871 ਨੂੰ ਲੁਧਿਆਣੇ ਡਿਸਟ੍ਰਿਕਟ ਜੇਲ੍ਹ ਵਿਚ ਫਾਂਸੀਆਂ ਦਿਤੀਆਂ। ਧਰਮ ਦੇਸ਼ ਤੇ ਕੌਮ ਦੀ ਅਣਖ ਆਣ ਬਦਲੇ ਰਾਏ ਕੋਟ ਅਤੇ ਅੰਮ੍ਰਿਤਸਰ ਦੇ ਸ਼ਹੀਦਾਂ ਨੇ ਢੋਲਕੀ ਛੈਣਿਆਂ ਦੇ ਨਾਲ ਕੀਰਤਨ ਕਰਦਿਆਂ ਨੰਗੇ ਮੂੰਹੀਂ ਫਾਂਸੀਆਂ ਦੇ ਰੇਸ਼ਮੀ ਰੱਸਿਆਂ ਨੂੰ ਆਪਣੀ ਹੱਥੀਂ ਆਪ ਗਲਾਂ ਵਿਚ ਪਾ ਕੇ ਸ਼ਹੀਦੀ ਪੀਂਘਾਂ ਝੂਟੀਆਂ।

ਕੂਕੇ ਸਿੰਘਾਂ ਦੀਆਂ ਸ਼ਹੀਦੀਆਂ ਕਾਰਨ ਪੰਜਾਬੀਆਂ ਵਿਚ ਸਰਕਾਰ ਦੇ ਖਲਾਫ ਕਾਫੀ ਰੋਸ ਤੇ ਜੋਸ਼ ਸੀ। ਕੂਕਿਆਂ ਦਾ ਅਗਲਾ ਭਾਰੀ ਮੇਲਾ "ਮਾਘੀ" ਦਾ ਮੁਕਤਸਰ ਹੋਣਾ ਸੀ। ਪਰ ਸਰਕਾਰ ਕੂਕਿਆਂ ਤੋਂ ਡੈ ਭੈਭੀਤ ਹੋ ਗਈ ਤੇ 30-12-1871 ਨੂੰ ਲਾਹੌਰ ਤੋਂ ਪੰਜਾਬ ਸਰਕਾਰ ਦੇ ਅੰਡਰ ਸੈਕਟਰੀ ਪੁਲਸ ਮਹਿਕਮੇ ਵਲੋਂ ਪੰਜਾਬ ਦੇ ਸਾਰੇ ਸ਼ਹਿਰਾਂ ਦੇ ਪੁਲਸ ਕਮਿਸ਼ਨਰਾਂ ਨੂੰ ਇਕ ਸਰਕੂਲਰ ਰਾਹੀਂ ਹੁਕਮ ਦਿਤਾ ਗਿਆ ਕਿ "ਗੁਰੂ ਰਾਮ ਸਿੰਘ ਅਤੇ ਕੂਕੇ ਸੂਬਿਆਂ ਨੂੰ ਸਰਕਾਰ ਤੋਂ ਇਜਾਜ਼ਤ ਲਏ ਬਿਨਾਂ ਕਿਸੇ ਵੀ ਵੱਡੇ ਮੇਲੇ ਅਤੇ ਇਕੱਠ ਵਿਚ ਨਾ ਜਾਣ ਦਿਤਾ ਜਾਵੇ।"

3 ਜਨਵਰੀ 1872 ਦੀ ਇਕ ਹੋਰ ਸਰਕਾਰੀ ਚਿੱਠੀ ਰਾਹੀਂ ਕੂਕਿਆਂ ਤੇ ਹਰ ਪ੍ਰਕਾਰ ਦੀਆਂ ਗੁਪਤ ਢੰਗ ਨਾਲ ਨਿਗਰਾਨੀਆਂ ਪਾਬੰਦੀਆਂ ਤੇ ਸਖਤੀਆਂ ਰਖਣ ਦੇ ਹੁਕਮ ਜਾਰੀ ਕਰ ਦਿਤੇ ਗਏ।

ਨਵੰਬਰ 1871 ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਸ੍ਰੀ ਮਾਤਾ ਜੱਸਾਂ ਜੀ ਜੋਤੀ ਜੋਤ ਸਮਾ ਗਏ ਸਨ। ਉਹਨਾਂ ਦੇ ਨਮਿਤ ਸ੍ਰੀ ਭੈਣੀ ਸਾਹਿਬ ਵਿਖੇ 101 ਪਾਠਾਂ ਦੇ ਭੋਗ ਪਾਉਣ ਦੇ ਉਦੇਸ਼ ਨਾਲ ਸਤਿਗੁਰਾਂ ਨੇ ਮੁਕਤਸਰ ਦੀ ਥਾਂ ਸ੍ਰੀ ਭੈਣੀ ਸਾਹਿਬ 11, 12 ਤੇ 13 ਜਨਵਰੀ 1872 ਨੂੰ ਮਾਘੀ ਦਾ ਮੇਲਾ ਕੀਤਾ। ਜਿਸ ਵਿਚ ਇਕ ਹਜ਼ਾਰ (1000) ਤੋਂ ਵੱਧ ਸੰਗਤਾਂ ਨੇ ਭਾਗ ਲਿਆ।

101 ਪਾਠਾਂ ਦੇ ਭੋਗ ਸ੍ਰੀ ਮਾਤਾ ਜੱਸਾਂ ਜੀ ਨਮਿਤ ਤੇ 700 ਪਾਠਾਂ ਦੇ ਭੋਗ ਦੇਸ਼ ਭਗਤ ਸ਼ਹੀਦਾਂ ਨਮਿਤ ਪਾਏ ਗਏ। ਸੰਗਤਾਂ ਵਿਚ ਅੰਗਰੇਜ਼ੀ ਰਾਜ ਦੀ ਜ਼ੁਲਮਾਨਾਂ ਨੀਤੀ ਦੇ ਖਿਲਾਫ ਅਤੇ ਆਪਣੀ ਸੁਤੰਤਰਤਾ ਲੈਣ ਲਈ ਕੁਰਬਾਨੀਆਂ ਦੇਣ ਦਾ ਕਾਫੀ ਜੋਸ਼ ਸੀ। ਸਤਿਗੁਰਾਂ ਨੇ ਸਭ ਸੰਗਤਾਂ ਨੂੰ ਸ਼ਾਂਤ ਚਿਤ, ਏਕਤਾ ਵਿਚ ਰਹਿਣ ਤੇ ਭਾਣਾ ਮੰਨਣ ਦਾ ਸ਼ੁਭ ਉਪਦੇਸ਼ ਦਿਤਾ।

ਇਸੇ ਇਕੱਠ ਵਿਚ ਰਿਆਸਤ ਪਟਿਆਲਾ ਦੇ ਪਿੰਡ ਫਰਵਾਹੀ ਦੇ ਨੰਬਰਦਾਰ ਸੰਤ ਗੁਰਮੁਖ ਸਿੰਘ ਜੀ ਨੇ ਸੰਗਤਾਂ ਨੂੰ ਆਪਣੀ ਹੱਡ ਬੀਤੀ ਦਾਸਤਾਂ ਸੁਣਾਉਂਦਿਆਂ ਕਿਹਾ, "ਕੁਝ ਦਿਨ ਹੋਏ ਮੈਂ ਮੁਆਮਲਾ ਤਾਰਨ ਮਲੇਰ ਕੋਟਲੇ ਜਾ ਰਿਹਾ ਸਾਂ, ਰਸਤੇ ਵਿਚ ਇਕ ਮੁਸਲਮਾਨ ਆਪਣੇ ਮਾੜੇ ਜਿਹੇ ਬਲਦ ਤੇ ਸਬਜ਼ੀਆਂ ਦਾ ਕਾਫੀ ਵਜ਼ਨ ਲੱਦੀ, ਆਪ ਖੁਦ ਵੀ ਉਸੇ ਬਲਦ ਤੇ ਬੈਠਾ ਸ਼ਹਿਰ ਜਾ ਰਿਹਾ ਸੀ। ਵਿਚਾਰਾ ਬਲਦ ਭਾਰ ਨਾਲ ਹੌਂਕ ਰਿਹਾ ਸੀ। ਇਹ ਦੇਖ ਮੈਂ ਉਸ ਕਠੋਰ ਮੁਸਲਮਾਨ ਨੂੰ ਥੱਲੇ ਉਤਰ ਕੇ ਤੁਰਨ ਲਈ ਬੇਨਤੀ ਕੀਤੀ। ਉਸ ਨੇ ਮੇਰੀ ਬੇਨਤੀ ਨੂੰ ਝਗੜੇ ਦਾ ਰੂਪ ਬਣਾ ਲਿਆ ਤੇ ਮੈਨੂੰ ਬਹੁਤ ਗਾਹਲਾਂ ਕੱਢੀਆਂ।

ਸਾਡੀ ਰੌਲੀ ਸੁਣਕੇ ਉਸ ਦੇ ਕੁਝ ਹਾਮੀ ਮੁਸਲਮਾਨ ਆ ਗਏ। ਉਹਨਾਂ ਸਾਨੂੰ ਕੋਤਵਾਲੀ ਲਿਜਾ ਖੜਿਆ, ਕੋਤਵਾਲ ਨੇ ਨਿਆਂ ਕਰਨ ਦੀ ਥਾਂ ਮੈਨੂੰ ਮਾਰਿਆ ਕੁਟਿਆ ਤੇ ਰੱਸੇ ਨਾਲ ਬੰਨ੍ਹ ਦਿਤਾ। ਫਿਰ ਮੇਰੇ ਸਾਹਮਣੇ ਉਸ ਬਲਦ ਨੂੰ ਦੁਖਾਂ ਭਰੇ ਤਸੀਹੇ ਦੇ ਜਿਵਾਹ ਕਰਵਾ ਦਿਤਾ।

ਮੈਂ ਦਿਲੋਂ ਬਹੁਤ ਦੁਖੀ ਸਾਂ, ਮੈਨੂੰ ਬੰਨ੍ਹਿਆਂ ਹੋਇਆ



Sri Satguru Jagjit Singh Ji Elibrary NamdhariElibrary@gmail.com

ਹੋਣ ਕਾਰਨ ਮੈਂ ਕੁਝ ਨਾ ਕਰ ਸਕਿਆ। ਕੋਤਵਾਲ ਨੇ ਬਾਦ ਵਿਚ ਮੈਨੂੰ ਬਹੁਤ ਬੁਰਾ ਭਲਾ ਕਿਹਾ ਅਤੇ ਕੋਤਵਾਲੀ 'ਚੋਂ ਬਾਹਰ ਕੱਢ ਦਿਤਾ।"

ਸੰਗਤਾਂ ਵਿਚ ਤਾਂ ਅੱਗੇ ਹੀ ਸਿੰਘਾਂ ਦੀਆਂ ਸ਼ਹੀਦੀਆਂ ਕਾਰਨ ਸਰਕਾਰ ਦੇ ਖਿਲਾਫ ਬਹੁਤ ਰੰਜ ਸੀ ਸੰਤ ਗੁਰਮੁਖ ਸਿੰਘ ਜੀ ਦੀ ਦੁਖਾਂਤ ਵਾਰਦਾਤ ਨੇ ਸੰਗਤਾਂ ਦੇ ਦਿਲਾਂ ਤੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਜੋਸ਼ੀਲੇ ਸੂਰਬੀਰ ਜੋਧੇ ਮਲੇਰਕੋਟਲੇ ਦੇ ਜ਼ਾਲਮਾਂ ਪਾਸੋਂ ਸੰਤ ਗੁਰਮੁਖ ਸਿੰਘ ਜੀ ਦੇ ਕੀਤੇ ਭਾਰੀ ਅਪਮਾਨ ਦਾ ਬਦਲਾ ਲੈਣ ਤੇ ਗਊ ਗਰੀਬ ਦੇ ਗਲੋਂ ਛੁਰੀ ਲਹਾਉਣ, ਲਈ ਕੂਕਾਂ ਮਾਰ, ਕੂਕ ਉਠੇ।

140 ਤੋਂ ਵੱਧ ਬਹਾਦਰ ਦਲੇਰ ਸਿੰਘਾਂ, ਸਰਦਾਰ ਹੀਰਾ ਸਿੰਘ ਜੀ ਤੇ ਸੰਤ ਲਹਿਣਾ ਸਿੰਘ ਜੀ ਸਕਰੌਦੀ ਦੀ ਅਗਵਾਈ ਵਿਚ ਸ੍ਰੀ ਭੈਣੀ ਸਾਹਿਬ ਦੇ ਆਕਾਲ ਬੁੰਗੇ ਅਗੇ ਖੜਿਆਂ ਹੋ, ਮਲੇਰਕੋਟਲੇ ਵਿਖੇ ਹੋ ਰਹੇ ਗਊ ਘਾਤ ਦੇ ਜ਼ਾਲਮ ਪਾਪੀਆਂ ਨੂੰ ਸੋਧਣ ਲਈ ਅਰਦਾਸਾ ਕਰ "ਸ਼ਹੀਦੀ ਜੱਥਾ" ਬਣਾ ਲਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਨਮਸਕਾਰ ਕਰਦਾ ਇਹ ਸ਼ਹੀਦੀ ਜਥਾ 13 ਜਨਵਰੀ 1872 ਨੂੰ ਦੁਪਹਿਰੇ ਦੋ ਵਜੇ ਸ੍ਰੀ ਭੈਣੀ ਸਾਹਿਬ ਤੋਂ ਮਲੇਰਕੋਟਲੇ ਲਈ ਰਵਾਨਾ ਹੋਇਆ।

ਲੁਧਿਆਣਾ ਡਿਪਟੀ ਕਮਿਸ਼ਨਰ ਕਾਵਨ ਦੇ ਹੁਕਮ ਨਾਲ ਲੁਧਿਆਣਾ ਪੁਲਸ ਦਾ ਡਿਪਟੀ ਇੰਨਸਪੈਕਟਰ ਸਰ ਫਰਾਜ਼ ਖਾਂਹ ਤਿੰਨਾਂ ਦਿਨਾਂ ਤੋਂ ਮੇਲੇ ਦੀ ਸਾਰੀ ਰਿਪੋਰਟ ਲੈਣ ਸ੍ਰੀ ਭੈਣੀ ਸਾਹਿਬ ਆਇਆ ਹੋਇਆ ਸੀ। ਸਿੰਘਾਂ ਦੇ ਸ੍ਰੀ ਭੈਣੀ ਸਾਹਿਬ ਤੋਂ ਤੁਰਨ ਪਿਛੋਂ ਉਸ ਨੇ ਲੁਧਿਆਣੇ ਪਹੁੰਚ ਕੇ ਕਾਵਨ ਨੂੰ ਇਹ ਖਬਰ ਦੇ ਦਿਤੀ ਕਿ ਕੂਕਿਆਂ ਵਲੋਂ ਛੇਤੀ ਹੀ ਕੋਟਲੇ ਤੇ ਹਮਲਾ ਕੀਤਾ ਜਾਏਗਾ। ਇਹ ਸੁਣ ਕਾਵਨ ਨੇ 13 ਜਨਵਰੀ ਉਸੇ ਦਿਨ ਰਾਤ 11 ਵਜੇ ਪਟਿਆਲਾ ਤੇ ਕੋਟਲੇ ਦੇ ਵਕੀਲਾਂ ਨੂੰ ਸੂਚਨਾ ਦੇ ਦਿਤੀ ਜੋ 14 ਜਨਵਰੀ ਸਵੇਰੇ 6 ਵਜੇ ਕੋਟਲੇ ਜਾ ਪੁਜੀ। ਕੋਟਲਾ ਅਧਿਕਾਰੀਆਂ ਸਾਰੇ ਸ਼ਹਿਰ ਦੁਆਲੇ ਪਹਿਰੇ ਲਾ ਦਿਤੇ।

ਜਥਾ ਭੈਣੀ ਸਾਹਿਬ ਤੋਂ ਚਲਕੇ ਰਾਤ ਰੱਬੋ ਪਿੰਡ ਰਿਹਾ ਤੇ 14 ਜਨਵਰੀ ਮਲੌਦ ਕਿਲੇ ਦੇ ਸਰਦਾਰ ਬਤਨ ਸਿੰਘ ਪਾਸ ਜਾ ਪੁਜਾ। ਸਰਦਾਰ ਨੇ ਜਥੇ ਦਾ ਬਹੁਤ ਨਿੱਘਾ ਆਦਰ ਮਾਣ ਤੇ ਸਵਾਗਤ ਕੀਤਾ। ਸਰਦਾਰ ਹੀਰਾ ਸਿੰਘ ਜੀ ਹੋਰਾਂ ਕੁਝ ਹਥਿਆਰ ਤੇ ਘੋੜਿਆਂ ਦੀ ਮੰਗ ਕੀਤੀ, ਪਰ ਬਤਨ ਸਿੰਘ ਘਬਰਾ ਗਿਆ ਤੇ ਸਿੰਘ ਸਾਹਿਬ ਨੂੰ ਨਾਂਹ ਕਰ ਦਿਤੀ।

ਅਗੋਂ ਸਾਰੇ ਜਥੇ ਨੇ ਕਿਹਾ, "ਸਰਦਾਰ ਜੀ ਅਸੀਂ ਤਾਂ ਹੁਣ ਖਾਲੀ ਹੱਥ ਨਹੀਂ ਜਾਣਾ।"

ਸਿੰਘਾਂ ਫਿਰ ਕੁਝ ਘੋੜੇ ਤੇ ਲੋੜੀਂਦੇ ਸ਼ਸਤਰ ਉਠਾ ਲਏ। ਬਤਨ ਸਿੰਘ ਸਿੰਘ ਚੁਪ ਰਿਹਾ, ਪਰ ਉਸ ਦੇ ਨੌਕਰਾਂ ਰੌਲਾ ਪਾ ਦਿਤਾ। ਨਗਰ ਨਿਵਾਸੀ ਸਿੰਘਾਂ ਦੇ ਮੁਕਾਬਲੇ ਤੇ ਚੜ੍ਹ ਆਏ। ਸਿੰਘਾਂ ਹਥੋਂ ਦੋ ਆਦਮੀ ਮਾਰੇ ਗਏ। ਦੋ ਸਖਤ ਫਟੜ ਹੋ ਗਏ ਤੇ ਉਥੇ ਹੀ ਗ੍ਰਿਫਤਾਰ ਹੋ ਗਏ। ਦੋ ਸਿੰਘ ਸ਼ਹੀਦ ਹੋਏ। ਚਾਰ ਬਹੁਤ ਫਟੜ ਹੋਏ ਤੇ ਉਥੇ ਹੀ ਗ੍ਰਿਫਤਾਰ ਹੋਏ।

ਮਲੌਦ ਤੋਂ ਤੁਰ ਕੇ ਜਥਾ ਅੱਧੀ ਰਾਤ ਤੋਂ ਪਹਿਲਾਂ ਹੀ ਕੋਟਲੇ ਦੇ ਨੇੜੇ ਪੁਜ ਗਿਆ ਤੇ ਇਕ ਪੁਰਾਣੇ ਬਾਗ ਵਿਚ ਠਹਿਰ ਗਿਆ ਕਿਉਂਕਿ ਸ਼ਹਿਰ ਦੇ ਗਿਰਦ ਹਥਿਆਰ ਬੰਦ ਗਾਰਦ ਪਹਿਰਾ ਦੇ ਰਹੀ ਸੀ।

15 ਜਨਵਰੀ 1872 ਨੂੰ ਸਵੇਰੇ ਹੀ ਜਥਾ ਕੋਟਲੇ ਸ਼ਹਿਰ ਦੀ ਦੀਵਾਰ ਟੱਪ ਕੇ ਸ਼ਹਿਰ ਅੰਦਰ ਆ ਗਿਆ। ਕੋਤਵਾਲੀ ਦੇ ਸਾਹਮਣੇ ਜਥੇ ਨੂੰ ਰੋਕਿਆ ਗਿਆ। ਤੇ ਇਥੇ ਯੁੱਧ ਹੋਇਆ, ਗਹਿਗੱਚ ਲੜਾਈ ਵਿਚ ਅਹਿਮਦ ਖਾਂ ਕੋਤਵਾਲ ਤੇ 9 ਸਿਪਾਹੀ ਮਾਰੇ ਗਏ ਅਤੇ 13 ਸਖਤ ਜ਼ਖਮੀ ਤੇ ਫਟੜ ਹੋਏ ਫਿਰ ਕੋਟਲੇ ਸ਼ਹਿਰ ਦੇ ਮਹੱਲਾ ਚਿੜੀ ਮਾਰਾਂ ਤੇ ਸਿੰਘਾਂ ਨੇ ਹਮਲਾ ਕੀਤਾ, ਇਸ ਮਹੱਲੇ ਵਿਚ ਹਿੰਦੂ ਧਰਮ ਦੇ ਦੋਖੀ ਬੁੱਚੜਾਂ ਦੀ ਖਾਸੀ ਗਿਣਤੀ ਸੀ। ਕੂਕਿਆਂ ਨੇ ਅੰਗਰੇਜ਼ ਪਾਲਕ ਜ਼ਾਲਮ ਬੁਚੜਾਂ ਤੇ ਸਰਕਾਰੀ ਚਮਚਿਆਂ ਨੂੰ ਖੂਬ ਸੋਧਿਆ। ਪੁਲਸ ਤੇ ਫੌਜ ਮੌਕੇ ਤੇ ਪਹੁੰਚ ਗਈ। ਭਾਵੇ ਘਮਸਾਣ ਦੀ ਲੜਾਈ ਹੋਈ। ਦੇਸ਼ ਧਰਮ ਅਤੇ ਕੌਮੀ ਆਜ਼ਾਦੀ ਦੀ ਖਾਤਰ ਮਲੇਰਕੋਟਲੇ ਵਿਖੇ 7 ਕੂਕੇ ਸ਼ਹੀਦ ਤੇ ਦੋ ਫਟੜ ਹੋਏ।

ਆਪਣਾ ਮਕਸਦ ਪੂਰਾ ਕਰ ਕੇ ਜਥਾ ਰੜ ਪਿੰਡ ਜਾ ਪੁਜਾ। ਸਰਦਾਰ ਹੀਰਾ ਸਿੰਘ ਜੀ ਨੇ ਜੱਥੇ ਨੂੰ ਕਿਹਾ—

"ਸ੍ਰੀ ਗੁਰੂ ਤੇਗ ਬਹਾਦਰ ਜੀ ਵਲੋਂ ਇੰਨਾਂ ਹੁਕਮ ਸੀ। ਹੁਣ ਅਸਾਂ ਕੱਖ ਵੀ ਨਹੀਂ ਤੋੜਨਾ, ਜਿਹਨਾਂ ਘਰਾਂ ਨੂੰ ਜਾਣਾ ਹੈ ਚਲੇ ਜਾਣ, ਜਿਸ ਸਿਰ ਦੇਣਾ ਹੈ ਉਹ ਸਾਡੇ ਨਾਲ



Sri Satguru Jagjit Singh Ji Elibrary NamdhariElibrary@gmail.com

ਸ਼ੇਰਪੁਰ ਦੇ ਥਾਣੇ ਚਲੇ ਚਲਣ।"

68 ਸਰੀਰਾਂ ਦਾ ਜਥਾ ਸ਼ੇਰਪੁਰ ਥਾਣੇ ਜਾ ਕੇ ਆਪਣੇ ਆਪ ਗ੍ਰਿਫਤਾਰ ਹੋ ਗਿਆ।

ਕੂਕਿਆਂ ਵਲੋਂ ਮਲੇਰਕੋਟਲੇ ਤੇ ਹਮਲੇ ਦੀ ਖਬਰ ਮਿਲਦੇ ਸਾਰ ਕਾਵਨ ਡਿਪਟੀ ਕਮਿਸ਼ਨਰ ਲੁਧਿਆਣੇ ਨੇ ਮਲੌਦ ਤੋਂ ਹੀ ਅੰਬਾਲਾ ਕਮਿਸ਼ਨਰ ਜੋ ਉਹਨੀ ਦਿਨੀਂ ਦਿੱਲੀ ਗਿਆ ਹੋਇਆ ਸੀ ਉਸ ਨੂੰ ਤਾਰ ਪਾ ਦਿਤੀ ਕਿ "500 ਕੂਕਿਆਂ ਨੇ ਮਲੇਰਕੋਟਲੇ ਤੇ ਹਮਲਾ ਕਰ ਦਿਤਾ ਹੈ ਫੌਜਾਂ ਛੇਤੀ ਭੇਜਣ ਦਾ ਪ੍ਰਬੰਧ ਕਰੋ।"

ਨਾਲ ਹੀ ਰਿਆਸਤੀ ਰਾਜਿਆਂ ਨੂੰ ਨਵਾਬ ਕੋਟਲੇ ਦੀ ਮਦਦ ਲਈ ਤਾਰਾਂ ਪਾ ਦਿਤੀਆਂ। 16 ਜਨਵਰੀ ਨੂੰ ਕਾਵਨ ਮਲੇਰਕੋਟਲੇ ਪਹੁੰਚ ਗਿਆ।

ਕਾਵਨ ਦੀ ਮੰਗ ਨੂੰ ਪੂਰਿਆਂ ਕਰਦਿਆਂ ਮਹਾਰਾਜਾ ਪਟਿਆਲਾ, ਜੀਂਦ, ਨਾਭਾ ਮਲੌਦ ਦੇ ਰਿਆਸਤੀ ਰਾਜਿਆਂ ਵਲੋਂ 9 ਤੋਪਾਂ ਤੇ 750 ਹਥਿਆਰਬੰਦ ਲੋਕਾਂ ਤੋਂ ਇਲਾਵਾ ਪੰਜਾਬ ਲਾਟ ਦੇ ਹੁਕਮ ਨਾਲ ਕਮਾਂਡਰ ਇੰਨ ਚੀਫ ਨੇ ਦਿਲੀ ਅਤੇ ਅੰਬਾਲੇ ਤੋਂ ਫਸਟ ਗੋਰਖਾ ਪਲਟਣ, ਇਕ ਹਿਸਾ ਰੈਜੀ-ਮੈਂਟ ਨੰਬਰ 72 ਦਾ ਅਤੇ ਇਕ ਖੱਚਰ ਪਾਤੀ ਤੋਪਖਾਨਾ, 12 ਬੰਗਾਲ ਕਵੈਲਰੀ, ਇਹ ਸਭ ਫੌਜਾਂ, ਰਸਾਲੇ ਮਲੇਰ ਕੋਟਲੇ ਕੂਕਿਆਂ ਦੇ ਮੁਕਾਬਲੇ ਅਤੇ ਰਿਆਸਤੀ ਸੁਰਖਿਆ ਲਈ ਭੇਜੇ। ਲੁਧਿਆਣੇ ਦੇ ਕਿਲੇ ਦੀ ਰਾਖੀ ਵਾਸਤੇ 54 ਨੰਬਰ ਪੈਦਲ ਦੀਆਂ 3 ਕੰਪਨੀਆਂ ਅਤੇ ਸ਼ਾਹੀ ਤੋਪ ਖਾਨੇ ਦੀ ਅੱਧੀ ਬੈਟਰੀ ਜਲੰਧਰ ਤੋਂ ਭੇਜੀ ਗਈ।

ਮਹਾਰਾਜਾ ਪਟਿਆਲਾ ਵਲੋਂ ਤੋਪਾਂ ਤੇ ਫੌਜਾਂ ਕੋਟਲੇ ਭੇਜਣ ਤੋਂ ਇਲਾਵਾ 200 ਊਠ, 20 ਹਾਥੀ ਖੰਨੇ ਭੇਜੇ ਗਏ।

ਉਹਨੀਂ ਦਿਨੀ ਮਹਾਰਾਜਾ ਪਟਿਆਲਾ ਵੀ ਦਿਲੀ ਗਿਆ ਹੋਇਆ ਸੀ ਤੇ ਦਿਲੀ ਵਿਖੇ ਲੈਂਫਟੀਨੈਂਟ ਗਵਰਨਰ ਜਨਰਲ, ਕਮਾਂਡਰ ਇੰਨ ਚੀਫ ਅੰਬਾਲਾ ਕਮਿਸ਼ਨਰ ਫੋਰਸਿਥ ਤੇ ਮਹਾਰਾਜਾ ਪਟਿਆਲਾ ਦੀ ਇਕ ਖਾਸ ਮੀਟਿੰਗ ਕੂਕਾ ਬਗਾਵਤ ਨੂੰ ਸੋਚਣ ਵਿਚਾਰਨ ਹਿਤ ਹੋਈ। ਜਿਸ ਦੇ ਸਿਟੇ ਫੋਰਸਿਥ ਨੂੰ 16 ਜਨਵਰੀ 1872 ਨੂੰ ਲੁਧਿਆਣੇ ਭੇਜ ਦਿਤਾ।

ਸ਼ਾਮ ਨੂੰ ਲੁਧਿਆਣੇ ਪਹੁੰਚਦਿਆਂ ਫੋਰਸਿਥ ਨੂੰ ਕੋਟਲੇ ਤੋਂ ਕਾਵਨ ਦੀ ਤਾਰ ਮਿਲੀ ਕਿ—

"68 ਕੂਕੇ ਪਿੰਡ ਰੜ ਵਿਚ ਗ੍ਰਿਫਤਾਰ ਹੋ ਚੁਕੇ ਹਨ ਜਿਹਨਾਂ ਵਿਚ 22 ਫਟੜ ਹਾਲਤ ਵਿਚ ਹਨ। ਮੈਂ ਇਹਨਾਂ ਸਭਨਾਂ ਨੂੰ ਕਲ੍ਹ 17.1.1872 ਨੂੰ ਤੋਪਾਂ ਨਾਲ ਕੋਟਲੇ ਉਡਾ ਦਿਆਂਗਾ"।

ਉਤਰ ਵਿਚ ਫੋਰਸਿਥ ਨੇ ਉਸੇ ਰਾਤ 16 ਜਨਵਰੀ ਨੂੰ ਕਾਵਨ ਨੂੰ ਲਿਖਿਆ ਕਿ—

"ਜਦੋਂ ਤੀਕ ਘਲੀ ਹੋਈ ਪੁਲਸ ਗਾਰਦ ਦੋਸ਼ੀ ਕੂਕਿਆਂ ਨੂੰ ਲੁਧਿਆਣੇ ਲਿਆਉਣ ਲਈ ਨਾ ਪਹੁੰਚ ਜਾਵੇ, ਉਹਨਾਂ ਕੂਕਿਆਂ ਨੂੰ ਸ਼ੇਰ ਪੁਰ ਥਾਣੇ ਹੀ ਰਖਿਆ ਜਾਏ। ਲੁਧਿਆਣੇ ਲਿਆ ਕੇ ਉਹਨਾਂ ਵਿਰੁਧ ਬਾਕਾਇਦਾ ਤੌਰ ਉਤੇ ਅਦਾਲਤ ਵਿਚ ਮੁਕੱਦਮਾ ਚਲਾਇਆ ਜਾਏਗਾ।"

ਕਾਵਨ ਨੂੰ ਇਹ ਨਟ-ਰੁਕਾ 17 ਜਨਵਰੀ 1872 ਨੂੰ ਕੋਟਲੇ ਸ਼ਹਿਰ ਵਿਚ 12 ਵਜੇ ਦੁਪਹਿਰੇ ਮਿਲਿਆ ਜਦੋਂ ਕਿ ਉਹ ਸ਼ਹਿਰ ਵਿਚ ਫੌਜੀ ਘੋੜ ਸਵਾਰ ਸਮੇਤ ਗਸ਼ਤ ਕਰ ਰਿਹਾ ਸੀ। ਕਾਵਨ ਨੇ ਫੋਰਸਿਥ ਵਲੋਂ ਇਹ ਨੋਟ-ਰੁਕਾ ਪੜ੍ਹ ਕੇ ਜੇਬ ਵਿਚ ਪਾ ਲਿਆ ਤੇ ਕੋਈ ਅਸਰ ਕਰਨ ਦੀ ਥਾਂ ਬਲਕਿ ਉਸੇ ਵੇਲੇ ਫੌਜਾਂ ਸ਼ੇਰਪੁਰ ਥਾਣੇ ਨੂੰ ਭੇਜ ਦਿਤੀਆਂ ਕਿ ਕੂਕਿਆਂ ਦੇ ਸਾਰੇ ਜਥੇ ਨੂੰ ਫੌਰਨ ਮਲੇਰਕੋਟਲੇ ਦੀ ਪਰੇਡ ਗਰਾਊਂਡ ਵਿਖੇ ਲੈ ਆਂਦਾ ਜਾਏ।

ਸਾਰੇ ਸ਼ਹਿਰ ਵਿਚ ਡਾਊਂਡੀ ਪਿੱਟੀ ਗਈ ਕਿ 'ਅਜ ਸ਼ਾਮ ਦੇ 4 ਬਜੇ ਬਰਤਾਨਵੀ ਸਰਕਾਰ ਦੇ ਵਿਰੋਧੀ ਬਾਗੀ ਕੂਕਿਆਂ ਨੂੰ ਕੋਟਲੇ ਦੀ ਮਿਲਟਰੀ ਪਰੇਡ ਗਰਾਊਂਡ ਵਿਖੇ ਤੋਪਾਂ ਨਾਲ ਸ਼ਰੇਆਮ ਜਨਤਾ ਦੇ ਸਾਹਮਣੇ ਉਡਾਇਆ ਜਾਵੇਗਾ।"

ਇਸ ਐਲਾਨ ਨੂੰ ਸੁਣਦਿਆਂ ਹਜ਼ਾਰਾਂ ਲੋਕੀਂ ਆਪਣੇ ਕਾਰੋਬਾਰਾਂ ਨੂੰ ਬੰਦ ਕਰਕੇ ਧਰਮ ਅਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨ ਹੋਣ ਵਾਲੇ ਪਰਵਾਨਿਆਂ ਦੀਆਂ ਸ਼ਹਾਦਤਾਂ ਤਕੱਣ ਹਿਤ ਧੜਾ ਧੜ ਗਰਾਊਂਡ ਵਿਖੇ ਪਹੁੰਚਣੇ ਸ਼ੁਰੂ ਹੋ ਗਏ।

ਸ਼ਾਮ ਦੇ 4 ਕੁ ਵਜੇ ਫੌਜੀ ਪਹਿਰੇ ਹੇਠ 68 ਸੂਰਬੀਰ ਦੇਸ ਭਗਤ ਕੂਕੇ, ਕਈ ਗੱਡਿਆਂ ਵਿਚ ਸਵਾਰ ਕੀਤੇ ਹੋਏ ਮਲੇਰ ਕੋਟਲੇ ਦੀ ਮਿਲਟਰੀ ਪਰੇਡ ਗਰਾਊਂਡ ਵਿਖੇ ਸ਼ਬਦ



Sri Satguru Jagjit Singh Ji Elibrary NamdhariElibrary@gmail.com

ਕੀਰਤਨ ਦੇ ਨਾਲ ਸਵੈ-ਰਾਜ ਜੈਕੇ ਆਜ਼ਾਦੀ ਦੇ ਨਾਹਰੇ ਲਾਉਂਦੇ ਆ ਪੁਜੇ। ਇਹਨਾਂ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਗੱਡਿਆਂ ਮਗਰ ਹੋਰ ਵੀ ਲੋਕੀ ਦੂਰੋਂ ਦੂਰੋਂ ਆ ਗਏ। ਕਾਤਲ ਦੇ ਹੁਕਮ ਨਾਲ ਗਰਾਊਂਡ ਵਿਖੇ 7 ਤੋਪਾਂ ਪਹਿਲਾਂ ਹੀ ਬੀੜ ਰਖੀਆਂ ਸਨ। ਆਜ਼ਾਦੀ ਦੇ ਆਸ਼ਕਾਂ ਦਾ ਜਥਾ ਗੱਡਿਆਂ ਤੋਂ ਸ਼ਬਦ ਪੜ੍ਹਦਾ ਉਤਰਿਆ ਤੇ ਤੋਪਾਂ ਦੇ ਲਾਗੇ ਫੌਜੀ ਪਹਿਰੇ ਦੀ ਨਗਰਾਨੀ ਹੇਠ ਕੀਰਤਨ ਕਰਦਿਆਂ ਨੂੰ ਬਿਠਾ ਦਿਤਾ।

ਖ਼ੁਦਗਰਜ਼ ਡਿਪਟੀ ਕਮਿਸ਼ਨਰ ਕਾਵਨ ਦੇ ਹੁਕਮ ਨਾਲ ਫੌਜੀ ਪਰਬੰਧ ਹੇਠ ਰਿਆਸਤੀ ਰਾਜਿਆਂ ਦੀਆਂ ਫੌਜਾਂ ਨੇ 49 ਦੇਸ਼ ਭਗਤ ਬਹਾਦਰ ਸੂਰ ਬੀਰ ਕੂਕਿਆਂ ਨੂੰ 7 ਤੋਪਾਂ ਅੱਗੇ ਛਾਤੀ ਤਾਣੀ ਖੜਿਆਂ ਕਰ ਕੇ ਫੀਤਾ ਫੀਤਾ ਉਡਾ ਦਿਤੇ। ਜਦੋਂ 42 ਕੂਕੇ ਉਡਾਏ ਜਾ ਚੁਕੇ ਸਨ ਤੇ ਹੋਰ 7 ਤੋਪਾਂ ਅਗੇ ਉਡਣ ਲਈ ਤਿਆਰ ਖੜੇ ਸਨ। ਕਾਵਨ ਨੂੰ ਫੋਰਸਿਥ ਕਮਿਸ਼ਨਰ ਵਲੋਂ ਇਕ ਖਾਸ ਅਫਸਰ ਰਾਹੀਂ ਇਕ ਹੋਰ ਚਿਠੀ ਮਿਲੀ ਜਿਸ ਵਿਚ ਲਿਖਿਆ ਸੀ,

"ਕੂਕਿਆਂ ਨੂੰ ਮਾਰਿਆ ਨਾ ਜਾਏ ਅਤੇ ਉਹਨਾਂ ਉਤੇ ਮੁਕੱਦਮਾ ਚਲਾਉਣ ਲਈ ਮੇਰੇ ਪਾਸ ਭੇਜ ਦਿਤਾ ਜਾਵੇ" ਚਿਠੀ ਪੜ੍ਹ ਕੇ ਕਾਵਨ ਨੇ ਕਰਨਲ ਪਾਰਕਿਨਜ਼ ਨੂੰ ਚਿਠੀ ਦਿੰਦਿਆਂ ਕਿਹਾ,

"ਜਿਹੜੇ ਆਦਮੀ ਤੋਪਾਂ ਅਗੇ ਖੜੇ ਹਨ, ਹੁਣ ਉਹਨਾਂ ਨੂੰ ਮਾਰਨੋਂ ਰੋਕਣਾ ਅਸੰਭਵ ਹੈ। ਜੇ ਅਜੇਹੀ ਕਾਰਵਾਈ ਕਰੀਏ, ਤਾਂ ਆਲੇ ਦੁਆਲੇ ਖਲੋਤੇ ਲੋਕਾਂ ਤੇ ਬਹੁਤ ਮਾੜਾ ਅਸਰ ਪਵੇਗਾ।"

ਇਹ ਕਹਿ ਕਾਵਨ ਨੇ ਉਹਨਾਂ 7 ਕੂਕਿਆਂ ਨੂੰ ਵੀ ਤੋਪਾਂ ਅਗੇ ਉਡਾ ਦਿਤਾ।

ਗਰਿਫਤਾਰ ਹੋਏ ਜਥੇ ਵਿਚ ਮਾਈ ਖੇਮ ਕੌਰ ਤੇ ਇੰਦ ਕੌਰ ਦੋ ਨਾਮਧਾਰਨ ਮਾਈਆਂ ਵੀ ਸਨ। ਜਦੋਂ 49 ਸਿੰਘ ਸ਼ਹੀਦ ਹੋ ਚੁਕੇ ਤਾਂ ਮਾਈ ਖੇਮ ਕੌਰ ਦੇ ਇਕਲੌਤੇ ਪੁਤਰ ਬਿਸ਼ਨ ਸਿੰਘ ਦੀ ਵਾਰੀ ਆਈ। ਇਸ ਦੀ ਉਮਰ ਕੇਵਲ 12 ਕੁ ਸਾਲ ਦੀ ਸੀ। ਇਸ ਦੀ ਸੋਹਣੀ ਮਨ ਮੋਹਣੀ, ਭੋਲੀ ਭਾਲੀ ਤੇ ਬਚਪਨ ਸੂਰਤ ਵੇਖ ਕੇ ਕਾਵਨ ਦੀ ਮੇਮ ਨੇ ਕਿਹਾ,

"ਸਾਹਿਬ, ਇਸ ਮਾਸੂਮ ਬੱਚੇ ਕੋ ਛੋੜ ਦੋ"
ਕਾਵਨ ਨੇ ਝੱਟ ਬਿਸ਼ਨ ਸਿੰਘ ਨੂੰ ਕੋਲ ਬੁਲਾ ਕੇ ਕਿਹਾ,

"ਅਗਰ ਤੁਮ ਜ਼ੋਰ ਕਹਿ ਦੋ ਕਿ ਮੈਂ (......) ਰਾਮ ਸਿੰਘ ਕਾ ਸਿਖ ਨਹੀਂ, ਤੋ ਮੈਂ ਤੁਝੇ ਅਬੀ ਛੋੜ ਦੂੰਗਾ।"

ਅਗੋਂ ਮਾਈ ਖੇਮ ਕੌਰ ਦਾ ਸ਼ੇਰ ਦਿਲ ਬੱਚਾ ਬਿਸ਼ਨ ਸਿੰਘ ਬੜੇ ਜੋਸ਼ ਵਿਚ ਲਾਲ ਅੱਖੀਆਂ ਕੱਢੀ ਇਕ ਛਾਲ ਮਾਰਕੇ ਕਾਵਨ ਤੇ ਐਸਾ ਝਪਟਿਆ, ਉਸ ਨੂੰ ਦਾਹੜੀ ਤੋਂ ਫੜ ਕੇ ਧਰਤੀ ਤੇ ਸਿਟਦਿਆਂ, ਗੜ੍ਹ ਗੱਜ ਆਵਾਜ਼ ਵਿਚ ਕਿਹਾ,

ਓਏ ਬਿਲਿਆ। ਫੇਰ ਕਹੇਂਗਾ ਕਿ ਬਿਸ਼ਨ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਨਹੀਂ ?"

ਸੰਤ ਸੂਰਮੇ ਬਿਸ਼ਨ ਸਿੰਘ ਜੀ ਨੇ ਤਦ ਤਕ ਕਾਵਨ ਦੀ ਦਾਹੜੀ ਨਾ ਛੱਡੀ ਜਦ ਤਕ ਕੋਲ ਖੜੇ ਕਾਵਨ ਦੇ ਫੌਜੀਆਂ ਨੇ ਤਲਵਾਰਾਂ ਨਾਲ ਉਸ ਦੇ ਟੋਟੇ ਟੋਟੇ ਕਰ ਸ਼ਹੀਦ ਨਾ ਕਰ ਦਿਤਾ।

ਪਿਛੋਂ ਮਾਈ ਖੇਮ ਕੌਰ ਤੇ ਇੰਦ ਕੌਰ ਨੇ ਬੜੇ ਤਰਲੇ ਕੀਤੇ ਕਿ ਉਹਨਾਂ ਨੂੰ ਵੀ ਤੋਪਾਂ ਅਗੇ ਉਡਾ ਕੇ ਸ਼ਹੀਦ ਵੀਰਾਂ ਤੇ ਪੁਤਰਾਂ ਦੀ ਸ਼ਹੀਦੀ ਫਰਿਸਤ ਵਿਚ ਸ਼ਾਮਿਲ ਕੀਤਾ ਜਾਏ ਪਰ ਕਾਵਨ ਨੇ ਮਾਈਆਂ ਨੂੰ ਪਟਿਆਲਾ ਫੌਜਾਂ ਦੇ ਕਮਾਂਡਰ ਸਪੁਰਦ ਕਰ ਦਿਤਾ। ਜਿਹਨਾਂ ਪਟਿਆਲਾ ਰਿਆਸਤ ਦੀ ਹੱਦ ਵਿਚ ਲੈ ਜਾ ਕੇ ਘਰੋਂ ਘਰੀ ਚਲੇ ਜਾਣ ਲਈ ਛੱਡ ਦਿਤਾ।

ਕਾਵਨ ਨੇ ਇਹ ਖੂਨੀ ਡਰਾਮਾ ਸ਼ਾਮ ਦੇ 4 ਵਜੇ ਅਰੰਭਿਆ ਸੀ ਤੇ ਸੰਤ ਬਿਸ਼ਨ ਸਿੰਘ ਦੇ ਝਟਕੇ ਦੀ ਘਬਰਾਹਟ ਨਾਲ ਅੱਖਾਂ ਅਗੇ ਹਨੇਰਾ ਹੁੰਦਾ ਤੱਕ ਸ਼ਾਮ ਦੇ 7 ਵਜੇ ਬੰਦ ਕੀਤਾ। ਸ਼ਹੀਦੀ ਜਥੇ ਚੋਂ ਬਾਕੀ ਰਹਿੰਦੇ 16 ਸਿੰਘਾਂ ਨੂੰ ਰਾਤ ਕੱਟਣ ਲਈ ਪੁਲਸ ਨਗਰਾਨੀ ਹੇਠ ਕੋਟਲੇ ਕੋਤਵਾਲੀ ਭੇਜ ਦਿਤਾ ਗਿਆ।

ਅੰਬਾਲਾ ਕਮਿਸ਼ਨਰ ਫੋਰਸਿਥ ਜੋ ਸੰਨ 1863 ਵਿਚ ਪੰਜਾਬ ਸਰਕਾਰ ਦੇ ਚੀਫ ਸਕੱਤਰ ਸਨ, ਉਦੋਂ ਤੋਂ ਹੀ ਕੂਕਾ ਅੰਦੋਲਨ ਦੇ ਮੁਖ ਮੰਤਵ "ਭਾਰਤੀ ਸਵੈਰਾਜ਼ ਦੀ ਪ੍ਰਾਪਤੀ" ਦੇ ਨਬਾਣੇ ਨੂੰ ਭਾਰਤ ਵਿਚੋਂ ਬਰਤਾਨਵੀ ਰਾਜ ਦੀਆਂ ਜੜ੍ਹਾਂ ਪੁਟ ਹੋ ਜਾਣੀਆਂ ਸਮਝਦਾ ਸੀ, ਇਸ ਲਈ ਫੋਰਸਿਥ ਨੇ ਦਿਲੀ ਤੋਂ ਤੁਰਨ ਲੱਗੇ ਹੀ ਗਵਰਨਰ ਜਨਰਲ ਤੋਂ "ਗੁਰੂ ਰਾਮ ਸਿੰਘ ਅਤੇ ਸੂਬਿਆਂ" ਨੂੰ ਲੁਧਿਆਣੇ ਪਹੁੰਚ-



Sri Satguru Jagjit Singh Ji Elibrary NamdhariElibrary@gmail.com

ਦਿਆਂ ਹੀ ਗ੍ਰਿਫਤਾਰ ਕਰ ਲੈਣ ਦੇ ਮਨਸੂਬੇ ਲਈ ਹੁਕਮ ਦੀ ਮੰਗ ਕੀਤੀ। ਪਰ ਗਵਨਰ ਵਲੋਂ ਆਗਿਆ ਨਾ ਮਿਲੀ, ਨਿਰਾਸਤਾ ਤੇ ਗੁਸੇ ਵਿਚ ਫੌਰਸਿਥ ਨੇ ਗਵਰਨਰ ਨੂੰ ਕਿਹਾ,

"ਮੈਂ ਖੁਦ ਆਪਣੇ ਫੈਸਲੇ ਅਨੁਸਾਰ ਕਾਰਵਾਈ ਕਰਾਂਗਾ, ਜਿਸ ਦੀ ਪੁਸ਼ਟੀ ਤੁਹਾਨੂੰ ਕਰਨੀ ਪਵੇਗੀ।"

ਲੁਧਿਆਣੇ ਪਹੁੰਚਦਿਆਂ ਹੀ ਫਾਰਸਿਥ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਿਟਸ਼ ਸਰਕਾਰ, ਰਾਜ ਤਾਜ ਲਈ ਭਾਰੀ ਖਤਰਨਾਕ ਜਾਣਦਿਆਂ ਕੂਕਾ ਬਗਾਵਤ ਦਾ ਜਨਮ ਦਾਤਾ 'ਵਡਾ ਆਗੂ" ਸਮਝਦਿਆਂ ਬਿਨਾਂ ਕਿਸੇ ਸਰਕਾਰੀ ਗ੍ਰਿਫ-ਤਾਰੀ ਵਰੰਟ, ਬਿਨਾਂ ਮੁਕਦਮੇ ਜਿਲਾਵਤਨ ਕਰਨ ਦਾ ਪੱਕਾ ਮਨ ਬਣਾ ਲਿਆ।

ਸਤਿਗੁਰਾਂ ਦੀ ਜਨਮ ਭੂਮੀ ਤੇ ਦੇਸ਼ ਵਾਸੀਆਂ ਤੋਂ ਲੰਬੇ ਅਰਸੇ ਲਈ ਜੁਦਾ ਕਰਨ ਦੇ ਵਿਚਾਰ ਨਾਲ ਫੋਰਸਿਥ ਦੇ ਹੁਕਮ ਨਾਲ ਲੁਧਿਆਣੇ ਦਾ ਪੁਲਸ ਇਨਸਪੈਕਟਰ ਕਰਨਲ ਬੇਲੀ ਆਪਣੇ ਡਿਪਟੀ ਪੁਲਸ ਇਨਸਪੈਕਟਰ ਗੁਲਾਬ ਸਿੰਘ ਤੇ ਬਹੁਤ ਸਾਰੀ ਗੋਰਖਾ ਫੌਜ ਨਾਲ ਸ੍ਰੀ ਭੈਣੀ ਸਾਹਿਬ ਲਈ ਰਵਾਨਾ ਹੋਇਆ।

ਕਰਨਲ ਬੇਲੀ ਖੁਦ ਤਾਂ ਪਿੰਡ ਸਾਹਨੇਵਾਲ ਠਹਿਰ ਗਿਆ ਗੁਲਾਬ ਸਿੰਘ ਪੁਲਸ ਤੇ ਫੌਜ ਨੂੰ ਲਾਟੋਂ ਦੀ ਸੜਕ ਤੇ ਖੜਿਆਂ ਕਰ ਦੇਸ਼ ਦਾ ਗਦਾਰ ਬਣ, ਆਪਣੇ ਹੀ ਦੇਸ਼ ਲੋਕਾਈ ਦੇ ਮਹਾਨ ਨੇਤਾ ਗੁਰੂ ਰਾਮ ਸਿੰਘ ਜੀ ਦੀ ਗ੍ਰਿਫਤਾਰੀ ਕਰਨ ਲਈ ਸਤਿਗੁਰਾਂ ਨੂੰ ਛੇਤੀ ਲੁਧਿਆਣੇ ਪਹੁੰਚਣ ਦਾ ਸੁਨੇਹਾ ਸ੍ਰੀ ਭੈਣੀ ਸਾਹਿਬ ਜਾ ਦਿਤਾ।

ਅਗੋਂ ਸਮੇਂ ਦੇ ਜਾਣੀ ਜਾਣ, ਭਾਣੇ ਦਾ ਮਾਲਿਕ ਸ੍ਰੀ ਸਤਿਗੁਰੂ ਜੀ ਸਭ ਸੰਗਤਾਂ ਨੂੰ ਸੰਬੋਧਨ ਕਰਦਿਆਂ ਫੁਰਮਾਇਆ

"ਜਿਸ ਸਮੇਂ ਦੀ ਚਿਰਾਂ ਤੋਂ ਉਡੀਕ ਸੀ, ਪਰਦੇਸ ਜਾਣ ਦਾ ਉਹ ਸਮਾਂ ਅਜ ਆ ਗਿਆ ਏ, ਹੁਣ ਲਿਆ ਦਿਓ ਮਾਈ ਕਰਮੋ ਦੀ ਭੇਟਾ ਵਾਲੀ ਕਾਲੀ ਕੰਬਲੀ ਤੇ ਪਰਦੇਸ ਜਾਣ ਲਈ ਗੱਡਾ ਛੇਤੀ ਤਿਆਰ ਕਰੋ"

ਸਤਿਗੁਰਾਂ ਦੇ ਇਹ ਬਚਨ ਸੁਣਦਿਆਂ ਹੀ ਮਾਨੋ ਨਾਮ-ਧਾਰੀਆਂ ਲਈ ਗੁਰਾਂ ਦੇ ਮਹਾਨ ਵਿਛੋੜੇ ਦੀਆਂ ਦੁਖਦਾਇਕ ਘੜੀਆਂ ਬਿਜਲੀ ਵਾਂਗ ਸਿਰ ਤੇ ਆਣ ਗੱਜੀਆਂ। ਦੇਸ਼ ਭਾਰਤ ਦੀ ਕਿਸਮਤ ਦਾ ਪਾਸਾ ਪਲਟ ਗਿਆ। ਗੁਲਾਮੀ ਦੀਆਂ ਜੰਜੀਰਾਂ ਦੇ ਟੁਟਦੇ ਟੁਟਦੇ ਸੰਗਲਾਂ ਦੇ ਕੁੰਡੇ ਪੀਡੇ ਹੋ ਗਏ।

ਸ੍ਰੀ ਭੈਣੀ ਸਾਹਿਬ ਦੇ ਲੰਗਰ ਦੇ ਬਾਹਰ ਵਲੇ ਖੁਲ੍ਹੇ ਥਾਂ ਬੋਹੜ ਪਾਸ ਖਲੋਤੀਆਂ ਸਭ ਸੰਗਤਾਂ ਨੂੰ ਵਿਰਾਗੀ ਹੋ ਰਹੀਆਂ ਤੱਕਦਿਆਂ ਗੁਰੂ ਰਾਮ ਸਿੰਘ ਜੀ ਨੇ ਬੜੇ ਠਰ੍ਹਮੇ ਨਾਲ ਸਭ ਨੂੰ ਹੌਂਸਲਾ ਦਿਲਾਸਾ ਦਿੰਦਿਆਂ ਫੁਰਮਾਇਆ—

"ਪਿਆਰੀ ਸਾਧ ਸੰਗਤ ਤੇ ਪਿਆਰੇ ਦੇਸ਼ ਵਾਸੀਓ, ਅੰਗਰੇਜ਼ਾਂ ਵਲੋਂ ਦੇਸ਼ ਵਾਸੀ ਭਾਰਤੀਆਂ ਉਤੇ ਜ਼ੁਲਮਾਂ ਤੇ ਕਹਿਰਾਂ ਦੀ ਹੱਦਿਆ ਅਜ ਆਪਣੇ ਜੋਬਨ ਤੇ ਆ ਗਈ ਹੈ। ਇਹਨਾਂ ਕਿੱਲਿਆਂ ਮੇਰੇ ਲਾਡਲਿਆਂ ਪਿਆਰਿਆਂ ਗੁਰ-ਸਿਖਾਂ ਨੂੰ ਫਾਂਸੀਆਂ ਤੇ ਬਿਨਾ ਮੁਕੱਦਮੇ ਤੋਪਾਂ ਅਗੇ ਖੜਿਆਂ ਕਰ ਮਲੇਰ ਕੋਟਲੇ ਵਿਖੇ ਉਡਾ ਦਿਤਾ। ਸ਼ਹੀਦੀ ਸਾਕੇ ਦੀਆਂ ਖਬਰਾਂ ਨੇ ਦੇਸ ਵਿਚ ਘਰ ਘਰ ਹਲ ਚਲ ਮਚਾ ਦਿਤੀ ਹੈ। ਹੁਣ ਗੁਲਾਮੀ ਦੇ ਬੰਧਨਾਂ ਨੂੰ ਤੋੜਣ ਵਾਲੀ ਸੁਤੰਤਰਤਾ ਦੀ ਰੂਹ ਸਾਰੇ ਦੇਸ਼ ਅੰਦਰ ਭੜਕ ਚੁਕੀ ਹੈ। ਜੋ ਮਸਾਲ ਹੁਣ ਲੱਟ ਲੱਟ ਬਲਦੀ ਰਹੇਗੀ ਤੇ ਕਿਲਿਆਂ ਤੋਂ ਫੂਕਾਂ ਮਾਰਿਆ ਵੀ ਨਹੀਂ ਬੁਝ ਸਕੇਗੀ। ਸਵੈਰਾਜ ਆਜ਼ਾਦੀ ਦੀ ਸ਼ਮ੍ਹਾਂ ਦਿਨੋਂ ਦਿਨ ਧੁਖਦੀ ਤੇ ਵੱਧਦੀ ਜਾਵੇਗੀ।

ਪਿਆਰੇ ਸਿੰਘੋ ਅਜ ਅਕਾਲ ਪੁਰਖ ਸਤਿਗੁਰੂ ਜੀ ਦੀ ਰਜ਼ਾ ਅੰਦਰ ਮੈਂ ਤੁਹਾਡੇ ਪਾਸੋਂ ਵਿਛੜਕੇ ਆਜ਼ਾਦੀ ਦੀ ਕੀਮਤ ਅਦਾ ਕਰਨ ਲਈ, ਦੇਸ਼ ਬਦੇਸ਼ ਦੀਆਂ ਹਰ ਮੁਸੀਬਤਾਂ ਤੇ ਔਖੜਾਂ ਨੂੰ ਆਪਣੇ ਸਰੀਰ ਤੇ ਝਲਣ ਦਾ ਪਰਣ ਲੈ ਕੇ ਜਾ ਰਿਹਾ ਹਾਂ। ਮੇਰੇ ਜਾਣ ਨਾਲ ਹੀ ਇਹਨਾਂ ਗੋਰਿਆਂ ਤੇ ਉਸ ਦੇ ਪਿੱਠੂਆਂ ਰਾਜਿਆਂ ਮਹਾਰਾਜਿਆਂ, ਝੋਲੀ ਚੁਕਾਂ ਮਹੰਤਾਂ ਤੇ ਪੁਜਾਰੀਆਂ ਦੀਆਂ ਜੜ੍ਹਾਂ ਪੁਟ ਹੋਣੀਆਂ ਹਨ। ਕੁਝ ਸਮੇਂ ਤਕ ਦੇਸ਼ ਅਵਸ਼ ਆਜ਼ਾਦ ਹੋ ਕੇ ਰਹੇਗਾ। ਦੇਸ਼ ਆਜ਼ਾਦ ਕਰਵਾ ਕੇ ਹੀ ਮੁੜ ਇਸ ਦੇਹ ਵਿਚ ਦੇਸ਼ ਆਵਾਂਗਾ।

ਤੁਸੀਂ ਸਾਧ ਸੰਗਤ ਜੀ ਨੇ ਅਜ ਤੋਂ ਸ੍ਰੀ ਮਹਾਰਾਜ ਬੁਧ ਸਿੰਘ ਜੀ (ਜਿਹੜੇ ਸਤਿਗੁਰਾਂ ਬਾਦ, ਗੁਰਸਿਖੀ ਨੂੰ ਹਰੀ ਰਖਣ ਸਦਕਾ ਰੰਗੂਨ ਤੋਂ ਸਤਿਗੁਰਾਂ ਵਲੋਂ ਬਾਬਾ ਦਰਬਾਰਾ ਸਿੰਘ ਜੀ ਹਥੀਂ ਆਏ ਇਕ ਹੁਕਮ ਨਾਮੇ ਅਨੁ-ਸਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਨਾਲ ਜਗਤ ਪ੍ਰਸਿਧ ਹੋਏ) ਦੇ ਹਰ ਹੁਕਮ ਦੀ ਪਾਲਣਾ ਮੇਰੀਆਂ ਖੁਸ਼ੀਆਂ ਸਮਝ ਕੇ ਕਰਨੀ। ਸਦਾ ਗੁਰੂ ਹੁਕਮ ਵਿਚ ਰਹਿੰਦੀਆਂ ਨਾਮ



Sri Satguru Jagjit Singh Ji Elibrary NamdhariElibrary@gmail.com

ਦਾਨ ਇਸ਼ਨਾਨ ਸਿਮਰਨ ਭਜਨ ਪਾਠ ਬਾਣੀ ਸਹਿਤ ਬੰਦਗੀ ਤਕੜੇ ਹੋ ਕੇ ਕਰਨੀ ਤੇ ਦੇਸ਼ ਤੋਂ ਕੁਰਬਾਨ ਹੋਣ ਲਈ ਸਦਾ ਦ੍ਰਿੜਚਿਤ ਰਹਿਣਾ ।

ਹਥ ਜੋੜ ਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸੰਗਤਾਂ ਸਮੇਤ, ਸਜਲ ਨੇਤਰੀ, ਭਰੇ ਦਿਲ, ਰੁਕੇ ਕੰਠ, ਗੁਰਾਂ ਅਗੇ ਬੇਨਤੀ ਕਰਦਿਆਂ ਕਿਹਾ,

"ਗਰੀਬ ਨਿਵਾਜ, ਸੱਚੇ ਪਾਤਸ਼ਾਹ ਜੀਓ ਸਾਨੂੰ ਛੱਡ ਕੇ ਪਰਦੇਸ ਨਾ ਜਾਓ । ਹਜ਼ੂਰ ! ਆਪਜੀ ਇਥੇ ਦੇਸ਼ ਵਿਚ ਸੰਗਤਾਂ ਪਾਸ ਰਹੋ ਹੁਕਮ ਕਰੋ ਮੈਂ ਤੁਹਾਡੀ ਥਾਂ ਚਲੇ ਜਾਂਦਾ ਹਾਂ"

ਨਾਲ ਸੰਗਤਾਂ ਵੀ ਇਕੋ ਆਵਾਜ਼ ਹੋ ਬੇਨਤੀ ਕਰਦਿਆਂ, ਹਾੜੇ ਪਾਉਂਦਿਆਂ ਕਿਹਾ,

"ਸਾਨੂੰ ਛੱਡ ਕੇ ਨਾ ਜਾਓ, ਨਾ ਜਾਓ, ਸੱਚੇ ਪਾਤਸ਼ਾਹ ਜੀਓ ।

ਅਗੋਂ ਸਤਿਗੁਰਾਂ ਫੁਰਮਾਇਆ,

"ਬੁਧ ਸਿੰਘ ਜੀ ਇਹ ਮੇਰੇ ਜਾਣ ਦਾ ਹੀ ਕੰਮ ਹੈ । ਤੁਸੀਂ ਸੰਗਤਾਂ ਨੂੰ ਧੀਰਜ ਦੇ ਕੇ ਪੰਥ ਅਤੇ ਦੇਸ਼ ਦੀ ਸੇਵਾ ਵਿਚ ਲਾਈ ਰਖਣਾ । ਘਬਰਾਉਣ ਦੀ ਲੋੜ ਨਹੀਂ ਸਭ ਕੁਝ ਗੁਰੂ ਹੁਕਮਾਂ ਵਿਚ ਹੋ ਰਿਹਾ ਏ । ਕੁਝ ਸਮੇਂ ਤਕ ਦੇਸ਼ ਆਜ਼ਾਦ ਹੋ ਜਾਏਗਾ, ਮੈਂ ਇਸੇ ਦੇਹ ਵਿਚ ਮੁੜ ਦੇਸ਼ ਆਵਾਂਗਾ ਭਰੋਸਾ ਰਖਣਾ ।"

ਇਹ ਕਹਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਾਲੀ ਕੰਬਲੀ ਉੜ੍ਹੀ ਤੇ ਆਪਣੇ ਚਾਰ ਸੇਵਕਾਂ, ਹਜ਼ੂਰੀ ਰਬਾਬੀ ਭਾਈ ਨਾਨੂੰ ਜੀ, ਸੂਬਾ ਜਵਾਹਰ ਸਿੰਘ ਜੀ ਅਤੇ ਮਹੰਤ ਗੁਰਦਿਤ ਸਿੰਘ ਜੀ ਸਮੇਤ ਤਿਆਰ ਕਰਵਾਏ ਗਡੇ ਉਤੇ ਸਵਾਰ ਹੋ ਗਏ 17 ਜਨਵਰੀ 1872 ਦੇ ਮਨਹੂਸ ਕਾਲੇ ਦਿਨ ਦਾ ਸੂਰਜ ਡੁਬ ਚੁੱਕਾ ਸੀ, ਸਤਿਗੁਰੂ ਮਹੰਤ ਗੁਰਦਿਤ ਸਿੰਘ ਜੀ ਨੂੰ ਗੱਡਾ ਤੋਰਨ ਦਾ ਹੁਕਮ ਦਿੰਦਿਆਂ,

"ਜੋ ਬੋਲੇ, ਸੋ ਨਿਹਾਲ,
ਸਤਿ ਸ੍ਰੀ ਅਕਾਲ"

ਦਾ ਜੈਕਾਰਾ ਲਾ ਦਿਤਾ । ਤੇ ਗੱਡਾ ਤੁਰ ਪਿਆ ।

ਦਿਲੋਂ ਵੱਧ ਪਿਆਰੀਆਂ ਸੰਗਤਾਂ ਨੂੰ ਰੋਂਦਿਆਂ, ਕੁਰਲਾਂਦਿਆਂ ਛੱਡ ਗੁਰੂ ਰਾਮ ਸਿੰਘ ਜੀ ਆਪਣੀ ਜਨਮ ਭੂਮੀ ਸ੍ਰੀ ਭੈਣੀ ਸਾਹਿਬ ਤੋਂ ਰਵਾਨਾ ਹੋਏ । ਇਸ ਵਕਤ ਸ੍ਰੀ ਭੈਣੀ ਸਾਹਿਬ ਸ੍ਰੀ ਭਗਵਾਨ ਰਾਮ ਜੀਦੇ ਬਨਵਾਸ ਜਾਣ ਵੇਲੇ ਦੀ ਅਯੁਧਿਆ ਪੂਰੀ ਬਣ ਗਿਆ । ਸਤਿਗੁਰਾਂ ਦੇ 90 ਸਾਲਾਂ ਦੇ ਬਿਰਧ ਪਿਤਾ ਸ੍ਰੀ ਬਾਬਾ ਜੱਸਾ ਸਿੰਘ ਜੀ, 50 ਸਾਲਾਂ ਦੇ ਛੋਟੇ ਭਰਾ ਸ੍ਰੀ ਬੁਧ ਸਿੰਘ ਜੀ, ਬੀਬੀ ਨੰਦਾ (ਨੰਦ ਕੌਰ) ਪਰਵਾਰ ਸਮੇਤ ਬੀਬੀ ਦੇਯਾ ਕੌਰ (ਦੋਹਵੇਂ ਸਤਿ-ਗੁਰਾਂ ਦੀਆਂ ਸਪੁਤਰੀਆਂ) ਹੋਰ ਸਭ ਪਿੰਡਾਂ ਦੇ ਬਾਲ, ਬ੍ਰਿਧ ਨਰ, ਨਾਰੀਆਂ, ਗੁਰੂ ਕੀਆਂ ਸੰਗਤਾਂ ਆਪਣੇ "ਚੀਨੀ ਵਾਲੇ" ਪਾਤਸ਼ਾਹ ਵਿਛੋੜੇ ਨਾਲ ਦੁਖੀ ਹੋਈਆਂ, ਧਾਹਾਂ ਮਾਰ ਮਾਰ ਰੋਂਦੀਆਂ ਆਪਣੇ ਆਪਣੇ ਮੰਦੇ ਕਰਮਾਂ ਨੂੰ ਤੱਕ ਕੁਰਲਾ ਉਠੀਆਂ । ਗੁਰਾਂ ਦੇ ਵਿਛੋੜੇ ਵਿਚ ਵਿਜੋਗੀ ਹੋਏ ਸੰਤ, ਮਸਤਾਨੇ, ਦੀਵਾਨੇ ਹੋ ਕੰਧਾਂ ਨਾਲ ਟੱਕਰਾਂ ਮਾਰਨ ਲੱਗੇ ।

ਗੱਡੇ ਦੇ ਪਹੀਏ ਸ੍ਰੀ ਭੈਣੀ ਸਾਹਿਬ ਤੋਂ ਆਕਾਲ ਬੁੰਗੇ ਕੋਲੋਂ ਦੀ ਲੰਘਦੇ, ਲਾਟੋ ਪਿੰਡ ਦੇ ਰਸਤੇ ਪੈ ਕੇ ਲੁਧਿਆਣੇ ਦੀ ਸੜਕੇ ਜਾ ਚੜ੍ਹੇ । ਲਾਟੋ ਉਡੀਕ ਵਿਚ ਖੜੀ ਪੁਲਸ, ਫੌਜ ਤੇ ਸਾਹਨੇ ਵਾਲ ਤੋਂ ਕਨਰਲ ਬੇਲੀ, ਸਤਿਗੁਰਾਂ ਦੀ ਸਵਾਰੀ ਵਾਲੇ ਗੱਡੇ ਸਮੇਤ ਤੜਕੇ 2 ਵਜੇ ਲੁਧਿਆਣੇ ਪੁਜੇ ।

ਹਨੇਰੀ ਰਾਤ ਦੇ ਚਮਕਦਿਆਂ ਤਾਰਿਆਂ ਦੀ ਰੌਸ਼ਨੀ ਵਿਚ ਚੰਦਰਮਾ ਰੂਪੀ ਜੁਗ ਪਲਟਾਊ ਸਤਿਗੁਰੂ ਜੀ ਦਾ ਗੱਡਾ ਕਈ ਮੋੜ ਮੁੜਦਾ ਫੋਰਸਿਥ ਕਮਿਸ਼ਨਰ (ਅੰਬਾਲਾ) ਦੀ ਕੋਠੀ ਅਗੇ ਆ ਖੜਾ ਹੋਇਆ ।

ਸਤਿਗੁਰਾਂ ਨਾਲ ਕਮਿਸ਼ਨਰ, ਫਾਰਸਿਥ ਦੀ ਲੱਗ ਭੱਗ ਦੋ ਘੰਟੇ "ਕੂਕਾ ਬਗਾਵਤ" ਬਾਰੇ ਗਲਬਾਤ ਹੋਈ । ਸਤਿਗੁਰਾਂ ਨੂੰ ਫੋਰਸਿਥ ਨੇ ਕਿਹਾ,

"ਸੰਨ 1863 ਵਿਚ ਪਹਿਲੀ ਵਾਰ ਜਦੋਂ ਸਰਕਾਰ ਨੇ ਤੁਹਾਡੀਆਂ ਕੂਕਿਆਂ ਦੀਆਂ ਅੰਗਰੇਜ਼ੀ ਰਾਜ ਵਿਰੁਧ ਬਾਗਯਾਨਾਂ ਕਾਰਵਾਈਆਂ ਨੂੰ ਮੁਖ ਰਖਦਿਆਂ ਤੁਹਾਨੂੰ ਅਤੇ ਤੁਹਾਡੇ ਪੰਥ ਦੇ 22 ਪਰਮੁਖ ਸੂਬਿਆਂ ਨੂੰ ਘਰੋਂ ਘਰੀਂ ਨਜ਼ਰ-ਬੰਦ ਕੀਤਾ ਸੀ, ਉਸ ਸਮੇਂ ਅੰਬਾਲਾ ਦੇ ਕਮਿਸ਼ਨਰ ਨੇ ਤੁਹਾਨੂੰ ਪੁਛਿਆ ਸੀ ਕਿ ਗੁਰੂ ਜੀ ਹੁਣ ਅਗੋਂ ਤੁਸੀਂ ਕੀ ਕਰੋਗੇ ?

ਉਤਰ ਵਿਚ ਤੁਸੀਂ ਕਿਹਾ ਸੀ,

ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦੇਵਾਂਗਾ ।

ਕੁਝ ਸਾਲਾਂ ਬਾਦ ਅਸੀਂ ਤੁਹਾਡੇ ਤੇ ਲਾਈਆਂ ਸਾਰੀਆਂ ਪਾਬੰਦੀਆਂ ਵੀ ਉਠਾ ਲਈਆਂ । ਪਰ ਤੁਸੀਂ ਕੂਕੇ



Sri Satguru Jagjit Singh Ji Elibrary NamdhariElibrary@gmail.com

ਆਪਣੇ ਸਵਰਾਜ ਨੂੰ ਕਾਇਮ ਕਰਨ ਦੇ ਮੁਖ ਇਰਾਦਿਆਂ ਸਦਕਾ ਦੇਸ਼ ਸੁਤੰਤਰ ਕਰਾਉਣ ਦੇ ਨਿਸ਼ਾਨੇ ਤੋਂ ਰਤੀ ਭਰ ਵੀ ਪਿਛੇ ਨਹੀਂ ਹਟੇ। ਤੁਸੀਂ ਘਰ ਘਰ ਰਾਮ ਸਿੰਘ ਪੈਦਾ ਕਰ ਦੇਣ ਵਾਲੇ ਬਚਨ ਅਜ ਪੂਰੇ ਕਰ ਵਖਾਏ ਨੇ।"

ਅੰਮ੍ਰਿਤਸਰ, ਰਾਏ ਕੋਟ, ਮਲੋਦ, ਤੇ ਕੋਟਲੇ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਫੋਰਸਿਥ ਨੇ ਕਿਹਾ,

"ਤੁਹਾਡੇ ਕੂਕਾ ਪੰਥ ਨੇ ਸਾਡੇ ਰਾਜ ਤੇ ਦੇਸ਼ ਦਾ ਸਾਰਾ ਅਮਨ ਭੰਗ ਕਰਦਿਆਂ ਸਾਰੇ ਦੇਸ਼ ਵਿਚ ਬਰਤਾਨਵੀਂ ਸਰਕਾਰ ਦੇ ਰਾਜ ਵਿਰੁਧ ਜੋਸ਼ਨ ਦਾ ਤਰਥੱਲ ਮਚਾ ਦਿਤਾ ਹੈ। ਸਰਕਾਰ ਪ੍ਰਸਤ ਵਫਾਦਾਰ ਲੋਕਾਂ ਦੀਆਂ ਕੀਮਤੀ ਜਾਨਾਂ ਤੁਹਾਡੇ ਸਿੱਖਾਂ ਦੇ ਹਥੋਂ ਅਤੀ ਖਤਰੇ ਵਿਚ ਹੋ ਗਈਆਂ ਹਨ। ਸਰਕਾਰ ਨਿਤ ਦਿਨ ਤੁਹਾਡੀਆਂ ਕੂਕਿਆਂ ਦੀਆਂ ਤੂਫਾਨੀ ਤੇ ਖੂਨੀ ਹਰਕਤਾਂ ਬਰਦਾਸ਼ਤ ਨਹੀਂ ਕਰ ਸਕਦੀ। ਕੂਕਾ ਬਗਾਵਤ ਦੇ ਸਿਟੇ ਵਜੋਂ ਤੁਹਾਨੂੰ ਅਜ ਦੇਸ਼ ਨਕਾਲਾ, ਜਲਾਵਤਨੀ ਦਾ ਹੁਕਮ ਦੇ ਰਹੇ ਹਾਂ।"

ਅਗੋਂ ਸਤਿਗੁਰਾਂ ਗੜਗੱਜ ਆਵਾਜ਼ ਵਿਚ ਫੋਰਸਿਥ ਨੂੰ ਕਿਹਾ—

"ਇਹ ਦੇਸ਼ ਸਾਡਾ ਹੈ ਤੇ ਸਾਡਾ ਹੀ ਰਹੇਗਾ। ਅਸੀਂ ਦੇਸ਼ ਵਾਸੀ ਇਸ ਭਾਰਤ ਦੇਸ ਦੇ ਮਾਲਿਕ ਹਾਂ ਤੁਸੀਂ ਦੇਸ਼ ਵਾਸੀਆਂ ਨੂੰ 'ਪਾੜੋ ਤੇ ਰਾਜ ਕਰੋ"।

ਬਰਤਾਨਵੀਂ ਸਰਕਾਰ ਦੀ ਕੁਟਲ ਨੀਤੀ ਨਾਲ ਸਾਡੇ ਲੋਕਾਂ ਦੇ ਧਰਮ ਕਰਮ, ਦੇਸ਼ ਸਭਿਅਤਾ ਤੇ ਕੌਮੀ ਏਕਤਾ ਨੂੰ ਭੰਗ ਹੀ ਨਹੀਂ ਕੀਤਾ ਬਲਕਿ ਤੁਸੀਂ ਦੇਸ਼ ਦੇ ਸਾਰੇ ਆਕਾਰ ਨੂੰ ਬਰਬਾਦ ਕਰਨ ਦੇ ਭੈੜੇ ਮਨਸੂਬੇ ਬਣਾਏ ਹੋਏ ਹਨ। ਦਿਨੋਂ ਦਿਨ ਵਧ ਰਹੀਆਂ ਤੁਹਾਡੀਆਂ ਚਾਲਂ-ਬਾਜ਼ੀਆਂ, ਸਖਤਾਈਆਂ ਨੂੰ ਨਾ ਬਰਦਾਸ਼ਤ ਕਰਦੇ, ਦੁਖੀ ਤੇ ਅਸ਼ਾਂਤ ਕੂਕੇ ਧਰਮ ਦੇਸ਼ ਦੀ ਆਜ਼ਾਦੀ ਨੂੰ ਹਰ ਕੀਮਤ ਤੇ ਹਾਸਿਲ ਕਰਨ ਲਈ, ਤੁਹਾਨੂੰ ਕਦੇ ਵੀ ਅਮਨ ਤੇ ਸੁਖੀ ਜੀਵਨ, ਇੱਥੇ ਭਾਰਤ ਵਿਚ ਨਹੀਂ ਰਹਿਣ ਦੇਣਗੇ।

ਜਿਵੇਂ ਅਜ ਤੁਹਾਨੂੰ ਇਸ ਦੇਸ ਵਿਚ ਘਰ ਘਰ ਰਾਮ ਸਿੰਘ ਨਜ਼ਰ ਆਉਂਦੇ ਹਨ। ਯਾਦ ਰਖਣਾ ਤੁਹਾਡੇ ਤੇ ਐਸਾ ਸਮਾਂ ਵੀ ਆਵੇਗਾ, ਜਦੋਂ ਤੁਹਾਡੇ ਰਾਜ ਵਿਰੁਧ ਦੁਨੀਆਂ ਦੇ ਹਰ ਦੇਸ਼ ਬਦੇਸ਼ ਵਿਚ ਘਰ ਘਰ ਰਾਮ ਸਿੰਘ ਪੈਦਾ ਹੋ ਜਾਣਗੇ। ਤੇ ਤੁਹਾਡੇ ਰਾਜ ਦਾ ਸੂਰਜ ਡੁਬੇਗਾ। ਸਵੈ ਰਾਜ ਆਜ਼ਾਦੀ ਦੀ ਮੰਗ ਹੁਣ ਦਿਨੋਂ ਦਿਨ ਵਧਦੀ ਤੇ ਘਰੋ ਘਰੀ ਧੁਖਦੀ ਜਾਏਗੀ। ਆਜ਼ਾਦੀ ਦੇ ਲਾਵੇ ਦਾ ਐਸਾ ਭਾਂਬੜ ਮਚੇਗਾ ਤੁਸੀਂ ਇਥੇ ਰਹਿਣਾ ਨਹੀਂ ਪਾਵੋਗੇ ਅਜ ਤੁਸੀਂ ਸਾਨੂੰ ਸਾਡੇ ਦੇਸ਼ ਵਿਚੋਂ ਦੇਸ਼ ਨਿਕਾਲਾ ਦੇ ਅੱਤ ਸਰਦੀਆਂ ਦੀ ਰੁੱਤੇ ਬਦੇਸ਼ ਨੂੰ ਤੋਰ ਰਹੇ ਹੋ, ਅਸੀਂ ਦੇਸ ਵਾਸੀਆਂ ਤੁਹਾਨੂੰ ਜੇਠ, ਹਾੜ ਦੀਆਂ ਚੋਂਦੀਆਂ ਗਰਮੀਆਂ ਦੀ ਰੁਤੇ ਮੁਸੀਬਤਾਂ ਪਾਉਂਣੀਆਂ ਹਨ, ਤੁਸੀਂ ਤਾਂਵੇ ਲਾਚਾਰ ਹੋ, ਪੁਠੇ ਪੈਰੀਂ ਜਾਂਦੇ, ਹਾੜੇ ਪਾਉਂਦੇ, ਸਾਡਾ ਦੇਸ਼ ਛੱਡੋਗੇ।"

(ਯਾਦ ਰਹੇ, ਸਤਿਗੁਰਾਂ ਦੇ ਉਪਰੋਕਤ ਸਾਰੇ ਬਚਨ ਪੂਰੇ ਹੋਏ। ਅਤਿ ਗਰਮੀਆਂ ਦੀ ਰੁਤੇ 15 ਅਗਸਤ 1947 ਨੂੰ ਆਜ਼ਾਦੀ ਵਾਲੇ ਦਿਨ ਅੰਗਰੇਜ਼ ਸਾਡੇ ਭਾਰਤ ਵਿਚੋਂ ਆਪਣੇ ਯੂਨੀਅਨ ਜੈਕ ਝੰਡੇ ਨੂੰ ਉਤਾਰਦੇ ਸਾਡੇ ਦੇਸ਼ ਦੇ ਸੋਹਣੇ ਮਨ ਮੋਹਣੇ, ਪਿਆਰੇ ਤਰੰਗੇ ਝੰਡੇ ਨੂੰ ਸਲੂਟ ਦਿੰਦੇ ਹੋਲੀ ਹੋਲੀ ਪਿਛੇ ਨੂੰ ਪੁਠੇ ਪੈਰੀਂ ਮੁੜਦਿਆਂ ਸਾਡਾ ਸੋਨੇ ਦੀ ਚਿੜੀਆ ਭਾਰਤ ਦੇਸ਼ ਛਡਿਆ)

ਹਿੰਦ ਧਰਮ ਅਤੇ ਭਾਰਤ ਦੀ ਆਜ਼ਾਦੀ ਵਾਸਤੇ ਸੰਘਰਸ਼ ਜਹਿਦ ਕਰਨ ਵਾਲੇ ਮਹਾਨ ਨੇਤਾ ਨੂੰ ਦੇਸ਼ ਨਿਕਾਲਾ ਜਲਾਵਤਨੀ ਦੇ ਹੁਕਮ ਬਾਦ ਗੱਡਾ ਲੁਧਿਆਣੇ ਦੇ ਘੰਟਾ ਘਰ ਕੋਲੋਂ ਦੀ ਲੰਘਦਾ ਲੁਧਿਆਣਾ ਰੇਲਵੇ ਜੰਕਸ਼ਨ ਸਟੇਸ਼ਨ ਤੇ ਜਾ ਪੁੱਜਾ, ਜਿਥੇ ਪੁਲਸ ਤੇ ਫੌਜ ਦੇ ਖ਼ਾਸ ਪਹਿਰੇ ਦਾ ਪਰਬੰਧ ਸੀ।

ਸ੍ਰੀ ਸਤਿਗੁਰੂ ਜੀ ਸੂਬੇ ਅਤੇ ਹਜ਼ੂਰੀ ਸਿੰਘਾਂ ਨੂੰ 12 ਨੰਬਰ ਦੀ ਗੋਰਖਾ ਫੌਜ ਦੀ ਗਾਰਦ ਨਾਲ ਜੈਕਸ਼ਨ ਦੀ ਅਗਵਾਈ ਹੇਠ ਇਕ ਸਪੈਸ਼ਲ ਰੇਲ ਵਿਚ ਬਿਠਾਇਆ ਗਿਆ। ਬੇਬਸ ਇੰਜਨ, ਹਿਜ਼ਰਾਂ ਦਾ ਕਾਲਾ ਧੂੰਆਂ ਛਡਦਾ, ਭਾਰਤ ਦੇ ਮੰਦੇ ਭਾਗਾਂ ਤੇ ਚੀਕਾਂ ਮਾਰਦਾ, ਲੱਖਾਂ ਦਿਲਾਂ ਦੇ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਲੁਧਿਆਣੇ ਤੋਂ ਦਿਲੀ ਰਾਹੀਂ ਇਲਾਹਾਬਾਦ (ਯੂ. ਪੀ.) ਪ੍ਰਯਾਗ ਦੇ ਕਿਲੇ ਦੀ ਨਜ਼ਰਬੰਦੀ ਲਈ ਲੈ ਤੁਰਿਆ।

ਤਕਰੀਬਨ ਦੋ ਮਹੀਨੇ ਬਾਦ ਇਲਾਹਾਬਾਦੋਂ ਕਲ-ਕਤੇ ਤੇ ਕਲਕਤੇ ਦੀ ਬੰਦਰਗਾਹ ਤੋਂ ਸ਼ੁਕਰਵਾਰ 11 ਮਾਰਚ 1872 ਨੂੰ ਰੰਗੂਨ ਬਰਮਾ ਲਈ ਸਮੁੰਦਰੀ ਜਹਾਜ਼ ਰਾਹੀਂ ਗੁਰੂ ਰਾਮ ਸਿੰਘ ਜੀ ਤੇ ਗੁਰਾਂ ਦੇ ਹਜ਼ੂਰੀ ਸੇਵਕ ਨਾਨੂੰ ਸਿੰਘ ਜੀ ਨੂੰ ਭੇਜ ਦਿਤਾ। ਉਥੇ 16 ਮਾਰਚ 1872 ਨੂੰ ਪੁਜੇ ਤੇ ਰੰਗੂਨ ਸੈਂਟਰਲ ਜਿਹਲ ਦੇ ਇਕ ਚੁਬਾਰੇ ਵਿਚ ਤਿੰਨ



Sri Satguru Jagjit Singh Ji Elibrary NamdhariElibrary@gmail.com

ਮਹੀਨਿਆਂ ਲਈ ਨਜ਼ਰਬੰਦ ਰਹੇ ।

ਇਸ ਤੋਂ ਪਿਛੋਂ ਰੰਗੂਨ ਦੀ ਛਾਉਣੀ ਵਿਖੇ ਡਾਕ-ਖਾਨੇ ਵਾਲੇ ਬੰਗਲੇ ਵਿਚ ਫੌਜੀ ਪਹਿਰੇ ਦੀ ਨਿਗਰਾਨੀ ਹੇਠ ਰੱਖਿਆ । ਇਥੇ ਹੀ ਸੰਨ 1879 ਵਿਚ ਸਤਿਗੁਰੂ ਦਰਸ਼ਨਾਂ ਲਈ ਉਚੇਚੇ ਆਏ ਸੂਬਾ ਗੁਰਚਰਨ ਸਿੰਘ ਜੀ ਹਥ ਗੁਰੂ ਰਾਮ ਸਿੰਘ ਜੀ ਨੇ ਕੂਕਾ ਅੰਦੋਲਨ ਦੀ ਸਹਾਇਤਾ ਲਈ ਰੂਸ ਸਰਕਾਰ ਵਲ ਲਿਖਤੀ ਹੁਕਮਨਾਮੇ ਭੇਜੇ। ਉਥੋਂ ਫਿਰ 18 ਸਤੰਬਰ 1880 ਨੂੰ ਗੁਰੂ ਰਾਮ ਸਿੰਘ ਜੀ ਤੇ ਬਾਬਾ ਨਾਨੂੰ ਸਿੰਘ ਜੀ ਨੂੰ "ਆਨੰਦ ਕਿਸ਼ਤੀ" ਤੇ ਸਵਾਰ ਕਰ ਕੇ 21 ਸਤੰਬਰ 1880 ਨੂੰ ਮਰਗੋਈ ਪਹੁੰਚਾ ਦਿਤਾ । ਉਥੇ ਵੀ ਗੁਰੂ ਜੀ ਦੇ ਸਿਦਕੀ ਗੁਰ ਸਿਖ ਦੁਖ, ਤਕਲੀਫਾਂ ਝਲਦੇ ਸਮੁੰਦ ਸਾਗਰਾਂ ਨੂੰ ਪਾਰ ਕਰਦੇ ਦੇਸ਼ ਧਰਮ ਦੇ ਰਾਖੇ ਗੁਰੂ ਰਾਮ ਸਿੰਘ ਜੀ ਨੂੰ ਮਿਲ ਕੇ ਖੁਸ਼ੀਆਂ ਲੈਂਦੇ ਰਹੇ ।

ਪੰਜਾਬ ਵਿਚੋਂ 18 ਜਨਵਰੀ 1872 ਦੀ ਤੜਕੇ ਸਤਿਗੁਰ ਨੂੰ ਇਲਾਹਾਬਾਦ ਭੇਜਣ ਪਿਛੋਂ ਦਿਨ ਚੜ੍ਹੇ ਸਵੇਰੇ 7 ਵਜੇ ਫੋਰਸਿਥ ਕਰਨਲ ਗੱਫ ਨਾਲ ਰਿਆਸਤੀ ਤੇ ਗੋਰੇ ਫੌਜੀ ਦਸਤਿਆਂ ਸਮੇਤ ਕੋਟਲੇ ਪੁਜਾ । 17 ਜਨਵਰੀ 1872 ਦੇ ਬਾਕੀ ਰਹਿੰਦੇ 16 ਕੂਕੇ ਸਿੰਘਾਂ ਨੂੰ ਉਸ ਖੁਦ ਬੜੀ ਬੇਰਹਿਮੀ ਨਾਲ ਤੋਪਾਂ ਅਗੇ ਛਾਤੀ ਤਾਣ ਖੜਿਆਂ ਕਰ ਗੋਲੀਆਂ ਨਾਲ ਉਡਾ ਦਿਤਾ ।

ਇਹਨਾਂ 16 ਸ਼ਹੀਦ ਸਿੰਘਾਂ ਵਿਚ ਮਹਾਰਾਜਾ ਪਟਿਆਲੇ ਦੇ ਨਜ਼ਦੀਕੀ ਰਿਸ਼ਤੇਦਾਰਾਂ ਵਿਚੋਂ ਇਕ ਮਧਰੇ ਕੱਦ ਦਾ ਨੌਜਵਾਨ ਦਲੇਰ ਸੂਰਮਾ ਸੰਤ ਵਰਿਆਮ ਸਿੰਘ ਜੀ ਵੀ ਸਨ । ਇਹਨਾਂ ਵਾਸਤੇ ਕਾਵਨ ਨੂੰ ਪਟਿਆਲਾ ਰਾਜ ਵਲੋਂ ਐਨ ਉਸ ਵੇਲੇ ਸਿਫਾਰਸ਼ ਪੁਜੀ ਜਦੋਂ ਕਿ ਸੰਤ ਜੀ ਆਪਣੀ ਵਾਰੀ ਜਾਣ ਕੇ ਝਟ ਤੋਪ ਅਗੇ ਆਣ ਖੜੇ ਹੋਏ । ਕਾਵਨ ਨੇ ਤੋਪਚੀ ਨੂੰ ਫੌਰਨ ਫਾਇਰ ਕਰਨ ਤੋਂ ਪਹਿਲੋਂ ਹੀ ਰੋਕਦਿਆਂ ਕਿਹਾ—

"ਇਸ ਆਦਮੀ ਕੋ ਛੋੜ ਦੋ" ਅਗੋਂ ਤੋਪਚੀ ਨੇ ਕਾਵਨ ਦੀ ਗੱਲ ਸੁਣਦਿਆਂ, ਇਸ਼ਾਰੇ ਸਮਝਦਿਆਂ ਝਟ ਬਹਾਨਾ ਬਣਾ ਕੇ ਕਾਵਨ ਨੂੰ ਆਖਿਆ—

"ਜਨਾਬ ਇਸ ਆਦਮੀ ਦਾ ਕੱਦ ਛੋਟਾ ਹੈ ਤੇ ਤੋਪ ਦੇ ਸਾਹਮਣੇ ਫਿਟ ਨਹੀਂ ।"

"ਹੈਂ ਮੈਂ ਤੋਪ ਦੇ ਫਿਟ ਨਹੀਂ ?" ਇਹ ਗੱਲ ਸੁਣ-ਦਿਆਂ ਵਰਿਆਮ ਸਿੰਘ ਜੀ ਨੇ ਝਟ ਕੋਲ ਪਈਆਂ ਢੀਮਾਂ ਨੂੰ ਇਕਠਿਆਂ ਕਰ ਇਕ ਉਚੀ ਥੜੀ ਬਣਾ ਲਈ । ਫਿਰ ਉਸ ਉਤੇ ਖੜਿਆਂ ਹੋ ਲਲਕਾਰ ਕੇ ਛਾਤੀ ਠੋਕ ਕੇ ਤੋਪਚੀ ਨੂੰ ਕਿਹਾ—

"ਹੁਣ ਜ਼ਰਾ ਇਧਰ ਵੇਖ ਓਏ ਕਾਵਨ ਦੇ ਪੁਤਰਾ ਮੇਰੀ ਛਾਤੀ ? ਮੈਂ ਤੋਪ ਦਾ ਹਾਣੀ ਹਾਂ, ਛੇਤੀ ਫਾਇਰ ਕਰ ਮੈਂ ਆਪਣੇ ਸਾਥੀਆਂ ਸਮੇਤ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਜਾਣਾ ਹੈ"

ਸਿਖ ਦੀ ਗੱਲ ਸੁਣਦਿਆਂ ਜੋਸ਼ ਵਿਚ ਆਏ ਕਾਵਨ ਨੇ ਫਾਇਰ ਕਰਨ ਦਾ ਹੁਕਮ ਦੇ ਦਿਤਾ । ਸਤਿਗੁਰਾਂ ਦਾ ਦੂਲਾ ਸ਼ੇਰ ਸ਼ਹੀਦੀ ਜਥੇ ਦੇ ਮੰਡਲ ਨਾਲ ਜਾ ਰਲਿਆ ।

ਸਿੰਘ ਨੂੰ ਤੋਪਾਂ ਨਾਲ ਉਡਾਉਣ ਪਿਛੋਂ ਕੋਟਲੇ ਵਿਖੇ ਫੋਰਸਿਥ ਅਤੇ ਕਾਵਨ ਨੇ ਇਕ ਸ਼ਾਹੀ ਦਰਬਾਰ ਸਜਾ ਕੇ ਨਵਾਬ ਕੋਟਲੇ ਦੇ ਖਜ਼ਾਨੇ ਵਿਚੋਂ ਸਰਕਾਰ ਦੇ ਝੋਲੀ ਚੁਕ ਪਿਠੂਆਂ ਦੇਸ਼ ਧਰੋਈਆਂ ਨੂੰ ਹਜ਼ਾਰਾਂ ਰੁਪਈਆਂ ਦੇ ਇਨਾਮ ਵੰਡੇ ।

ਕਾਵਨ ਨੇ ਉਸੇ ਦਿਨ ਕਨਰਲ ਬੇਲੀ ਨੂੰ 40 ਗੋਰਖਾ ਫੌਜੀ ਤੇ 12 ਪੁਲਸ ਅਫਸਰਾਂ ਸਮੇਤ ਸ੍ਰੀ ਭੈਣੀ ਸਾਹਿਬ ਭੇਜਿਆ । ਬੇਲੀ ਨੇ ਗੁਰੂ ਨਗਰੀ 'ਚ ਪਹੁੰਚਦਿਆਂ ਹੀ 6 ਸੂਬੇ ਤੇ 150 ਤੋਂ ਵਧ ਸਿੰਘਾਂ ਸਿੰਘਣੀਆਂ ਨੂੰ ਗ੍ਰਿਫਤਾਰ ਕਰ ਕੇ ਪੁਲਸ ਤੇ ਫੌਜ ਦੀ ਨਿਗਰਾਨੀ ਹੇਠ ਲੁਧਿਆਣੇ ਵਲ ਪੈਦਲ ਤੋਰ ਦਿਤੇ । ਲੁਧਿਆਣੇ ਪਹੁੰਚਦਿਆਂ ਹੀ ਸਰਕਾਰ ਨੇ ਚਾਰ ਸੂਬਿਆਂ ਨੂੰ ਵੀ ਇਲਾਹਾਬਾਦ ਸਤਿਗੁਰਾਂ ਪਾਸ ਜਲਾਵਤਨ ਕਰ ਭੇਜਿਆ ।

ਮਗਰੋਂ ਸਤਿਗੁਰਾਂ ਦੇ ਘਰਾਂ, ਮਕਾਨਾਂ ਦੀ ਤਲਾਸ਼ੀ ਕੀਤੀ । ਸਰਕਾਰੀ ਲਿਖਤਾਂ ਅਨੁਸਾਰ ਕੁਝ ਹਥਿਆਰਾਂ ਤੋਂ ਇਲਾਵਾ 1500 ਰੁਪਏ ਨਕਦ, ਹਜ਼ਾਰਾਂ ਰੁਪਇਆਂ ਦੇ ਸੋਨੇ ਚਾਂਦੀ ਦੇ ਕੀਮਤੀ ਜ਼ੇਵਰ, ਵਧੀਆ ਦੁਸ਼ਾਲੇ, ਰੁਮਾਲੇ, ਚਾਨਣੀਆਂ, ਤਿਲੇ ਦੀ ਕਢਾਈ ਵਾਲੇ ਸਤਿਗੁਰਾਂ ਦੇ ਚੋਲੇ, ਸੋਹਣੇ ਬਸਤਰ, ਸਭ ਚੀਜ਼ਾਂ ਮਜ਼ਬੂਤ ਸੰਦੂਕਾਂ ਵਿਚ ਬੰਦ ਕਰ, ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਰਖਣ ਹਿਤ ਲੁਧਿਆਣੇ ਤੇ ਲੁਧਿਆਣੇ ਤੋਂ ਅਗੇ ਪਤਾ ਨਹੀਂ ਕਿਥੇ ? ਨਾ ਜਾਣੇ ਵਲੈਤ ਹੀ ਭੇਜ ਦਿਤੀਆਂ । ਕੁਝ ਮਕਾਨਾਂ ਨੂੰ ਛਡ ਬਾਕੀ ਸਾਰੇ ਗੁਰੂ ਘਰਾਂ ਨੂੰ ਜੰਦਰੇ ਮਾਰ ਦਿਤੇ ।

22 ਜਨਵਰੀ 1872 ਨੂੰ ਦਿੱਲੀ ਤੋਂ ਸਕੱਤਰ



Sri Satguru Jagjit Singh Ji Elibrary NamdhariElibrary@gmail.com

ਪੰਜਾਬ ਗਵਰਨਮੈਂਟ ਦੇ ਹੁਕਮ ਨਾਲ ਜੈਕਸਨ ਅਸਿਸਟੈਂਟ ਸੁਪਰਟੈਂਡੈਂਟ ਪੁਲਸ ਸ੍ਰੀ ਭੈਣੀ ਸਾਹਿਬ ਪੁਜਾ ਤੇ ਮੁੜ ਗੁਰੂ ਜੀ ਦੇ ਘਰਾਂ ਦੀ ਤਲਾਸ਼ੀ ਦੋ ਦਿਨ ਤਕ ਰੱਜ ਕੇ ਕੀਤੀ। ਕੂਕਿਆਂ ਦੇ ਮਹਾਨ ਤੀਰਥ ਨੂੰ ਤਾਂ ਕਨਰਲ ਬੇਲੀ ਨੇ ਪਹਿਲਾਂ ਹੀ ਲੁਟ ਲਿਆ ਸੀ ਤੇ ਸਭ ਚੀਜ਼ਾਂ ਸੰਦੂਕਾਂ ਵਿਚ ਬੰਦ ਕਰ ਕੇ ਲੁਧਿਆਣਾ ਲਿਜਾ ਚੁਕੇ ਸਨ। ਫਿਰ ਜੈਕਸਨ ਨੇ ਗੁਰੂ ਤੀਰਥ ਨੂੰ ਪਾਣੀ ਹਾਂਡੇ ਤਕ ਪੁਟ ਪੁਟ ਬਰਬਾਦ ਹੀ ਕਰਵਾ ਦਿਤਾ। ਪਰ ਉਸ ਨੂੰ ਹੋਰ ਮਿਲਿਆ ਕੁਝ ਨਾ। ਖਾਲੀ ਹਥ ਜਾਂਦਾ ਹੋਇਆ ਕੂਕਿਆਂ ਤੇ ਹਰ ਪ੍ਰਕਾਰ ਦੀ ਨਿਗਰਾਨੀ ਰਖਣ ਲਈ ਪੁਲਸ ਇੰਸਪੈਕਟਰ ਅਮਰਾਓ ਅਲੀ ਦੇ ਅਧੀਨ 20 ਸਿਪਾਹੀਆਂ ਦੀ ਗਾਰਦ ਸ੍ਰੀ ਭੈਣੀ ਸਾਹਿਬ ਬਿਠਾ ਗਿਆ। ਜੋ 50 ਸਾਲਾਂ ਤੋਂ ਵਧ ਲੰਬੇ ਅਰਸੇ ਤਕ ਗੁਰੂ ਘਰੋਂ ਖਾਂਦੀ ਤੇ ਗੋਰਾ ਸ਼ਾਹੀ ਦੇ ਗੁਣ ਗਾਉਂਦੀ ਕਾਇਮ ਰਹੀ।

ਨਾਮਧਾਰੀ ਕੂਕਾ ਪੰਥ ਅੰਗਰੇਜ਼ ਸਰਕਾਰ ਦਾ ਬਾਗੀ ਗੈਰ ਕਾਨੂੰਨੀ ਜਮਾਤ ਕਰਾਰ ਦਿਤਾ ਗਿਆ ਤੇ ਗੁਰੂ ਰਾਮ ਸਿੰਘ ਜੀ ਦੇ ਪੈਰੋਕਾਰਾਂ, ਕੂਕੇ ਸਿੰਘਾਂ, ਸੂਬਿਆਂ, ਸੰਤਾਂ ਮਹੰਤਾਂ ਨੂੰ ਪੰਜਾਬੋਂ ਦੂਰ ਦੁਰੇਡੇ ਭਾਰਤੀ ਪ੍ਰਾਂਤਾਂ ਤੋਂ ਇਲਾਵਾ ਸਮੁੰਦਰੋਂ ਪਾਰ ਅਦਨ, ਮੌਲੀਨ, ਬਰਮਾ, ਅੰਡੇਮਾਨ ਵਿਚ ਜਲਾਵਤਨ ਨਜ਼ਰਬੰਦ ਕੀਤਾ ਗਿਆ। ਸਮੁੰਦਰੀ ਰਸਤਿਆਂ ਦੇ ਸਫਰਾਂ ਦੌਰਾਨ ਕਈਆਂ ਸਿੰਘਾਂ ਨੂੰ ਦੁਖ ਭਰੇ ਤਸੀਹੇ ਦਿੰਦਿਆਂ ਜੀਉਂਦਿਆਂ ਨੂੰ ਸਮੁੰਦਰ ਵਿਚ ਸੁਟਿਆ ਗਿਆ।

ਪੰਜਾਬ ਦੇ ਹਰ ਪਿੰਡ ਤੇ ਨਗਰ ਵਿਚ ਕੂਕਿਆਂ ਦੀਆਂ ਫਹਿਰਸਤਾਂ ਤਿਆਰ ਕਰਵਾ ਸਖਤੀਆਂ ਭਰੀਆਂ ਨਿਗਰਾਨੀਆਂ ਰਖਣੀਆਂ ਸ਼ੁਰੂ ਕਰ ਦਿਤੀਆਂ। ਕੂਕਿਆਂ ਦੀਆਂ ਜਾਇਦਾਦਾਂ ਜ਼ਬਤ ਤੇ ਕੁਰਕ ਕੀਤੀਆਂ ਗਈਆਂ। ਨਾਮਧਾਰੀਆਂ ਨੂੰ ਹਰ ਰੋਜ਼ ਥਾਣਿਆਂ ਵਿਚ ਹਾਜ਼ਰੀਆਂ ਲਵਾਉਣੀਆਂ ਪੈਂਦੀਆਂ। ਆਮ ਜਲਸਿਆਂ, ਦੀਵਾਨਾਂ ਮੇਲਿਆਂ, ਅਖੰਡ ਪਾਠਾਂ ਦੇ ਭੋਗਾਂ ਤੇ ਪੰਜ ਸਿੰਘਾਂ ਤੋਂ ਵਧ ਇਕਠਿਆਂ ਹੋਣੋ ਰੋਕਦਿਆਂ ਸਖਤ ਪਾਬੰਦੀਆਂ ਲਾ ਦਿਤੀਆਂ ਗਈਆਂ।

ਸੰਨ 1872 ਤੇ 1906 ਲੰਬੇ 34 ਸਾਲਾਂ ਦੇ ਅਰਸੇ ਤਕ ਸ਼ਾਂਤੀ ਸਰੂਪ ਸ੍ਰੀ ਸਤਿਗੁਰ ਹਰੀ ਸਿੰਘ ਜੀ ਮਹਾਰਾਜ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦੀ ਦੇ ਰੂਪ ਵਿਚ ਰਹੇ। ਪੰਥ ਅਤੇ ਸਵਤੰਤਰਤਾ ਦੀ ਲਹਿਰ ਨੂੰ ਲੱਖਾਂ ਦੁਖ ਤਕਲੀਫਾਂ ਤੇ ਕਸ਼ਟਾਂ ਵਿਚੋਂ ਹਰਿਆ ਭਰਿਆ ਰਖਦਿਆਂ ਦੇਸ਼ ਆਜ਼ਾਦ ਕਰਵਾਉਣ ਹਿਤ ਰੂਸੀ ਮਦਦ ਲੈਣ ਲਈ 1880 ਵਿਚ ਸ੍ਰੀ ਸੂਬਾ ਬਿਸ਼ਨ ਸਿੰਘ ਜੀ ਨੂੰ ਕੁਝ ਸਿੰਘਾਂ ਸਮੇਤ ਰੂਸ ਭੇਜਿਆ। ਅੰਗਰੇਜ਼ ਦੀਆਂ ਸਰਕਾਰੀ ਲਿਖਤਾਂ ਅਨੁਸਾਰ ਉਥੇ ਹੀ ਰੂਸ ਦੀ ਰਾਜਧਾਨੀ ਮਾਸਕੋ ਵਿਖੇ ਸੰਨ 1887 ਵਿਚ ਮਹਾਰਾਜਾ ਦਲੀਪ ਸਿੰਘ ਜੀ ਦਾ ਕੂਕਿਆਂ ਨਾਲ ਮੇਲ ਜੋਲ ਹੋਇਆ।

ਸ੍ਰੀ ਸਤਿਗੁਰ ਹਰੀ ਸਿੰਘ ਜੀ ਦੀਆਂ ਤਾਂਘਾਂ ਭਰੀਆਂ ਪ੍ਰੇਰਨਾ, ਯੋਗ ਅਗਵਾਈ ਅਤੇ ਕਠਨ ਯਤਨਾਂ ਸਦਕਾ ਸਮੇਂ ਸਮੇਂ 100 ਕੁ ਨਾਮਧਾਰੀ ਸਿੰਘਾਂ ਸਮੁੰਦਰੋਂ ਪਾਰ, ਰੰਗੂਨ ਬਰਮਾ ਵਿਚ ਪਹੁੰਚ, ਸਤਿਗੁਰ ਰਾਮ ਸਿੰਘ ਜੀ ਦੇ ਦਰਸ਼ਨ ਕਰਦਿਆਂ ਸਤਿਗੁਰ ਹਰੀ ਸਿੰਘ ਜੀ ਲਈ ਤੇ ਸੰਗਤਾਂ ਲਈ ਅੰਮ੍ਰਿਤ ਬਰਨ ਭਰੇ ਵਡਮੁੱਲੇ ਹੁਕਮਨਾਮੇ ਲਿਆਂਦੇ। ਸੰਨ 1898 ਮੁਤਾਬਕ ਸੰਮਤ 1956 ਦੇ ਕਾਲ ਸਮੇਂ ਸਰਕਾਰ ਵਲੋਂ 80 ਮੁਰੱਬੇ ਮਿਲਦੀ ਜ਼ਮੀਨ ਨੂੰ ਗੁਰੂ ਹਰੀ ਸਿੰਘ ਜੀ ਇਹ ਕਹਿ ਠੁਕਰਾ ਦਿਤਾ—

"ਖਿਲਿਆ ਦੇਸ਼ ਵੀ ਸਾਡਾ ਤੇ ਜ਼ਮੀਨ ਵੀ ਸਾਡੀ ਅਸੀਂ ਤੇਰੇ ਪਾਸੋਂ 80 ਮੁਰੱਬੇ ਲੈ ਕੇ ਕਿਵੇਂ ਸਮਝ ਲਈਏ ਕਿ ਬਾਕੀ ਸਾਰੇ ਦੇਸ਼ ਦੀ ਜ਼ਮੀਨ ਤੁਹਾਡੀ ਗੋਰਿਆਂ ਦੀ ਹੈ?"

ਸੰਨ 1906 ਤੇ 1959 ਤਕ 53 ਸਾਲਾਂ ਲਈ ਵਡ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੰਥ ਦੀ ਬੇਮਿਸਾਲ ਅਗਵਾਈ ਕਰਦਿਆਂ ਲੱਖਾਂ ਨਾਮਧਾਰੀਆਂ ਸਮੇਤ ਹਰ ਸਮੇਂ 'ਕਾਂਗਰਸ' ਨੂੰ ਤਨੋ ਮਨੋ ਧਨੋ ਹੀ ਪੂਰਨ ਮਿਲਵਰਤਣ ਦਾ ਸਹਿਯੋਗ ਹੀ ਨਹੀਂ ਦਿਤਾ ਬਲਕਿ ਲੱਖਾਂ ਕੂਕੇ ਸਿੰਘਾਂ ਨਾਲ ਕਾਂਗਰਸ ਸੈਸ਼ਨਾਂ ਵਿਚ ਅਗੇ ਹੋ ਭਾਗ ਲੈਂਦੇ, ਪ੍ਰਬੰਧਕਾਂ ਦੇ ਨਾਤੇ ਦੇਸ਼ ਸੇਵਾ ਕਰਦੇ ਰਹੇ।

ਦੇਸ਼, ਬਿਦੇਸ਼ ਦੇ ਨਾਮਧਾਰੀਆਂ ਨੂੰ ਦੇਸ਼ ਸਭੱਯਤਾ ਤੇ ਰੂਹਾਨੀਅਤ ਦਾ ਗੁਰ ਗਿਆਨ ਦਿੰਦਿਆਂ, ਧੜੇਬੰਦੀ ਦੇ ਵਿਚਾਰਾਂ ਤੋਂ ਉਚਿਆਂ ਰਖਦੇ ਦੇਸ਼ ਏਕਤਾ, ਦੇਸ਼ ਉਨਤੀ ਦੇ ਹਰ ਖੇਤਰ ਵਿਚ ਜੋੜੀ ਰਖਿਆ।

ਸੰਨ 1885 ਵਿਚ ਕਾਂਗਰਸ ਜਮਾਤ ਨੇ ਜਨਮ ਲਿਆ ਸੀ ਤੇ 1921 ਵਿਚ ਮਹਾਤਮਾਂ ਗਾਂਧੀ ਜੀ ਨੇ ਕਾਂਗਰਸ ਦੀ ਵਾਗ ਡੋਰ ਸੰਭਾਲਦਿਆਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ 64 ਸਾਲ ਪਹਿਲਾਂ ਦੇਸ਼ ਵਿਚ ਨਾ



Sri Satguru Jagjit Singh Ji Elibrary NamdhariElibrary@gmail.com

ਮਿਲਵਰਤਣ, ਸਵਦੇਸ਼ੀ ਲਹਿਰ ਦੇ ਚਲਾਏ ਤੇ ਦਰਸਾਏ ਮਾਰਗ ਨੂੰ ਮੁੜ ਅਪਨਾਇਆ ਤੇ ਪਰਚਾਇਆ। ਕਾਂਗਰਸ ਦੀ ਰਾਜਨੀਤਕ ਨੀਤੀ ਅਤੇ ਪ੍ਰੋਗਰਾਮਾਂ ਨੂੰ ਦੇਸ਼ ਭਗਤਾਂ ਦੇ ਸਹਿਯੋਗ ਨਾਲ ਬਦਲਦਿਆਂ ਸਾਰੇ ਦੇਸ਼ ਨੂੰ ਸੁਤੰਤਰਤਾ ਦੇ ਜੀ. ਟੀ. ਰੋਡ ਦੇ ਰਾਹੇ ਪਾ ਦਿਤਾ।

ਕੂਕਾ ਅੰਦੋਲਨ ਦੇ ਜਨਮ 13.4.1857 ਤੋਂ 15.8.1947 ਤੱਕ 90 ਸਾਲ 4 ਮਹੀਨੇ 2 ਦਿਨਾਂ ਦੇ ਲੰਮੇ ਆਜ਼ਾਦੀ ਸੰਘਰਸ਼ ਵਿਚ ਲੱਖਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਦੇਸ਼ ਆਜ਼ਾਦ ਹੋਇਆ। ਇਹ ਆਜ਼ਾਦੀ ਦੀ ਹੀ ਦੇਣ ਹੈ ਕਿ ਗਣਤੰਤਰ ਭਾਰਤ ਅਜ ਅੰਤਰ ਰਾਸ਼ਟਰੀਆ ਸਾਂਝੇ ਭਾਈਚਾਰੇ ਦਾ ਪ੍ਰਦਰਸ਼ਿਤ ਮੈਂਬਰ ਹੈ ਤੇ ਇਸ ਦੇ ਲਖਾਂ ਵਸਨੀਕ ਦੇਸਾਂ ਪਰਦੇਸਾਂ ਵਿਚ ਦੂਜੇ ਆਜ਼ਾਦ ਦੇਸ਼ਾਂ ਦੇ ਵਸਨੀਕ ਵਾਂਗ ਹੀ ਸਾਰੇ ਅਧਿਕਾਰਾਂ ਨੂੰ ਮਾਣਦੇ, ਭਾਰਤੀ ਆਨਸ਼ਾਨ ਵਿਚ ਬੜੇ ਮਾਣ ਤਾਣ ਨਾਲ ਰਹਿ ਰਹੇ ਹਨ।

ਅਜ ਵੀ ਨਾਮਧਾਰੀ ਪੰਥ ਦੇ ਸਿਰਤਾਜ ਹਿਜ਼ ਹੋਲੀਨੈਸ ਸਾਹਿਬ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਮਹਾਨ ਛਤਰ ਛਾਇਆ ਹੇਠ ਲੱਖਾਂ ਨਾਮਧਾਰੀ ਸਿੱਖ, ਸਮੇਂ ਦੀ ਸਰਕਾਰ ਵਲੋਂ ਹਰ ਉਸਾਰੂ ਕੰਮਾਂ ਵਿਚ ਹਿਸਾ ਲੈਂਦੇ ਅਹਿੰਸਾ, ਧਰਮ, ਦੇਸ਼ ਏਕਤਾ ਤੇ ਵਿਸ਼ਵ ਅਮਨ ਸ਼ਾਂਤੀ ਤੇ ਪਰਤਖ ਹਾਮੀ ਹਨ।

ਆਜ਼ਾਦੀ ਤੋਂ ਪਹਿਲਾਂ ਅਤੇ ਬਾਦ ਦੇਸ਼ ਮਹਾਨ, ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਨੇਤਾਵਾਂ ਤੋਂ ਇਲਾਵਾ ਭਾਰਤ ਸਰਕਾਰ ਦੇ ਸਿਰ ਮੌਰ, ਪਹਿਲੇ ਰਾਸ਼ਟਰਪਤੀ, ਸਵਰਗਵਾਸੀ, ਸ੍ਰੀ ਡਾਕਟਰ ਰਾਜਿੰਦਰ ਪ੍ਰਸ਼ਾਦ, ਪਹਿਲੇ ਪ੍ਰਧਾਨ ਮੰਤਰੀ, ਸਵਰਗਵਾਸੀ ਸ੍ਰੀ ਨਹਿਰੂ ਜੀ, ਅਤੇ ਮਿਸਜ਼ ਇੰਦਰਾ ਗਾਂਧੀ ਜੀ ਤੇ ਸਮੇਂ ਸਮੇਂ ਦੇ ਸਭ ਚੀਫ ਮਨਿਸਟਰਾਂ, ਸਰਕਾਰੀ ਆਗੂਆਂ, ਮਹਾਨ ਤੀਰਥ ਸ੍ਰੀ ਭੈਣੀ ਸਾਹਿਬ ਜੀ ਦੇ ਦਰਸ਼ਨ ਕਰਕੇ ਸਤਿਗੁਰੂ ਰਾਮ ਸਿੰਘ ਜੀ ਤੇ ਕੂਕੇ ਸਿੰਘਾਂ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਅਰਪਣ ਕਰਦੇ ਚਲੇ ਆ ਰਹੇ ਹਨ।

ਭਾਰਤ ਦੇ ਲੋਕ ਰਾਜ ਦੀ ਮਜ਼ਬੂਤੀ ਲਈ ਅਜ ਲੋੜ ਹੈ ਕਿ ਕੌਮੀ ਸਰਕਾਰ ਆਜ਼ਾਦੀ ਦੀਆਂ ਨੀਹਾਂ ਵਿਚ ਸੀਮੈਂਟ, ਰੇਤ, ਰੋੜੀ ਤੇ ਬਜਰੀ ਦੀ ਥਾਂ ਕੂਕਿਆਂ ਦੀਆਂ ਬਲੀਦਾਨ, ਕੀਤੀਆਂ ਜੀਵਨ ਅਹੂਤੀਆਂ ਤੇ ਕੁਰਬਾਨੀਆਂ-ਭਰੇ ਵਡਮੁੱਲੇ ਕਾਰਨਾਮਿਆਂ ਦੀ ਮਹਾਨ ਸਚਾਈ ਨੂੰ ਧੁਰੋ ਦਰੂ ਕੇ ਪ੍ਰਗਟ ਕਰਦੀ ਨਾਮਧਾਰੀਆਂ ਵਲੋਂ ਹੇਠ ਲਿਖੀਆਂ ਮੰਗਾਂ ਨੂੰ ਪੂਰੀਆਂ ਕਰੇ।

1. ਆਜ਼ਾਦੀ ਦੇ ਲਿਖੇ ਜਾਂਦੇ ਹਰ ਇਤਿਹਾਸ ਵਿਚ 'ਕੂਕਾ ਅੰਦੋਲਨ' ਦਾ ਜ਼ਿਕਰ ਸੁਨਹਿਰੀ ਅੱਖਰਾਂ ਵਿਚ ਅੰਕਤ ਕਰਦਿਆਂ ਇਸ ਸਚਾਈ ਨੂੰ ਠੋਕ ਬਜਾ ਕੇ ਦਸਿਆ ਤੇ ਪਰਚਾਰਿਆ ਜਾਵੇ ਕਿ ਸੁਤੰਤਰਤਾ, ਨਾ ਮਿਲਵਰਤਣ ਸੁਦੇਸ਼ੀ ਲਹਿਰ ਦੇ ਪ੍ਰਥਮ ਜਨਮ ਦਾਤਾ, ਪੰਜਾਬ ਦੀ ਧਰਤੀ ਤੋਂ ਪਰਗਟੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ।
2. ਕੂਕੇ ਸ਼ਹੀਦਾਂ ਦੀਆਂ ਥਾਂ ਪਰ ਥਾਂ ਯਾਦਗਾਰਾਂ ਕਾਇਮ ਕਰਦਿਆਂ ਮਲੇਰ ਕੋਟਲੇ ਦੇ ਸ਼ਹੀਦੀ ਸਾਕੇ ਦੀ ਤਸਵੀਰ ਦੀਆਂ ਡਾਕ ਟਿਕਟਾਂ ਛਾਪ ਕੇ ਸ਼ਹੀਦਾਂ ਨੂੰ ਪੂਰਨ ਮਾਣ ਤੇ ਸਤਿਕਾਰ ਦਿਤਾ ਜਾਵੇ।
3. ਜੰਗੇ ਆਜ਼ਾਦੀ ਦੇ ਮਹਾਂ ਵਿਦਿਆਲੇ ਸ੍ਰੀ ਭੈਣੀ ਸਾਹਿਬ ਨੂੰ ਪੰਜਾਬ ਅਤੇ ਭਾਰਤ ਦੇ ਨਕਸ਼ਿਆਂ ਵਿਚ ਮੋਟੇ ਅੱਖਰੀਂ ਦਰਸਾਇਆ ਜਾਏ।
4. ਬਸੰਤ ਪੰਚਮੀ ਦਿਹਾੜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ (ਜਨਮ) ਪ੍ਰਕਾਸ਼ ਦਿਨ ਸਾਰੇ ਦੇਸ਼ ਵਿਚ ਸਰਕਾਰੀ ਪੱਧਰ ਤੇ ਛੁੱਟੀ ਕਰਕੇ ਮਾਣ ਤੇ ਸ਼ਾਨ ਨਾਲ ਮਨਾਇਆ ਜਾਵੇ।
5. ਦੇਸ਼ ਨੂੰ ਆਜ਼ਾਦ ਤੱਕਣ ਦੀ ਖਾਤਰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਸ ਸੜਕ ਰਾਹੀਂ ਦੇਸ਼ ਨਿਕਾਲਾ ਲੈ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ ਰੇਲਵੇ ਸਟੇਸ਼ਨ ਤਕ, ਘਰੋਂ ਚਲ ਬੇਘਰ, ਤੇ ਦੇਸ਼ੋਂ, ਬਿਦੇਸ਼ ਹੋਏ, ਉਸ ਲੁਧਿਆਣੇ ਦੇ ਸਮਰਾਲਾ ਚੰਡੀਗੜ੍ਹ (ਰੋਡ) ਸੜਕ ਦਾ ਨਾਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਾਰਗ ਰੱਖਿਆ ਜਾਵੇ ਤੇ ਬਿਦੇਸ਼ ਬਰ੍ਹਮਾਂ ਵਿਖੇ ਭਾਰਤ ਦੀ ਸੁਦੇਸ਼ੀ ਨਾ-ਮਿਲਵਰਤਣ



Sri Satguru Jagjit Singh Ji Elibrary NamdhariElibrary@gmail.com

ਲਹਿਰ ਦੇ ਪਹਿਲੇ ਜਲਾਵਤਨ ਹੋਏ ਨੇਤਾ ਦੀ ਪਵਿਤਰ ਯਾਦ ਨੂੰ ਰਹਿੰਦੀ ਦੁਨੀਆਂ ਤਕ ਕਾਇਮ ਕੀਤਾ ਜਾਏ ।

ਇਸ ਤਰ੍ਹਾਂ ਕਰਨ ਨਾਲ ਲੁਧਿਆਣਾ ਸ਼ਹਿਰ ਸਾਰੇ ਭਾਰਤ ਦਾ ਸਹੀ ਰੂਪ ਵਿਚ ਮਾਣ ਗੌਰਵ ਤੇ ਜੰਗੇ ਆਜ਼ਾਦੀ ਦਾ ਪ੍ਰਥਮ ਰਾਹ ਦਰਸਾਉਣ ਵਾਲਾ ਸ਼ੋਮਾ ਸਿਧ ਤੇ ਜਗਤ ਪ੍ਰਸਿਧ ਹੋਵੇਗਾ ।

ਪੰਜਾਬ ਅਤੇ ਭਾਰਤ ਸਰਕਾਰ ਤੋਂ ਪੂਰਨ ਆਸ ਕੀਤੀ ਜਾਂਦੀ ਹੈ ਕਿ ਦੇਸ਼ ਬਿਦੇਸ਼ ਦੇ ਲੱਖਾਂ ਨਾਮਧਾਰੀਆਂ ਦੀਆਂ ਉਪਰੋਕਤ ਜਾਇਜ਼ ਮੰਗਾਂ ਨੂੰ ਜ਼ਰੂਰ ਅਮਲੀ ਤੌਰ ਤੇ ਸਵੀਕਾਰ ਕਰਦੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜੰਗੇ ਆਜ਼ਾਦੀ ਦੇ ਮੋਢੀ ਹੋਣ ਦਾ ਮਾਣ ਦਿੰਦੀ ਹੋਈ ਛੇਤੀ ਤੋਂ ਛੇਤੀ "ਗੁਰੂ ਰਾਮ ਸਿੰਘ ਮਾਰਗ" ਬਣਾਕੇ ਸਤਿਗੁਰਾਂ ਨੂੰ ਰਾਸ਼ਟਰੀ ਸਨਮਾਨ ਦੇਵੇਗੀ । ×

## ਗੀਤ

—ਸਤਿਨਾਮ ਕੌਰ ਕੰਵਲ
ਨਾਮਧਾਰੀ ਕਲੋਨੀ, ਨਵੀਂ ਦਿੱਲੀ

ਫੁਲਵਾੜੀ ਮੇਰੇ ਸਤਿਗੁਰ ਦੀ ਵੱਧੇ ਫੁੱਲੇ ਰੰਗ ਲਾਵੇ ।

ਅਰਸ਼ਾਂ ਤੋਂ ਇਕ ਚਾਨਣ ਆਇਆ, ਜੱਸ ਹਰੀ ਦਾ ਅੰਬਣ ਸੁਹਾਇਆ ।
ਉਹ ਰਾਮ ਰੂਪ ਦਿਸ ਆਵੇ । ਫੁਲਵਾੜੀ.........
ਕਲਗੀਧਰ ਦਾ ਪੰਥ ਨਿਰਾਲਾ, ਦੀਨ ਤੇ ਦੇਸ਼ ਕਊ ਰਖਵਾਲਾ ।
ਇਕ ਸਿੱਖ ਸਵਾ ਲੱਖ ਕਹਾਵੇ । ਫੁਲਵਾੜੀ.........
ਹਰੀ ਭਰੀ ਸਿਖੀ ਮੁਰਝਾਈ, ਕਰਮ ਧਰਮ ਦੀ ਰੀਤ ਭੁਲਾਈ ।
ਬਿਨ ਸਤਿਗੁਰ ਕੌਣ ਬਚਾਵੇ । ਫੁਲਵਾੜੀ.........
ਸੋਲਹ ਕਲਾ ਸੰਪੂਰਨ ਫਲਿਆ, ਅਨਭ ਕਲਾ ਹ੍ਰਿਦਿ ਠਾਕੁਰ ਚੜ੍ਹਿਆ ।
ਉਹ ਦੂਆ ਦਸੂ ਗੁਰੂ ਕਹਾਵੇ ਫੁਲਵਾੜੀ.........
ਸੰਤ ਖਾਲਸਾ ਸਾਜਨਾ ਕੀਤੀ, ਦੇਵਤਾ ਰੂਪ ਚਲਾਈ ਰੀਤੀ ।
ਨਾਮ ਦਾਨ ਇਸ਼ਨਾਨ ਦ੍ਰਿੜਾਵੇ । ਫੁਲਵਾੜੀ.........
ਟੂਟੀ ਗੰਢਣ ਹਾਰ ਕ੍ਰਿਪਾਲਾ, ਬਡ ਪ੍ਰਤਾਪੀ ਜਾਹਰ ਜਲਾਲ ।
ਮਹਿਮਾ ਨਿਸਕੂਰ ਕਹੀ ਨਾ ਜਾਵੇ । ਫੁਲਵਾੜੀ.........
ਮਹਾਰਾਜ ਬੀਰਨ ਕੇ ਬੀਰ, ਪੰਥ ਬਾਗ ਲਈ ਨਿਰਮਲ ਨੀਰ ।
ਰਸਨਾ ਅੰਮ੍ਰਿਤ ਬਰਸਾਵੇ । ਫੁਲਵਾੜੀ............
ਮਾਤਾ ਦੋਵੇਂ ਦਇਆ ਦਾ ਸਾਗਰ, ਚੰਦ ਤੇ ਸੂਰਜ ਦੋਵੇਂ ਠਾਕੁਰ ।
ਖਿੜ ਬੀਬਾ ਜਗਤਾਰ ਸੁਹਾਵੇ । ਫੁਲਵਾੜੀ............
ਸੂਬੇ ਸੁੰਦਰ ਬਾਗ ਦੇ ਬੂਟੇ, ਮਸਤ ਸਾਧ ਵਿਚ ਲੈਣ ਪਏ ਝੂਟੇ ।
ਵਿਚੋਂ ਮਹਿਕ ਨਾਮ ਦੀ ਆਵੇ । ਫੁਲਵਾੜੀ.........
ਨਿਤ ਨੇਮ ਮੇਲੇ ਤੇ ਹੋਲੇ । ਲੰਮੀਆਂ ਲਗਨਾਂ ਵਿਦੇਸ਼ ਰੰਗ ਮੌਲੇ ।
ਗੁਰੂ ਦਰਸ ਬਹਾਰ ਲਿਆਵੇ । ਫੁਲਵਾੜੀ.........
ਦੇਸ਼ ਵਿਦੇਸ਼ੀ ਮਹਿਕਾਂ ਗਈਆਂ, ਦ੍ਰਿੜ ਵਿਸ਼ਵਾਸ਼ ਜੜ੍ਹਾਂ ਲਗ ਗਈਆਂ ।
ਕੰਵਲ ਸ਼ਿਸ਼ੂ ਹਰੀ ਲਹਿ ਲਹਾਵੇ । ਫੁਲਵਾੜੀ.........



Sri Satguru Jagjit Singh Ji Elibrary NamdhariElibrary@gmail.com

# ਖੁਰਾਕ ਅਤੇ ਆਤਮਾ

ਦਾ

# ਸਬੰਧ

ਆਤਮਘਾਤੀ ਵੀ ਕਹਿ ਦੇਣਾ ਕੋਈ ਗੁਨਾਹ ਨਹੀਂ ਉਨ੍ਹਾਂ ਨੂੰ, ਜੋ ਸਰੀਰ ਦੀ ਰੱਖਿਆ ਨਹੀਂ ਕਰਦੇ ਤੇ ਆਤਮਾਂ ਨਾਲ ਧੋਖਾ ਕਮਾਂਦੇ ਹਨ। ਆਤਮਾ ਦੀ ਖੁਰਾਕ ਬਾਣੀ, ਤੇ ਬਾਣੀ ਦਾ ਨਿਚੋੜ ਸੱਤ ਹੈ, ਜਿਸ ਵਿਚ ਆਪ ਨਿਰੰਕਾਰ ਵਾਸ ਕਰਦਾ ਹੈ। ਇਸ ਲਈ ਆਤਮਾ ਨੂੰ ਸੱਚੇ ਢੰਗ ਨਾਲ ਜੀਵਤ ਰੱਖਣ ਲਈ ਬਾਣੀ ਦੀ ਪਾਣ ਜ਼ਰੂਰੀ ਹੈ। ਬਾਣੀ ਪੜ੍ਹਨ ਨਾਲ ਆਤਮਾ ਸ਼ਾਂਤ ਸ਼ੁੱਧ ਤੇ ਤ੍ਰਿਪਤ ਹੋ ਜਾਂਦੀ ਹੈ।

ਮੈਲ ਭਰੇ ਗੰਦੇ ਕਪੜੇ ਪਹਿਨਣ ਨਾਲ ਸੁੰਦਰ ਵੀ ਮੈਲ ਦੀ ਭਾਅ ਮਾਰਨ ਲਗ ਪੈਂਦਾ ਹੈ। ਇਸੇ ਤਰ੍ਹਾਂ ਆਤਮਾਂ ਦੀ ਸੁੰਦਰਤਾ ਵੀ ਸਰੀਰ ਦੀ ਸਵੱਛਤਾ ਤੇ ਨਿਰਭਰ ਹੈ। ਸਰੀਰ ਦੀ ਸ਼ੁਧੀ ਲਈ ਸਾਨੂੰ ਸ਼ੁੱਧ ਭੋਜਨ ਦੀ ਲੋੜ ਹੈ। ਸ਼ੁੱਧ ਭੋਜਨ ਉਹ ਹੈ ਜੋ ਸਰੀਰ ਤੇ ਆਤਮਾ ਦਾ ਸੱਚਾ ਸਬੰਧ ਕਾਇਮ ਰੱਖ ਸਕੇ।

ਗੁਰਬਾਣੀ ਅਨੁਸਾਰ ਸ਼ੁੱਧ ਭੋਜਨ ਮਾਸ ਰਹਿਤ ਹੈ, ਹਿੰਦੂ ਤੇ ਬੁੱਧ ਧਰਮ ਵਿਚ ਵੀ "ਅਹਿੰਸਾ ਪਰਮੋ-ਧਰਮਾ" ਤੇ ਬਹੁਤ ਜ਼ੋਰ ਦਿਤਾ ਗਿਆ ਹੈ ਅਰਥਾਤ ਜੀਵਾਂ ਨੂੰ ਮਾਰਨਾ ਪਾਪ ਤੇ ਵਰਜਿਤ ਹੈ। ਜਦ ਜੀਵ ਮਾਰਨਾ ਮਨ੍ਹਾਂ ਹੈ ਤੇ ਮਾਰਿਆ ਹੋਇਆ ਖਾਣਾ ਤਾਂ ਬਹੁਤ ਹੀ ਬੁਰਾ ਹੋਵੇਗਾ। ਇਸ ਲਈ ਜੀਭ ਤੇ ਇੰਦਰੀਆਂ ਦੇ ਸਵਾਦ ਵਿਚ ਅੰਨ੍ਹੇ ਹੋ ਕੇ ਜੀਵ-ਹਤਿਆ ਕਰਨਾ ਪਾਪ ਹੈ।

ਕਈ ਵੀਰਾਂ ਦਾ ਮਤ ਹੈ ਕਿ ਜਦ ਦੁਨੀਆਂ ਦੇ ਬਹੁਤ ਸਾਰੇ ਲੋਕੀ ਮਾਸਾ ਹਾਰੀ ਹਨ, ਮਾਸ ਖਾਣਾ ਫਿਰ ਕਿਵੇਂ ਪਾਪ ਹੋ ਸਕਦਾ ਹੈ? ਅਸੀਂ ਸਭ ਜਾਣਦੇ ਹਾਂ ਕਿ ਮਨੁਖ ਦੀ ਰੁਚੀ ਭੈੜਿਆਂ ਕੰਮਾਂ ਵਲ ਬਹੁਤ ਜਲਦੀ ਲੱਗ ਜਾਂਦੀ ਹੈ ਪਰ ਚੰਗੇ ਕੰਮਾਂ ਦੀ ਨਕਲ ਕਰਨਾ ਮੁਸ਼ਕਿਲ ਸਮਝ ਲੈਂਦੇ ਹਾਂ। ਜੇ ਅਸੀਂ ਸੱਚੇ ਤੇ ਨੇਕ ਮਹਾਂਪੁਰਸ਼ ਨਾਲ ਸੰਪਰਕ ਰਖੀਏ, ਅਸੀਂ ਉਸ ਕੋਲੋਂ ਸਚਾਈ ਤੇ ਨੇਕੀ ਬਹੁਤ ਚਿਰ ਪਿਛੋਂ ਕੁਝ ਅੰਸ਼ ਹੀ ਲੈ ਸਕਾਂਗੇ। ਪਰ ਜੇ ਕਿਧਰੇ ਕਿਸੇ ਚੋਰ ਨਾਲ ਅਚਾਨਕ ਹੀ ਵਾਸਤਾ ਪਾ ਲਈਏ ਤਾਂ ਕੁਝ ਦਿਨਾਂ ਪਿਛੋਂ ਹੀ ਬਰਾਬਰੀ ਦੇ ਮਾਹਿਰ ਬਣ ਜਾਈਦਾ ਹੈ।

ਗੁਰਬਾਣੀ ਵਲ ਤੇ ਦਿਲ ਨਹੀਂ ਲਗਦਾ, ਸਗੋਂ ਕੂੜ ਦੀਆਂ ਗੱਲਾਂ ਸਦੀਆਂ ਪੁਰਾਣੀਆਂ ਵੀ ਯਾਦ ਰਹਿੰਦੀਆਂ ਹਨ। ਫਿਰ ਜਦ ਕਿ ਸਾਰੇ ਹੀ ਕਲਯੁਗੀ ਮਨੁੱਖ ਸਧਾਰਣਤਾ, ਝੂਠ ਤੇ ਚੋਰੀ ਦੇ ਸ਼ਿਕਾਰ ਹਨ ਫਿਰ ਉਨ੍ਹਾਂ ਦੇ ਅਨੁਸਾਰ ਚੋਰੀ ਤੇ ਝੂਠ ਬੋਲਣਾ ਕਿਵੇਂ ਪਾਪ ਹੋ ਸਕਦਾ ਹੈ?

ਸੋ ਭਾਈ ਇਸ ਤਰ੍ਹਾਂ ਦੇ ਉਦਾਹਰਣ ਦੇਣਾ ਕਿ ਦੁਨੀਆਂ ਦੇ ਬਹੁਤ ਸਾਰੇ ਲੋਕ ਮਾਸ ਖਾਂਦੇ ਹਨ ਬਿਲਕੁਲ ਬੇ-ਬੁਨਿਆਦ ਹੈ।

ਸੰਸਾਰ ਦੇ ਸਾਰੇ ਪੁਰਸ਼ ਇਹ ਮੰਨਦੇ ਹਨ ਕਿ ਪ੍ਰਮਾਤਮਾ ਸਰਬ-ਵਿਆਪਕ ਹੈ ਤੇ ਹਰ ਜੀਵ ਵਿਚ ਉਸ ਦੀ ਲੋਅ ਹੈ। ਜੀਵ ਦੇ ਨਾਲ ਪਿਆਰ ਕਰਨਾ ਹੀ ਪ੍ਰਭੂ ਦੇ ਨਾਲ ਪਿਆਰ ਕਰਨਾ ਹੈ ਤੇ ਪ੍ਰੇਮ ਵਿਚ ਹੀ ਨਿਰੰ-ਕਾਰੀ ਜੋਤ ਹੈ।

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

ਜਦ ਅਸੀਂ ਕਿਸੇ ਜੀਵ ਨੂੰ ਜਾਣ ਬੁਝ ਕੇ ਜੀਭ ਦੇ ਸੁਆਦ ਬਦਲੇ ਮਾਰਦੇ ਹਾਂ ਤਾਂ ਅਸੀਂ ਜੀਵ ਦੀ



Sri Satguru Jagjit Singh Ji Elibrary NamdhariElibrary@gmail.com

ਆਤਮਾ ਨੂੰ ਹੀ ਨਹੀਂ ਦੁਖ ਦੇਂਦੇ, ਬਲਕਿ ਪ੍ਰਮਾਤਮਾ ਦੀ ਇਕ ਜਗਦੀ ਜੋਤ ਨੂੰ ਬੁਝਾ ਦਿੰਦੇ ਹਾਂ ।

ਬੇਦ ਕਤੇਬ ਕਹਹੁ ਮਤ ਝੂਠੇ
ਝੂਠਾ ਜੋ ਨਾ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ
ਕਹਤ ਹਉ ਤਉ ਕਿਉ ਮੁਰਗੀ ਮਾਰੈ ॥
(ਸ੍ਰੀ ਗ੍ਰੰਥ ਸਾਹਿਬ) ਪੰਨਾ ੧੩੫੦

ਜਦ ਸਭ ਜਾਨ ਦਾਰ ਚੀਜ਼ਾਂ ਵਿਚ ਇਕ ਹੀ ਖੁਦਾ ਹੈ ਤੇ ਫਿਰ ਮੁਰਗੀ ਨੂੰ ਹਲਾਲ ਜਾਂ ਹਰਾਮ ਕਿਉਂ ਕਰੇ ? ਮਾਰਨ ਵੇਲੇ ਅਸੀਂ ਮੁਰਗੀ ਤੇ ਨਹੀਂ ਬਲਕਿ ਪ੍ਰਭੂ ਦੀ ਉਸ ਤਸਵੀਰ ਤੇ ਛੁਰੀ ਚਲਾਂਦੇ ਹਾਂ, ਜਿਸ ਵਿਚ ਸਰਬ ਸ਼ਕਤੀ ਮਾਨ ਨੇ ਆਪਣੀ ਸਰੂਪ ਜੋਤੀ ਨਾਲ ਜਾਨ ਦਾ ਦੀਵਾ ਜਗਾਇਆ ।

ਜਦ-ਨਿਆਇ ਦ੍ਰਿਸ਼ਟੀ ਨਾਲ ਆਪਣੇ ਮਨ ਨੂੰ ਤੋਲਕੇ ਦਸੋ ਕਿ ਜਦ ਕੋਈ ਬੱਕਰੀ ਪਾਣੀ ਨੂੰ ਮੂੰਹ ਲਗਾ ਦੇਵੇ ਤਾਂ ਅਸੀਂ ਇਹ ਕਹਿਕੇ ਨਹੀਂ ਪੀਂਦੇ ਕਿ ਪਾਣੀ ਜੂਠਾ ਹੈ, ਪਰ ਜੇ ਉਸੇ ਵੇਲੇ ਬੱਕਰੀ ਦਾ ਸਰੀਰ ਤੇ ਖੋਪਰੀ ਉਬਾਲ ਕੇ ਦੇ ਦਿਤੀ ਜਾਏ ਤਾਂ ਉਹੋ ਜੂਠ ਦਾ ਬਹਾਨਾ ਉਤਰ ਜਾਂਦਾ ਹੈ ਤੇ ਬੜੇ ਸ਼ੌਕ ਨਾਲ ਪੀ ਲੈਂਦੇ ਹਾਂ । ਕੀ ਇਸ ਤਰ੍ਹਾਂ ਦੇ ਉਬਾਲੇ ਹੋਏ ਉਤੇ ਜੂਠ ਦੀ ਜਗ੍ਹਾ ਤੇ ਸਚਾਈ ਦੀ ਝਾਲ ਫਿਰੀ ਹੋਈ ਹੁੰਦੀ ਹੈ ? ਗੁਰੂ ਸਾਹਿਬ ਜਪੁਜੀ ਸਾਹਿਬ ਵਿਚ ਲਿਖਦੇ ਹਨ :—

ਅਸੰਖ ਮਲੇਛ ਮਲੁ ਭਖਿ ਖਾਹਿ ॥

ਅਣਗਿਣਤ ਮਲੇਛ ਹਨ ਜੋ ਮੰਦੇ ਤੇ ਮਾਸ ਦੇ ਭੋਜਨ ਖਾਂਦੇ ਹਨ । ਐਸਾ ਖਾਣਾ ਨਹੀਂ ਖਾਣਾ ਚਾਹੀਦਾ ਜਿਸ ਦੇ ਖਾਣ ਨਾਲ ਮਨ ਵਿਚੋਂ ਵਿਕਾਰ ਪੈਦਾ ਹੋਵੇ ਤੇ ਬੁਰਾਈ ਕਰਨ ਵਲ ਰੁਚੀ ਵਧ ਜਾਵੇ ।

ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ
ਜਿਨਾ ਦੂਜੈ ਭਾਇ ਪਿਆਰੁ ॥
ਬਿਸਟਾ ਕੇ ਕੀੜੇ ਬਿਸਟਾ ਰਾਤੇ
ਮਰ ਜੰਮਹਿ ਹੋਹਿ ਖੁਆਰ ॥
(ਸ੍ਰੀ ਗ੍ਰੰਥ ਸਾਹਿਬ) ਪੰਨਾ ੧੩੪੭

ਅਰਥਾਤ ਐਸਾ ਖਾਣਾ ਧ੍ਰਿਗ ਤੇ ਸ਼ਰਮਸਾਰ ਹੈ, ਜਿਸ ਦੇ ਖਾਣ ਨਾਲ ਆਤਮਾ ਵਿਚੋਂ ਪ੍ਰਭੂ ਦੀ ਯਾਦ ਮਰ ਜਾਂਦੀ ਹੈ, ਤੇ ਬਿਸਟਾ ਦੀ ਅਗਨੀ ਤੇਜ਼ ਹੋ ਜਾਂਦੀ ਹੈ । ਫਿਰ ਮਾਸਾਹਾਰੀ ਇਹ ਦਲੀਲ ਦੇਂਦੇ ਹਨ ਕਿ—

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥

ਉਸ ਦਾ ਉਤਰ ਇਹ ਹੈ ਕਿ ਸਰਬ ਵਿਆਪਕ ਪ੍ਰਭੂ ਨੇ ਮਨੁਖ ਦੇ ਖਾਣ ਲਈ ਤਰ੍ਹਾਂ ਤਰ੍ਹਾਂ ਦੇ ਫਲ ਤੇ ਸਬਜ਼ੀਆਂ ਉਗਾਈਆਂ ਹਨ । ਬੇਸ਼ਕ ਫਲਾਂ ਤੇ ਸਬ-ਜ਼ੀਆਂ ਅੰਦਰ ਵੀ ਜੀਵ ਹਨ ਪਰ ਇਹ ਜੀਵ ਅਪ੍ਰਤੱਖਸ਼ ਹਨ ਜੋ ਦੇਖੇ ਨਹੀਂ ਜਾ ਸਕਦੇ—

"ਖਾਣਾ ਪੀਣਾ ਪਵਿਤ੍ਰ ਹੈ"

ਇਹ ਤੁਕ ਪਿਛਲੇ ਵਾਕ ਦੀ ਗਵਾਹੀ ਭਰਦੀ ਹੈ । ਪਰ ਐਸਾ ਖਾਣਾ ਪਵਿਤ੍ਰ ਨਹੀਂ ਜੋ ਆਤਮਾ ਨੂੰ ਪਲੀਤ ਕਰ ਦੇਵੇ । ਚੰਗੀ ਤਰ੍ਹਾਂ ਦੇਖ ਕੇ ਤੇ ਜਾਣ ਬੁੱਝਕੇ ਜੋ ਬੁਰਾ ਕੰਮ ਕਰਦੇ ਹਨ । ਉਹ ਬਿਲਕੁਲ ਦਇਆ ਦੇ ਅਸੂਲਾਂ ਦੇ ਵਿਰੁਧ ਹਨ । ਪਰ ਪਾਪੀ ਇਹ ਜਾਣ ਕੇ ਵੀ (ਕਿ ਉਸ ਜੀਵ ਦੀ ਚਿਲਾਹਟ ਇਕ ਦਇਆ ਦੀ ਅਪੀਲ ਕਰਦੀ ਹੈ) ਉਸ ਨੂੰ ਮਾਰ ਦਿੰਦਾ ਹੈ ਇਸ ਤਰ੍ਹਾਂ ਦਇਆ ਦੀ ਸ੍ਰੋਤ ਜੋ ਕਿ ਗੁਰਬਾਣੀ ਦਾ ਅੰਗ ਹੈ, ਉਸ ਦੇ ਦਿਲ ਵਿਚੋਂ ਮੁਕ ਜਾਂਦੀ ਹੈ:—

ਗੁਰੂ ਜੀ ਫੁਰਮਾਉਂਦੇ ਹਨ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ
ਚੀਤੁ ॥
(ਸ੍ਰੀ ਗਰੰਥ ਸਾਹਿਬ) ਪੰਨਾ ੧੪੦

ਜਿਸ ਲਹੂ ਦੇ ਲਗਣ ਨਾਲ ਤਨ ਗੰਦਾ ਹੋ ਜਾਂਦਾ ਹੈ ਤਾਂ ਕੀ ਉਹ ਲਹੂ ਪੀਣ ਨਾਲ ਐ ਮਾਣਸ ! ਤੇਰੀ ਆਤਮਾ ਗੰਦੀ ਨਹੀਂ ਹੁੰਦੀ ? ਇਸ ਤੋਂ ਸਾਫ਼ ਪਤਾ ਚਲਦਾ ਹੈ ਕਿ ਮਾਸ ਖਾਣਾ ਆਪਣੀ ਆਤਮਾ ਨੂੰ ਗੰਦਾ ਕਰਨਾ ਹੈ ਜਿਸ ਵਿਚ ਪ੍ਰਮਾਤਮਾ ਦੀ ਕਿਰਣ ਦਾ ਚਾਨਣਾ ਹੈ।

ਸ਼ਰਾਬ ਪੀਣਾ ਵੀ ਗੁਰਬਾਣੀ ਦੇ ਵਿਰੁਧ ਹੈ ਤੇ ਅਸੀਂ ਆਪਣੀ ਮਰਜ਼ੀ ਨਾਲ ਹੀ ਪੀਂਦੇ ਹਾਂ । ਸ਼ਰਾਬ ਪੀਣ ਨਾਲ ਕਿਸੇ ਨੂੰ ਤਾਂ ਕੀ ਪਛਾਨਣਾ ਹੈ ਅਸੀਂ

ਆਪਣੇ ਆਪ ਨੂੰ ਭੁੱਲ ਬੈਠਦੇ ਹਾਂ। ਗੁਰੂ ਜੀ ਲਿਖਦੇ ਹਨ ਹੇ ਮਨੁੱਖ! ਤੂੰ ਐਸੀ ਸਚੇ ਨਾਮ ਦੀ ਸ਼ਰਾਬ ਪੀ, ਜਿਸ ਨਾਲ ਤੂੰ ਮੱਤ ਰੰਗ ਵਿਚ ਰਤਿਆ ਜਾਏਂ ਤੇ ਖਸਮ ਨੂੰ ਪਛਾਣ ਸਕੇ।

ਮਾਣਸ ਭਰਿਆ ਆਣਿਆ
ਮਾਣਸ ਭਰਿਆ ਆਇ ॥
ਜਿਤ ਪੀਤੈ ਮਤਿਦੂਰ ਹੋਇ
ਬਰਲੁ ਪਵੈ ਵਿਚ ਆਇ ॥
ਆਪਣਾ ਪਰਾਇਆ ਨ
ਪਛਾਣਈ ਖਸਮਹੁ ਧਕੇ ਖਾਇ ॥
ਜਿਤ ਪੀਤੈ ਖਸਮ ਵਿਸਰੈ
ਦਰਗਹ ਮਿਲੈ ਸਜਾਇ ॥
ਝੂਠਾ ਮਦ ਮੂਲ ਨ ਪੀਚਈ
ਜੇ ਕਾ ਪਾਰਿ ਵਸਾਇ ॥
ਨਾਨਕ ਨਦਰੀ ਸੱਚ ਮਦੁ ਪਾਈਐ
ਸਤਿਗੁਰ ਮਿਲੈ ਜਿਸ ਆਇ ॥
(ਸ੍ਰੀ ਗਰੰਥ ਸਾਹਿਬ) ਪੰਨਾ ੫੫੪

ਫਿਰ ਗੁਰੂ ਜੀ ਨਸੀਹਤ ਨਾਮੇ ਵਿਚ (ਤਿਲੰਗ ਮ: ੧ ਵਿਚ) ਫੁਰਮਾਂਦੇ ਹਨ—

ਪੀਏ ਪਿਆਲੇ ਅਰ ਖਾਏ ਕਬਾਬ ॥
ਦੇਖੋ ਰੇ ਲੋਕੋ ਜੋ ਹੋਤੇ ਹੈਂ ਖਰਾਬ ॥

ਗੁਰੂ ਜੀ ਦੇ ਇਹ ਸਾਫ਼ ਇਸ਼ਾਰੇ ਹਨ ਕਿ ਮਾਸ ਖਾਣਾ ਤੇ ਸ਼ਰਾਬ ਪੀਣਾ ਮਨੁਖ ਨੂੰ ਮਨੁਖਤਾ ਤੋਂ ਪਰੇ ਲੈ ਜਾਂਦਾ ਹੈ। ਜਿੱਥੇ ਦਸਮ ਪਾਤਸ਼ਾਹ ਜੀ ਨੇ ਤੰਬਾਕੂ ਸੇਵਨ ਦੀ ਮਨਾਹੀ ਕੀਤੀ ਹੈ ਉਥੇ ਮਾਸ ਖਾਣਾ ਤੇ ਸ਼ਰਾਬ ਪੀਣੀ ਕਿਵੇਂ ਉਚਿਤ ਹੋ ਸਕਦੀ ਹੈ? ਮਾਸ ਖਾਣ ਵਾਲਿਆਂ ਲਈ ਇਹ ਠੀਕ ਨਹੀਂ ਕਿ ਉਹ ਗੁਰਬਾਣੀ ਦੀ ਆੜ ਲੈ ਕੇ ਕਹਿਣ ਕਿ ਸਾਡਾ ਧਰਮ ਸਾਨੂੰ ਮਾਸ ਸੇਵਨ ਲਈ ਪਰੇਰਦਾ ਹੈ, ਸਗੋਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਗੁਰਬਾਣੀ ਨੂੰ ਚੰਗੀ ਤਰ੍ਹਾਂ ਵਿਚਾਰ ਕੇ ਆਪਣਾ ਜੀਵਨ ਸੋਧਣ। ਇਸੇ ਵਿਚ ਹੀ ਪੰਥ ਤੇ ਕੌਮ ਦੀ ਭਲਾਈ ਹੈ।

—ਧੰਨਵਾਦ ਸਹਿਤ ਗੁਰੂ ਨਾਨਕ
ਸੰਦੇਸ਼ (ਭੋਪਾਲ ਵਿਚੋਂ)

—o—

# ਮੈਂ ਬੌਰਾ ਮੇਰਾ ਸਭ ਜਗ ਬੌਰਾ

ਮੈਂ ਬੌਰਾ ਮੇਰਾ ਸਭ ਜਗ ਬੌਰਾ, ਖਿਚ ਅਗੰਮੀ ਸਾਨੂੰ ਬੌਰਾ ਕੀਤਾ।
ਦੁਨੀਆਂ ਵਲੋਂ ਅੱਖ ਜਾਂ ਫੇਰੀ, ਕਿਸੇ ਗੈਬੀ ਅਪਣਾ ਕਰ ਲੀਤਾ।
ਬਾਹਰੀ ਰਸ ਜਦ ਬੇ-ਰਸ ਹੋ ਗਏ, ਅੰਦਰੋਂ ਅਸਾਂ ਅਮੀਂ ਰਸ ਪੀਤਾ।
ਰਾਹ ਗੈਬੀ, ਆਪੂੰ ਖੁਲ੍ਹਣ ਲਗ ਪਏ, ਅਕਲੀਂ ਦਿਤਾ ਜਦ ਪ੍ਰੇਮ ਪਲੀਤਾ।
ਅਰਸ਼ੀ ਭਲ ਸਾਨੂੰ ਭਲਿਆਂ ਕੀਤਾ, ਜਾਂ ਭਲ ਦੁਨੀ ਦਾ ਕਢਿਆ ਚੀਤਾ।
ਨਵ ਜੀਵਨ ਤੇ ਨਵ ਜਗ ਖੇੜਾ, ਪ੍ਰੇਮ ਪਲੀਤੇ, ਹਉਂ ਦਾ ਗਡੂ ਕੀਤਾ।
ਦੁਨੀਆਂ ਭਾਣੇ ਅਸੀਂ ਬੌਰੇ ਹੋ ਗਏ, ਦੋ-ਰੰਗੀ ਛਡ,ਮਨ ਇਕ ਨਾਲ ਸੀਤਾ।
ਗਿਆਨ-ਬੌਰਾ ਸਾਈਆਂ ਸਦ ਰਖੀਂ,ਦੁਨੀਆਂ ਛੁਟ ਜਾਏ ਪਰ ਤੂੰ ਰਹੀਂ ਮੀਤਾ।

—ਡਾ: ਬਲਵੰਤ ਸਿੰਘ ਨੂਰ



Sri Satguru Jagjit Singh Ji Elibrary NamdhariElibrary@gmail.com

# ਮਾਸ ਆਹਾਰ ਮਨੁੱਖ ਦੀ ਅਰੋਗਤਾ ਦਾ

## ਕਿਵੇਂ ਸਤਿਆਨਾਸ ਕਰਦਾ ਹੈ

ਕਿਸੇ ਵੀ ਢੰਗ ਨਾਲ ਹਿੰਸਾ ਕਰਕੇ ਮਰੇ ਹੋਏ ਜੀਵ ਦੇ ਮਾਸ ਦਾ ਮਨੁੱਖ ਦੀ ਅਰੋਗਤਾ ਉਤੇ ਕਿਵੇਂ ਤੇ ਕੀ ਅਸਰ ਪੈਂਦਾ ਹੈ । ਵਿਗਿਆਨਕ ਦ੍ਰਿਸ਼ਟੀ ਤੋਂ ਇਸ ਤਰ੍ਹਾਂ ਅਨੁਮਾਨਿਆਂ ਜਾਂਦਾ ਹੈ ।

(੧) ਕਿਸੇ ਵੀ ਖਾਣ ਵਾਲੀ ਵਸਤੂ ਨੂੰ ਹਜ਼ਮ ਕਰਨ ਵਾਲੇ ਤਤ ਸਾਰੇ ਪ੍ਰਾਣ-ਧਾਰੀਆਂ ਵਿਚ ਕਿਸੇ ਨ ਕਿਸੇ ਮਾਤਰਾ ਵਿਚ ਪਾਏ ਜਾਂਦੇ ਹਨ। ਕੁਦਰਤ ਨੇ ਮਨੁਖ ਦਾ ਹਾਜ਼ਮਾ ਸ਼ਾਕਾਹਾਰ ਵਾਲਾ ਬਣਾਇਆ ਹੋਇਆ ਹੈ। ਇਸ ਗਲ ਦਾ ਪਤਾ ਸੁਭਾਵਕ ਤੌਰ ਤੇ ਹੀ ਦਰਿੰਦੇ ਜਾਨਵਰਾਂ ਦੇ ਹਾਜ਼ਮੇ ਦੀ ਜਾਂਚ ਕਰਨ ਤੋਂ ਲਗ ਜਾਂਦਾ ਹੈ ।

(੨) ਮਾਸ ਖਾਣ ਵਾਲੇ ਮਰੇ ਹੋਏ ਜਾਨਵਰ ਦਾ ਉਹ ਖੂਨ ਜੋ ਕਿ ਬਿਮਾਰ ਜਾਂ ਮਨੁੱਖੀ ਸਰੀਰ ਵਾਸਤੇ ਨੁਕਸਾਨਦਾਇਕ ਹੁੰਦਾ ਹੈ, ਵੀ ਨਿਕਲ ਜਾਂਦੇ ਹਨ। ਜਿਸ ਨਾਲ ਸਰੀਰ ਵਿਚ ਇਕ ਕਿਸਮ ਦਾ ਜ਼ਹਿਰ ਫੈਲ ਜਾਂਦਾ ਹੈ ।

(੩) ਮਾਸ ਖਾਣ ਤੋਂ ਪਹਿਲਾਂ ਜਾਨਵਰ ਨੂੰ ਜਾਨੋ ਮਾਰ ਦਿਤਾ ਜਾਂਦਾ ਹੈ। ਕੁਦਰਤੀ ਅਸੂਲ ਹੈ ਕਿ ਜਾਨਵਰ ਦੀ ਮੌਤ ਹੁੰਦਿਆਂ ਹੀ ਉਸਦੇ ਸਰੀਰ ਵਿਚ ਪ੍ਰੀਵਰਤਨ ਬਦਬੂਦਾਰ ਹੋਣ ਲਗ ਪੈਂਦਾ ਹੈ। ਖੋਜੀਆਂ ਦਾ ਕਹਿਣਾ ਹੈ ਕਿ ਮ੍ਰਿਤਕ ਸਰੀਰ ਵਿਚ ੪੦% ਮਨੁਖੀ ਸ੍ਰੀਰ ਲਈ ਘਾਤਕ ਕਿਟਾਣੂ ਹੁੰਦੇ ਹਨ। ਜੋ ਕਿ ਪਕਾਇਆਂ ਮਰ ਤਾਂ ਜਾਂਦੇ ਹਨ । ਪਰ ਸੰਪੂਰਨ ਤੌਰ ਤੇ ਗਾਇਬ ਨਹੀਂ ਹੁੰਦੇ। ਉਹਨਾਂ ਦੀ ਥੋੜ੍ਹੀ ਜਿਹੀ ਹੋਂਦ ਵੀ ਮਨੁਖ ਦੇ ਕੋਮਲ ਸਰੀਰ ਦਾ ਘਾਤ ਕਰ ਸਕਦੀ ਹੈ।

(੪) ਪਾਲਤੂ ਜਾਨਵਰ ਜਿਨਾਂ ਤੋਂ ਅਕਸਰ ਮਾਸ ਪ੍ਰਾਪਤ ਕੀਤਾ ਜਾਂਦਾ । ਉਹ ਸਵਾਈਨ ਤਾਪ ਮੂੰਹ ਖੁਰ ਅਤੇ ਕੈਂਸਰ ਜਿਹੇ ਭਿਆਨਕ ਰੋਗਾਂ ਦਾ ਸ਼ਿਕਾਰ ਹੁੰਦੇ ਹਨ। ਅਤੇ ਉਹਨਾਂ ਦਾ ਗੰਦਾ ਖਾਣਾ (ਜਿਵੇਂ ਭੇਡ ਅਤੇ ਸੂਰ) ਅਤੇ ਲਿੰਗ ਸਬੰਧੀ ਮਨੁਖੀ ਸਭਿਅਤਾ ਤੋਂ ਹੀਨ ਸਬੰਧ ਦਾ ਅਸਰ ਵੀ ਮਨੁਖ ਦੇ ਆਦਰਸ਼ਕ ਸਰੀਰ ਉਤੇ ਹੋਣੋ ਨਹੀਂ ਰਹਿ ਸਕਦਾ ।

(੫) ਮਾਸਾਹਾਰ ਵਿਚ ਕਾਰਬੋਜ਼ ਬਹੁਤ ਹੀ ਘਟ ਹੁੰਦੇ ਹਨ । ਕਿਉਂਕਿ ਉਹਦਾ ਕੁਦਰਤੀ ਸਰੋਤ ਹੈ ਵਨਸਪਤੀ। ਮਾਸਾਹਾਰੀ ਦਾ ਸਬੰਧ ਕੁਦਰਤ ਨਾਲੋਂ ਟੁਟ ਜਾਂਦਾ ਹੈ। ਜਾਨਵਰਾਂ ਦੀ ਦਸ਼ਾ ਵੀ ਕੁਦਰਤੀ ਬਨਾਸਪਤੀ ਨਾਲੋਂ ਸੁਖੀ ਹੁੰਦੀ ਹੈ।

(੬) ਆਂਤੜੀਆਂ ਵਿਚ ਜਾਨਵਰਾਂ ਦੀ ਚਿਕਨੀ ਚਰਬੀ ਕੈਲਸ਼ੀਅਮ ਦਾ ਪਰਵਾਸ ਰੋਕਦੀ ਹੈ। ਅਤੇ ਮਨੁਖ ਨੂੰ ਦਰਦਾਂ ਦੀ ਆਮ ਸ਼ਿਕਾਇਤ ਰਹਿੰਦੀ ਹੈ ।

(੭) ਜਾਨਵਰਾਂ ਤੋਂ ਪ੍ਰਾਪਤ ਹੋਣ ਵਾਲੀ ਚਰਬੀ ਕੋਲੇਸਿਟਰੋਲ ਹੁੰਦਾ ਹੈ। ਜੋ ਕਿ ਦਿਲ ਦੇ ਰੋਗਾਂ ਦਾ ਕਾਰਨ ਬਣਦਾ ਹੈ।

(੮) ਵਿਟਾਮਨ ਸੀ. ਮਨੁਖ ਲਈ ਅਤੀ ਲੋੜੀਂਦਾ ਹੈ ਜੋ ਕਿ ਮਾਸ ਵਿਚ ਨਹੀਂ ਹੁੰਦਾ।

(੯) ਮਛੀ ਆਦਿ ਦਾ ਵਿਟਾਮਨ ਏ. ਭੁਖ ਘਟਾਉਂਦਾ ਹੈ । ਜਦ ਕਿ ਹਰੀਆਂ ਸਬਜੀਆਂ ਭੁਖ ਦਾ ਸੰਤੁਲਨ ਬਰਾਬਰ ਕਰਦੀਆਂ ਹਨ।

(੧੦) ਮਾਸ ਨਾਲ ਸਰੀਰ ਵਿਚ ਯੂਰੀਆ ਤੇ ਯੂਰਿਕ ਏਸਡ ਵਰਗੇ ਜ਼ਹਿਰੀਲੇ ਪਦਾਰਥ ਵਧ ਜਾਂਦੇ ਹਨ ਜਿਹਨਾਂ ਨੂੰ ਸਰੀਰ ਵਿਚੋਂ ਕਢਣ ਲਈ ਅੰਗਾਂ ਨੂੰ ਵਾਧੂ ਕਰਨਾ ਪੈਂਦਾ ਹੈ।

(੧੧) ਇਹ ਯਕੀਨ ਕੀਤਾ ਹੈ ਕਿ ਮਾਸ ਦੇ



Sri Satguru Jagjit Singh Ji Elibrary NamdhariElibrary@gmail.com

ਟੈਕਸੀਨ ਵਿਟਾਮਨ ਬੀ. ਦੇ ਸੁਭਾਵਕ ਸੰਮਿਸ਼ਰਣ ਨੂੰ ਰੋਕਦੇ ਹਨ।

(੧੨) ਸ਼ਾਕਾਹਾਰੀ ਦਾ ਮਨ ਸ਼ਾਂਤ ਅਤੇ ਨਿਰਮਲ ਹੁੰਦਾ ਹੈ ਜਦ ਕਿ ਮਾਸਾਹਾਰੀ ਇਸ ਤੋਂ ਵਾਂਜਿਆ ਜਾਂਦਾ ਹੈ।

(੧੩) ਸ਼ਾਕਾਹਾਰੀ ਕਾਮ ਕਰੋਧ ਲੋਭ ਮੋਹ ਹੰਕਾਰ ਤੋਂ ਨਿਰਲੇਪ ਰਹਿੰਦਾ ਹੈ ਜਦ ਕਿ ਮਾਸਾਹਾਰੀ ਇਹਨਾਂ ਦਾ ਵਡਾ ਸ਼ਿਕਾਰੀ ਹੈ।

(੧੪) ਸ਼ਾਕਾਹਾਰੀ ਦੀਆਂ ਔਣ ਵਾਲੀਆਂ ਪੁਸ਼ਤਾਂ ਵੀ ਅਰੋਗ ਰਹਿੰਦੀਆਂ ਹਨ ਜਦ ਕਿ ਮਾਸਾ-ਹਾਰੀ ਦੀਆਂ ਅਗਾਮੀ ਪੁਸ਼ਤਾਂ ਵਿਚ ਤਬਦੀਲੀ ਹੋ ਜਾਂਦੀ ਹੈ।

(੧੫) ਸ਼ਾਕਾਹਾਰੀ ਜਲਪਿਤੀ, ਖੁਜਲੀ, ਜ਼ਖਮਾਂ ਦਾ ਖਰਾਬ ਹੋਣਾ ਤੇ ਫੋੜੇ ਫਿਨਸੀਆਂ ਤੋਂ ਬਚਿਆ ਰਹਿੰਦਾ ਹੈ। ਜਦ ਕਿ ਮਾਸਾਹਾਰ ਨੂੰ ਇਹੋ ਜਿਹੇ ਗੰਦੇ ਰੋਗ ਬਹੁਤ ਛੇਤੀ ਚੰਬੜਦੇ ਸਨ। ਜਿਸ ਮਨੁਖ ਨੇ ਕਦੇ ਵੀ ਮਾਸ ਨਾ ਖਾਧਾ ਹੋਵੇ ਜੇ ਉਸਦਾ ਥੁਕ ਲੂਤ ਉਤੇ ਲਾਈਏ ਤਾਂ ਬੜੀ ਛੇਤੀ ਅਰਾਮ ਆਉਂਦਾ ਹੈ।

(੧੬) ਕਸ਼ਾਰ ਸੰਤੁਲਨ :-- ਤੰਦਰੁਸਤ ਆਦਮੀ ਦੀਆਂ ਲਹੂ ਨਾਲੀਆਂ ਉਤੇ ਕਸ਼ਾਰ ਦਾ ਅਸਰ ਹੁੰਦਾ ਹੈ। ਸਭ ਬਨਸਪਤੀ ਭੋਜਨ ਕਸ਼ਾਰ ਪੈਦਾ ਕਰਦੇ ਹਨ। ਜਦ ਕਿ ਮਾਸ ਵਿਚ ਤੇਜ਼ਾਬ ਮਾਦਾ ਹੁੰਦਾ ਹੈ ਜੋ ਕਿ ਸਾਡੇ ਰਕਤ ਪ੍ਰਵਾਹ ਵਿਚ ਅੜਿਚਨ ਪੈਦਾ ਕਰਦਾ ਹੈ। ਕੁਝ ਇਕ ਫਲ ਅਤੇ ਸਬਜੀਆਂ ਭਾਵੇਂ ਤੇਜ਼ਾਬ ਪੈਦਾ ਕਰਦੀਆਂ ਹਨ। ਪਰ ਉਹ ਸਿਰਫ ਸੰਤੁਲਨ ਹੀ ਬਰਾਬਰ ਕਰਦੇ ਹਨ।

(੧੭) ਭੋਜਨ ਦੇ ਤੁਲਨਾਤਮਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਬਿਨਾਂ ਜਾਨਵਰਾਂ ਦੇ ਇਹ ਸਰੀਰ ਦੇ ਸਾਰੇ ਹੀ ਅੰਗਾਂ ਦੀ ਸੰਤੁਲਤ ਮੰਗ ਨੂੰ ਪੂਰਾ ਕਰਦਾ ਹੈ।

**ਇਕ ਸਵਾਲ :**—ਗੁਰੂ ਅੰਗਦ ਦੇਵ ਜੀ ਨਾਲ ਸੰਬੰਧਤ ਇਕ ਸਾਖੀ ਲਿਖੀ ਹੋਈ ਸੁਣੀ ਜਾਂਦੀ ਹੈ ਕਿ ਉਹਨਾਂ ਦੇ ਲੰਗਰ ਵਿਚ ਮਾਸ ਬਣਦਾ ਸੀ। ਗੁਰਬਾਣੀ ਅਤੇ ਇਤਿਹਾਸ ਦੇ ਆਧਾਰ ਤੇ ਇਸ ਗੱਲ ਦੇ ਠੀਕ ਜਾਂ ਗ਼ਲਤ ਹੋਣ ਦਾ ਨਿਰਣਾ ਕਰੋ।

**ਉਤਰ :** ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਬਣਦਾ ਸੀ ਇਹ ਉਕਾ ਹੀ ਮੰਨਣ ਯੋਗ ਨਹੀਂ ਹੈ। ਜੇ ਉਦੋਂ ਲੰਗਰ ਵਿਚ ਮਾਸ ਬਣਦਾ ਸੀ ਤਾਂ ਉਸ ਤੋਂ ਬਾਦ ਕਿਸੇ ਗੁਰੂ ਦੇ ਲੰਗਰ ਵਿਚ ਮਾਸ ਕਿਉਂ ਨਾ ਬਣਿਆ ? ਜਦੋਂ ਕਿ ਅੱਜ ਮਾਸ ਬਾਰੇ ਇਹਨਾਂ ਜ਼ਿਆਦਾ ਪਰਚਾਰ ਹੋ ਜਾਣ ਉਪ੍ਰੰਤ ਵੀ ਕਿਸੇ "ਗੁਰੂ ਕੇ ਲੰਗਰ" ਵਿਚ ਮਾਸ ਨਹੀਂ ਬਣਦਾ।

ਇਹ ਸਾਖੀ ਅਸਲ ਵਿਚ ਇਸਤਰਾਂ ਜਾਪਦੀ ਹੈ ਕਿ ਜਦ ਗੁਰੂ ਅਮਰਦਾਸ ਜੀ ਦਿਲੋਂ ਸ਼ਰਧਾ ਧਾਰ ਕੇ ਗੁਰੂ ਅੰਗਦ ਜੀ ਵਲ ਟੁਰੇ ਤਾਂ ਸੰਸਾਰੀ ਸੁਭਾ ਅਨੁਸਾਰ ਕਿਸੇ ਵਿਅਕਤੀ ਨੇ ਉਹਨਾਂ ਨੂੰ ਸ਼ਰਧਾ ਤੋਂ ਡਿੱਗਾਣ ਵਾਸਤੇ ਇਹ ਕਹਿ ਦਿਤਾ ਕਿ ਜਿਥੇ ਤੁਸੀਂ ਚਲੇ ਹੋ ਉਥੇ ਤਾਂ ਗੁਰੂ ਦੇ ਲੰਗਰ ਵਿਚ ਮਾਸ ਬਣਦਾ ਹੈ। ਇਹ ਸੁਣ ਕੇ ਅਮਰਦਾਸ ਜੀ ਅਸਮੰਜਸ ਵਿਚ ਪੈ ਗਏ ਕਿਉਂਕਿ ਉਹਨਾਂ ਨੇ ਆਪਣੀ ਉਮਰ ਦੇ ੭੦ ਸਾਲ ਵੈਸ਼ਨਵ ਬਿਰਤੀ ਵਿਚ ਹੀ ਲੰਘਾਏ ਸਨ ਤੇ ਮਾਸ ਨਾਲ ਉਹਨਾਂ ਨੂੰ ਦਿਲੋਂ ਹੀ ਘਿਰਨਾ ਸੀ। ਇਸਤਰਾਂ ਉਹ ਮਨ ਹੀ ਮਨ ਅਰਦਾਸ ਕਰਦੇ ਜਾਂਦੇ ਸਨ ਕਿ ਸਤਿਗੁਰੂ ਕਰੇ ਇਹ ਗੱਲ ਝੂਠ ਨਿਕਲੇ ਤੇ ਸੱਚੇ ਪਾਤਸ਼ਾਹ ਜੀ ਮੈਨੂੰ ਮਾਸ ਖਾਣ ਵਾਸਤੇ ਨਾ ਹੀ ਕਹਿਣ ਤਾਂ ਠੀਕ ਹੈ। ਜਦ ਅਮਰਦਾਸ ਜੀ ਉਥੇ ਪੁਜੇ ਅਤੇ ਪੰਗਤ ਵਿਚ ਬਹਿ ਕੇ ਪ੍ਰਸ਼ਾਦਿ ਛਕਣ ਲਗੇ ਤਾਂ ਉਹਨਾਂ ਵੇਖਿਆ ਕਿ ਉਥੇ ਮਾਸ ਦੀ ਥਾਂ ਤੇ ਖੀਰ ਅਤੇ ਉਹ ਵੀ ਘਿਉ ਵਾਲੀ ਵਰਤਾਈ ਜਾ ਰਹੀ ਹੈ ਤਾਂ ਉਹਨਾਂ ਦਾ ਮਨ ਸੌ ਪ੍ਰਤੀਸ਼ਤ ਹੀ ਮੰਨ ਗਿਆ। ਅਤੇ ਉਹਨਾਂ ਦੀ ਤਸੱਲੀ ਹੋ ਗਈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਲਿਖਿਆ ਹੈ :—

"ਲੰਗਰ ਦੌਲਤ ਵੰਡੀਐ ਰਸੁ ਅੰਮ੍ਰਿਤ ਖੀਰ ਘਿਆਲੀ" ਜੇ ਕਦੀ ਲੰਗਰ ਵਿਚ ਮਾਸ ਬਣਦਾ ਹੁੰਦਾ ਤਾਂ ਖੀਰ ਦੀ ਥਾਂ ਮਾਸ ਵੰਡੀਐ ਲਿਖਿਆ ਜਾਣਾ ਸੀ। ਇਸਤਰਾਂ ਸਿੱਧ ਹੁੰਦਾ ਹੈ ਕਿ ਇਹ ਕਹਾਣੀ ਉੱਕਾ



Sri Satguru Jagjit Singh Ji Elibrary NamdhariElibrary@gmail.com

ਹੀ ਗਲਤ ਬਣਾਈ ਹੋਈ ਹੈ। ਤੇ ਇਹ ਜੀਭ ਦੇ ਚਟਖੋਰਿਆਂ ਵਲੋਂ ਆਖੇਪਕਾਰੀ ਹੈ।

ਇਤਿਹਾਸਕ ਤੌਰ ਤੇ ਵੀ ਇਹ ਕਹਾਣੀ ਗੁਰੂ ਆਸ਼ੇ ਦੇ ਉਲਟ ਹੈ, ਗੁਰੂ ਅੰਗਦ ਦੇਵ ਜੀ ਦਾ ਇਕ ਸਿੱਖ ਜਿਸ ਦਾ ਨਾਮ ਸ਼ੀਹਾ ਉਪਲ ਸੀ ਉਹ ਆਪਣੇ ਬੱਚੇ ਦੀਆਂ ਰੀਤਾਂ ਕਰਨ ਲਈ ਇਕ ਸੌ ਬਕਰਾ ਲੈ ਆਇਆ ਤਾਂ ਕਿ ਉਹ ਮਾਸ ਬਣਾ ਕੇ ਸਾਰੀ ਬਰਾਦਰੀ ਦੀ ਰੋਟੀ ਕਰੇਗਾ। ਇਹ ਵੇਖ ਕੇ ਸੱਚੇ ਪਾਤਸ਼ਾਹ ਜੀ ਬਹੁਤ ਨਾਰਾਜ਼ ਹੋਏ ਤੇ ਉਸ ਨੂੰ ਇਸਤਰ੍ਹਾਂ ਕਰਨੇ ਤੋਂ ਮਨ੍ਹਾ ਕਰ ਦਿਤਾ। ਜੇ ਕਦੀ ਗੁਰੂ ਜੀ ਦੇ ਲੰਗਰ ਵਿਚ ਮਾਸ ਬਣਦਾ ਹੁੰਦਾ ਤਾਂ ਗੁਰੂ ਜੀ ਨੇ ਉਹ ਬਕਰੇ ਆਪ ਹੀ ਰਖ ਲੈਣੇ ਸੀ ਤਾਂ ਕਿ ਲੰਗਰ ਦੇ ਕਈ ਦਿਨ ਲੰਘ ਜਾਂਦੇ ਉਹ ਬਕਰੇ ਵਾਪਸ ਕਰਨ ਦੀ ਕੀ ਲੋੜ ਸੀ ? ਇਹ ਸਾਖੀ ਉੱਕਾ ਹੀ ਗਲਤ ਹੈ ਕਿ ਗੁਰੂ ਜੀ ਦੇ ਲੰਗਰ ਵਿਚ ਮਾਸ ਬਣਦਾ ਸੀ।

# ਸਤਿਗੁਰੂ ਰਾਮ ਸਿੰਘ ਜੀ ਪ੍ਰਕਾਸ਼

—ਦਲਬੀਰ ਸਿੰਘ ਜੋਸ਼

ਆਇਆਂ ਗਇਆਂ ਵਿਚ ਜੱਗ ਦਾ ਸਹਾਰਾ ਚੱਲ ਕੇ ਦਿਦਾਰ ਕਰੀਏ।  
ਬਦਲੋਂ ਜਿਉਂ ਨਿਕਲ ਚੰਨ ਚਾਨਣੀ ਖਿਲਾਰ ਦਾ।  
ਹੋਇਆ ਪ੍ਰਕਾਸ਼ ਇਉਂ ਬਾਰ੍ਹਵੇਂ ਅਵਤਾਰ ਦਾ।  
ਮਾਤਾ ਸਦਾ ਕੌਰ ਦੀ ਅੱਖੀਆਂ ਦਾ ਤਾਰਾ। ਚੱਲ ਕੇ... ... ...

ਇਕ ਦਿਨ ਅੰਗਰੇਜ਼ ਆ ਪਰੀਖਿਆ ਹੈ ਕਰਦਾ।  
ਜਾਨੀ-ਜਾਨ ਗੋਲੇ ਉਹਨੂੰ ਮਾਲਾ ਦੇ ਹੈ ਦਸਦਾ।  
ਹੋਇਆ ਹੈਰਾਨ ਹੈ ਸੀ ਤੱਕ ਕੇ ਨਜ਼ਾਰਾ।  
ਚੱਲ ਕੇ ਦਿਦਾਰ ਕਰੀਏ, ਆਇਆਂ ਗਇਆਂ ਵਿਚ ਜੱਗ ਦਾ ਸਹਾਰਾ।

ਚੰਨ ਵਾਂਗ ਹੱਸ ਮੁੱਖ ਚੇਹਰਾ ਏ, ਸਾਂਝਾ ਹੈ ਸੱਭਨਾਂ ਦਾ ਤੇਰਾ ਏ ਨਾ ਮੇਰਾ ਏ।  
ਵੈਰੀ ਨਫਰਤਾਂ ਦਾ ਤੇ ਮਨੁੱਖਤਾ ਦਾ ਪਿਆਰਾ, ਚੱਲ ਕੇ ਦਿਦਾਰ ਕਰੀਏ।  
ਆਇਆਂ ਗਇਆਂ ਵਿਚ ਜੱਗ ਦਾ ਸਹਾਰਾ।

ਦੁਖੀਆਂ ਦਾ ਦਰਦੀ ਉਹ ਵਾਲੀ ਦੋ ਜਹਾਨ ਦਾ।  
ਸੁਚ ਸੋਧ ਵਾਲਾ ਉਹਦੀ ਉੱਚੀ ਸੁੱਚੀ ਸ਼ਾਨ ਹੈ।  
ਉਹ ਭੁਲਿਆਂ ਨੂੰ ਰਾਹੇ ਪਾਉਣ ਵਾਲਾ,  
ਚੱਲ ਕੇ ਦਿਦਾਰ ਕਰੀਏ, ਆਇਆਂ ਗਇਆਂ ਵਿਚ ਜੱਗ ਦਾ ਸਹਾਰਾ।

ਡੋਲਦਾ ਪ੍ਰੇਮ ਬੇੜਾ, ਲਾਇਆ ਜਿਸ ਪਾਰ ਹੈ।  
ਧੰਨ ਤੂੰ ਜੋਸ਼ ਆਖੇ ਜਾਵਾਂ ਬਲਿਹਾਰ ਮੈਂ।  
ਜੱਸ ਗਾਵੇ ਅੱਜ ਤਕ ਜੱਗ ਸਾਰਾ, ਚਲ ਕੇ ਦਿਦਾਰ ਕਰੀਏ।  
ਆਇਆਂ ਗਇਆਂ ਵਿਚ ਜਗ ਦਾ ਸਹਾਰਾ, ਚਲ ਕੇ ਦਿਦਾਰ ਕਰੀਏ।



Sri Satguru Jagjit Singh Ji Elibrary NamdhariElibrary@gmail.com

# ਸ਼ਹੀਦਾਂ ਦੀ ਯਾਦ

ਮਹੰਤ ਗੋਪਾਲ ਦਾਸ ਜੀ

ਧਰਾ ਦੀ ਪੁਕਾਰ ਸੁਣ ਆਪ ਹੀ ਧਰਨ ਧਾਰੀ, ਧਾਰ ਰੂਪ ਆਇਆ ਲਿਆ ਪਛਾਣ ਨਾਮਧਾਰੀਆਂ ।
ਕਲਯੁਗ ਘੋਰ ਆਇਆ ਵਿਚ ਜਦੋਂ ਜੋਬਨ ਦੇ, ਸਤਯੁਗ ਉਸੇ ਵੇਲੇ ਲਾਇਆ ਨਾਮਧਾਰੀਆਂ ।

ਹਿੰਦ ਵਿਚ ਅਗੋਂ ਕੋਈ ਕੁਸਕਿਆ ਨਾ ਉਹਨਾਂ ਅਗੇ,
ਫਰੰਗੀਆਂ ਦੇ ਨਾਲ ਮੱਥਾ ਲਾਇਆ ਨਾਮਧਾਰੀਆਂ ।
ਨਾ-ਮਿਲਵਰਤਨ ਦੀ ਲੈਹਰ ਸੀ ਚਲਾ ਦਿਤੀ,
ਹਰ ਤਰ੍ਹਾਂ ਨਾਲ ਕੀਤਾ ਬਾਈਕਾਟ ਨਾਮਧਾਰੀਆਂ ।
ਗਊ ਤੇ ਗਰੀਬ ਦੀ ਪੁਕਾਰ ਸੁਣੀ ਨੇੜੇ ਹੋ ਕੇ,
ਉਹਨਾ ਲਈ ਚਕਰ ਚਲਾਇਆ ਨਾਮਧਾਰੀਆਂ ।
ਐਥੇ ਐਸ ਬੋਹੜ ਨਾਲ ਹੱਸ ਕੇ ਸ਼ਹੀਦ ਹੋ ਗਏ,
ਸ਼ਹੀਦਾਂ ਦੀ ਯਾਦ ਨੂੰ ਮਨਾਇਆ ਨਾਮਧਾਰੀਆਂ ।
ਵਿਆਹ ਦੀ ਰਸਮ, ਸ਼ੁਰੂ ਕੀਤੀ ਗੁਰੂ ਗਰੰਥ ਸਾਹਮਣੇ,
ਪਾਂਧਿਆਂ ਨੂੰ ਸਾਰੇ ਗਲੋਂ ਲਾਇਆ ਨਾਮਧਾਰੀਆਂ ।
ਸੁਚ ਸੋਧ ਦਸ ਕੇ ਤੇ ਨਾਮ ਵਰਤਾਇਆ ਆ ਕੇ,
ਮਨਮੁਖਾਂ ਤੋਂ ਗੁਰਮੁਖ ਬਣਾਇਆ ਨਾਮਧਾਰੀਆਂ ।
ਗਾਂਧੀ ਉਹਨਾਂ ਲੀਹਾਂ ਉਤੇ ਚਲ ਕੇ (ਅਜ਼ਾਦ) ਹੋਇਆ,
ਪਾਇ ਪਹਿਲੇ ਪੂਰਨੇ ਸੀ ਪਹਿਲਾਂ ਨਾਮਧਾਰੀਆਂ ।
ਸਿਖ ਰਾਜ ਸੂਰਜ ਸੀ ਰਾਖਿਆਂ ਨੇ ਡੋਬ ਦਿਤਾ,
ਬੜਾ ਦੁਖ ਮੰਨਿਆਂ ਸੀ ਓਦੋਂ ਨਾਮਧਾਰੀਆਂ ।
ਬੋਹੜੇ ਕਹਿਣ ਬਗਲੇ ਤੇ ਬਹੁਤੇ ਕਹਿਣ ਹੰਸ ਬੈਠੇ,
ਦੋਹਾਂ ਨੂੰ ਵਿਚਾਰਾਂ ਵਿਚ ਪਾਇਆ ਨਾਮਧਾਰੀਆਂ ।
ਵਰਨੀਆਂ ਤੇ ਪਾਠ ਪੂਜਾ ਹਵਨ ਯਗ ਬਹੁਤ ਕੀਤੇ,
ਲੱਖਾਂ ਕੀ ਕਰੋੜਾਂ ਪਾਠ ਕੀਤੇ ਨਾਮਧਾਰੀਆਂ ।
ਉਠ ਕੇ ਦੀਵਾਨ ਵਿਚ ਹੁਣੇ ਦਸੋ ਖੜਾ ਹੋ ਕੇ,
ਕੇਹੜੀ ਕੁਰਬਾਨੀ ਨਹੀਂ ਕੀਤੀ ਨਾਮਧਾਰੀਆਂ ।
ਹੱਸ ਹੱਸ ਤੋਪਾਂ ਅਗੇ ਉੱਡ ਉੱਡ ਟੂੰਬਾ ਹੋ ਗਏ,
ਜਗ 'ਚ ਮਿਸਾਲ ਕਾਇਮ ਕੀਤੀ ਨਾਮਧਾਰੀਆਂ ।
ਰਾਹੇ ਪਾਇਆ ਭੁਲਿਆਂ ਤੇ ਭਟਕਿਆਂ ਤੇ ਖੁੰਜਿਆਂ ਨੂੰ,
ਵਾਹਿਗੁਰੂ ਦਾ ਨਾਮ ਆ ਜਪਾਇਆ ਨਾਮਧਾਰੀਆਂ ।
ਦਾਨੇ ਪਰਧਾਨੇ ਮਸਤਾਨੇ ਝੱਟ ਪੈਦਾ ਹੋ ਗਏ,
ਕੰਨ ਵਿਚ ਫੂਕ ਮਾਰੀ ਜਦੋਂ ਨਾਮਧਾਰੀਆਂ ।
ਚੀਨੀ ਵਾਲਾ ਬਣ ਉਪਕਾਰੀ ਆਇਆ ਹਿੰਦ ਵਿਚ,
ਕੀਤੇ ਉਪਕਾਰ ਇਹਨਾਂ ਬੜੇ ਨਾਮਧਾਰੀਆਂ ।



Sri Satguru Jagjit Singh Ji Elibrary NamdhariElibrary@gmail.com

# ਨਾਮਧਾਰੀ ਰਹਿਤ-ਮਰਯਾਦਾ—(ਸੰਖੇਪ ਰੂਪ ਵਿਚ)

—ਦਲੀਪ ਸਿੰਘ ਨਾਮਧਾਰੀ

"ਜਾਂ ਕੀ ਰਹਿਤ ਨਾ ਜਾਣੀਐ, ਗੁਰਮੰਤ੍ਰ ਨਹੀਂ ਚੀਤ ।
ਤਾ ਕਾ ਭੋਜਨ ਖਾਇਕੈ ਵਿਸਰੈ ਹਰਿ ਸਿਉ ਪ੍ਰੀਤ ।"

ਪੁਨਹ : "ਜਹਾਂ ਕਹਾਂ ਕਾ ਛਕੈ ਪ੍ਰਸਾਦਿ । ਸਿਖ ਨਹੀਂ ਮੇਰਾ ਆਦਿ ਜੁਗਾਦਿ ।"

ਰੱਬ ਦੀ ਬਣਾਈ ਹੋਈ ਹਰ ਇਕ ਵਸਤੂ ਆਪੋ ਆਪਣੇ ਅਸੂਲਾਂ ਅੰਦਰ ਚਲ ਰਹੀ ਹੈ ਤੇ ਜੇ ਨਾ ਚਲੇ : ਜਿਵੇਂ ਸੂਰਜ ਰੋਸ਼ਨੀ ਦੇਣਾ ਬੰਦ ਕਰ ਦੇਵੇ ਤਾਂ ਦੁਨੀਆਂ ਵਿਚ ਹਨੇਰਾ ਹੀ ਹਨੇਰਾ ਪਸਰ ਜਾਵੇਗਾ, ਦੁਨੀਆਂ ਖਤਮ ਹੋ ਜਾਵੇਗੀ, ਅਗਨੀ ਦਾ ਕੰਮ ਹੈ ਤਪਸ਼ ਦੇਣਾ ਤੇ ਜੇ ਨਾ ਦੇਵੇ ਤਾਂ ਉਸਦਾ ਕੋਈ ਲਾਭ ਨਹੀਂ ਤਿਵੇਂ ਹੀ ਮਨੁਖ ਵਾਸਤੇ ਵੀ ਕੋਈ ਅਸੂਲ ਹਨ, ਕੁਝ ਰਹਿਤਾਂ ਹਨ । ਕਿਸੇ ਵੀ ਬੀਮਾਰ ਪੁਰਸ਼ ਨੂੰ ਦਵਾਈ ਉਨੀ ਹੀ ਜਲਦੀ ਅਸਰ ਕਰਦੀ ਹੈ ਜਿਨਾਂ ਜ਼ਿਆਦਾ ਉਹ ਪਰਹੇਜ਼ ਰਖ ਸਕਦਾ ਹੈ ਇਸੇ ਤਰ੍ਹਾਂ ਹੀ ਜਿੰਨਾ ਜ਼ਿਆਦਾ ਕੋਈ ਰਹਿਤ ਵਿਚ ਰਹੇਗਾ ਉਨੀ ਹੀ ਜਲਦੀ ਉਸ ਖਸਮ ਦੇ ਦਰ ਤੇ ਉਹ ਪ੍ਰਵਾਨ ਹੋਵੇਗਾ । ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ;

"ਰਹਿਣੀ ਰਹੈ ਸੋਈ ਸਿਖ ਮੇਰਾ ।
ਉਹ ਸਾਹਿਬ ਮੈਂ ਉਸ ਕਾ ਚੇਰਾ ।"

ਸੋ ਆਓ ! ਅਸੀਂ ਅਜ ਤੋਂ ਹੀ ਇਹ ਪ੍ਰਣ ਕਰੀਏ ਕਿ ਅਸੀਂ ਉਸ ਸਤਿਗੁਰੂ ਦੇ ਜੇ ਬਣੇ ਰਹਿਣਾ ਹੈ, ਉਸਦੀ ਖੁਸ਼ੀ ਪ੍ਰਾਪਤ ਕਰਨੀ ਹੈ ਤਾਂ ਹੇਠ ਲਿਖੇ ਅਸੂਲਾਂ ਨੂੰ ਅਪਣਾਈਏ ਅਤੇ ਇਸ ਨੂੰ ਵਰਤੋਂ ਵਿਚ ਲਿਆਈਏ ।

(1) ਜੰਗਲ ਜਾਣ ਸਮੇਂ :

(1) ਸਵਾ ਪਹਿਰ ਰਾਤ ਰਹਿੰਦੀ ਤੇ ਉਠ ਕੇ ਜੰਗਲ ਜਾਣਾ ।

(2) ਜੰਗਲ ਜਾਣ ਸਮੇਂ ਜਲ ਦਾ ਗੜਵਾ ਨਾਲ ਲਿਜਾਣਾ ।

(3) ਜੰਗਲ ਜਾਂਦਿਆਂ ਜਾਂ ਬੈਠਿਆਂ ਦਾਤਨ ਨਹੀਂ ਕਰਨੀ ਅਤੇ ਨਾ ਹੀ ਕੋਈ ਹੋਰ ਹੀ ਚੀਜ਼ ਮੂੰਹ ਵਿਚ ਪਾਉਣੀ ।

(4) ਜੰਗਲ ਜਾਣ ਸਮੇਂ ਨੰਗਾ ਸਿਰ ਨਾ ਹੋਵੇ ।

(5) ਜੰਗਲ ਵਾਲੇ ਬਸਤ੍ਰ, ਪਹਿਨਣ ਵਾਲਿਆਂ ਬਸਤਰਾਂ ਤੋਂ ਅਲਹਿਦਾ ਹੋਣ ਜਾਂ ਫਿਰ ਉਨ੍ਹਾਂ ਹੀ ਬਸਤਰਾਂ ਨੂੰ ਧੋਕੇ ਪਾਇਆ ਜਾ ਸਕਦਾ ਹੈ ।

(6) ਜੇਕਰ ਬਸਤਰ ਲਾਹ ਕੇ ਤੇ ਸੁਚੀ ਚਾਦਰ ਲੈ ਕੇ ਜਾਇਆ ਜਾਏ ਤਾਂ ਇਹ ਅੰਮ੍ਰਿਤ ਵੇਲੇ ਹੀ ਜਾਣਾ ਚਾਹੀਦਾ ਹੈ ਤਾਂ ਕਿ ਮੱਖੀ ਆਦਿ ਚਾਦਰ ਤੇ ਬੈਠਕੇ ਇਸ ਨੂੰ ਅਪਵਿਤ੍ਰ ਨਾ ਕਰ ਦੇਵੇ ।

(7) ਜੰਗਲ ਤੋਂ ਆਕੇ 2 ਵਾਰੀ ਸ਼ੁਧ ਅਤੇ ਪਵਿਤ੍ਰ ਮਿੱਟੀ (ਜੇ ਨਾ ਹੋਵੇ ਤਾਂ ਸੁਆਹ ਨਾਲ) ਗੜਵਾ ਮਾਂਜਣਾ ਤੇ 5 ਵਾਰੀ ਗੁਟਾਂ ਤਕ ਹੱਥ ਮਾਂਜਣੇ ਅਤੇ ਜੇ ਚਮੜੇ ਦਾ ਜੋੜਾ ਹੋਵੇ ਤਾਂ ਪੈਰ ਵੀ ਮਿਟੀ ਨਾਲ ਮਾਂਜਣੇ ।

[ਨੋਟ :—ਇਸ ਤੋਂ ਇਲਾਵਾ ਕੋਈ ਵੀ ਚੀਜ਼ ਹੱਥਾਂ ਨੂੰ ਪਵਿਤਰ ਨਹੀਂ ਕਰ ਸਕਦੀ ਜਿਵੇਂ ਸਾਬਣ ਆਦਿ ।]

(8) ਪੰਜ ਪਪਿਆਂ ਦਾ ਖਿਆਲ ਰਖੋ :



Sri Satguru Jagjit Singh Ji Elibrary NamdhariElibrary@gmail.com

ਪੱਪਾ—ਪੰਸਿਤਾ। ਭਾਵ ਬਸਤੀ ਤੋਂ ਦੂਰ ਜਾਓ।

ਪੱਪਾ—ਪਰੇਰੇ ਜਾਂ ਪੜਦਾ। ਰਸਤੇ ਤੋਂ ਦੂਰ ਬੈਠੋ।

ਪੱਪਾ—ਪਉਣ। ਜਿਧਰੋਂ ਹਵਾ ਆ ਰਹੀ ਹੋਵੇ ਉਧਰ ਮੂੰਹ ਕਰਕੇ ਬੈਠੋ।

ਪੱਪਾ—ਪਵਿਤ੍ਰ। ਭਾਵ ਸਾਫ ਜਗ੍ਹਾ ਤੇ ਜੰਗਲ ਬੈਠੋ ਗੰਦਗੀ ਤੇ ਨਹੀਂ।

(9) ਜੰਗਲ ਵਲ ਦੇਖਣਾ ਨਹੀਂ ਮਤ ਮਾਰੀ ਜਾਂਦੀ ਹੈ।

## (2) ਦਾਤਨ ਕਰਨ ਸਮੇਂ :

(1) ਦਾਤਨ ਕਰਨੀ ਚਾਹੀਦੀ ਹੈ ਪਰ ਬੁਰਸ਼ ਕਦੇ ਵੀ ਵਰਤੋਂ ਵਿਚ ਨਾ ਲਿਆਉ ਕਿਉਂਕਿ ਇਕ ਤਾਂ ਇਸ ਵਿਚੋਂ ਪੂਰੀ ਜੂਠ ਨਹੀਂ ਨਿਕਲਦੀ ਅਤੇ ਦੂਸਰਾ ਇਸ ਦੇ ਪੇਸਟ ਵਿਚ ਕੈਮੀਕਲਜ਼ (ਅੰਗਰੇਜ਼ੀ ਦੁਆਈਆਂ) ਹੋਣ ਕਰਕੇ ਦੰਦਾਂ ਨੂੰ ਕਮਜ਼ੋਰ ਕਰਨਾ ਸ਼ੁਰੂ ਕਰ ਦੇਂਦੇ ਹਨ।

(2) ਦਾਤਨ ਨੰਗੇ ਸਿਰ ਕਦੇ ਨਾ ਕਰੋ।

(3) ਦਾਤਨ ਜਦੋਂ ਵੀ ਮੂੰਹ ਚੋਂ ਬਾਹਰ ਕਢੋ ਤਾਂ ਜਲ ਨਾਲ ਕੁਰਲਾ ਕਰਕੇ, ਦਾਤਨ ਨੂੰ ਜਲ ਨਾਲ ਧੋਕੇ ਫਿਰ ਦੁਬਾਰਾ ਵਰਤੋਂ ਵਿਚ ਲਿਆਓ।

(4) ਦਾਤਨ ਨੂੰ ਪਾੜ ਕੇ ਧੋ ਕੇ ਸੁਟੋ ਤਾਂ ਕਿ ਦੁਬਾਰਾ ਵਰਤੋਂ ਵਿਚ ਨਾ ਆ ਸਕੇ।

## (3) ਇਸ਼ਨਾਨ ਕਰਨ ਸਮੇਂ :

(1) ਪਹਿਲਾਂ ਕੇਸਾਂ 'ਚ ਜਲ ਪਾਓ।

(2) ਇਸ਼ਨਾਨ ਹਮੇਸ਼ਾਂ ਠੰਢੇ ਜਲ ਨਾਲ ਕਰੋ ਪਰ ਜੇ ਕਮਜ਼ੋਰ ਸਰੀਰ ਨੂੰ ਠੰਢਾ ਨਾ ਸੁਖਾਵੇ ਤਾਂ ਕੋਸੇ ਜਲ ਨਾਲ ਕਰ ਲੈਣਾ ਚਾਹੀਦਾ ਹੈ।

(3) ਇਸ਼ਨਾਨ ਅੰਮ੍ਰਿਤ ਵੇਲੇ ਕਰੋ ਅਤੇ ਇਸ਼ਨਾਨ ਕੀਤੇ ਬਗੈਰ ਕਦੀ ਵੀ ਅੰਨ ਜਲ ਨਾ ਛਕੋ। ਭਜਨ ਬਾਣੀ ਜਾਂ ਪਾਠ ਵੀ ਇਸ਼ਨਾਨ ਕਰਕੇ ਹੀ ਕਰਨਾ ਚਾਹੀਦਾ ਹੈ।

(4) ਕਛਹਿਰਾ ਬਦਲਣ ਲਗਿਆਂ ਸਿਰ ਤੇ ਕਪੜਾ ਰਖੋ ਅਤੇ ਇਕ ਪਹੁੰਚਾ ਲਾਹ ਕੇ ਦੂਸਰਾ ਪਾਓ।

(5) ਕਛਹਿਰਾ ਬਦਲਣ ਲਗਿਆਂ ਵਰਤਿਆ ਹੋਇਆ ਤੌਲੀਆ ਜਾਂ ਹੋਰ ਕੋਈ ਕਪੜਾ ਪਾਣੀ ਵਿਚ ਧੋ ਕੇ ਨਿਚੋੜ ਕੇ ਫਿਰ ਦੁਬਾਰਾ ਵਰਤੋਂ ਵਿਚ ਲਿਆ ਸਕਦੇ ਹੋ।

(6) ਕਛਹਿਰੇ ਦੇ ਵਲ ਲਾਹ ਕੇ ਧੋ ਕੇ ਸੁਕਣੇ ਪਾਓ। ਧੋਤਾ ਹੋਇਆ ਕਛਹਿਰਾ ਵੀ ਪੈਰਾਂ ਲੱਤਾਂ, ਬਾਹਵਾਂ, ਮੂੰਹ ਆਦਿ ਤੇ ਨਾ ਛੋਹਣ ਦਿਓ।

(7) ਕਛਹਿਰਾ ਤਿੰਨ ਉਂਗਲਾਂ ਗੋਡੇ ਤੋਂ ਉੱਚਾ ਹੋਣਾ ਚਾਹੀਦਾ ਹੈ।

## (4) ਅਰਦਾਸ :

(1) ਇਸ਼ਨਾਨ ਕਰਕੇ ਅਰਦਾਸ ਕਰਕੇ ਨਾਮ ਸਿਮਰਨ ਕਰੋ ਅਤੇ ਸਮਾਪਤੀ ਤੇ ਵੀ ਅਰਦਾਸ ਕਰੋ। ਫਿਰ ਦਿਨ ਚੜ੍ਹੇ ਬਾਣੀ ਪੜ੍ਹੋ।

(2) ਪੰਜਾਂ ਬਾਣੀਆਂ ਚੋਂ ਜਪੁ, ਜਾਪ, ਦੋਹਾਂ ਦੇ ਸ਼ਬਦ ਹਜ਼ਾਰੇ ਤੇ ਚੰਡੀ ਦੀ ਵਾਰ ਦਾ ਪਾਠ ਘਟੋ ਘਟ ਅੰਮ੍ਰਿਤ ਵੇਲੇ ਕਰੋ।

(3) ਚੰਡੀ ਦੀ ਵਾਰ ਦਾ ਪਾਠ ਸੂਰਜ ਚੜ੍ਹਨ ਤੋਂ ਪਹਿਲਾਂ ਆਰੰਭ ਕਰਨਾ ਅਤੇ ਸੂਰਜ ਦੀ ਟਿੱਕੀ ਨਾਲ ਭੋਗ ਪਾ ਦੇਣਾ। ਆਰੰਭ ਅਤੇ ਸਮਾਪਤੀ ਤੇ ਅਰਦਾਸ ਕਰਨੀ।



Sri Satguru Jagjit Singh Ji Elibrary NamdhariElibrary@gmail.com

ਨੋਟ—ਹੋਰ ਪਾਠ ਭਾਵੇਂ ਅਗੇ ਪਿਛੇ ਹੋ ਜਾਣ ਪਰ ਚੰਡੀ ਦੀ ਵਾਰ ਦਾ ਸੂਰਜ ਦੀ ਟਿੱਕੀ ਨਾਲ ਭੋਗ ਪਾ ਦੇਣਾ ਜ਼ਰੂਰੀ ਹੈ। ਚੰਡੀ ਦੀ ਵਾਰ ਜ਼ਰੂਰ ਪੜ੍ਹਨੀ ਬੜਾ ਮਹਾਤਮ ਲਿਖਿਆ ਹੈ ਗੁਰੂ ਜੀ ਨੇ।

(4) ਇਕ ਭਗਉਤੀ ਦੀ ਮਾਲਾ ਕਰਨੀ। ਨਹੀਂ ਤਾਂ ਘਟ ਤੋਂ ਘਟ 40 ਪਾਠ ਭਗਉਤੀਆਂ ਦੇ ਜ਼ਰੂਰ ਕਰਨੇ।

**(5) ਪ੍ਰਸ਼ਾਦਾ ਛਕਨ ਸਮੇਂ :**

(1) ਨੰਗੇ ਸਿਰ ਪ੍ਰਸ਼ਾਦਾ ਕਦੇ ਵੀ ਨਾ ਛਕੋ।

(2) ਪ੍ਰਸ਼ਾਦਾ ਛਕਣ ਵਾਸਤੇ ਕੀਤਾ ਹੋਇਆ ਇਸ਼ਨਾਨ ਤਾਂ ਹੀ ਸਫਲ ਹੈ ਜਿੰਨਾਂ ਚਿਰ ਪ੍ਰਸ਼ਾਦਾ ਨਾ ਛਕ ਲਵੇ ਕਿਸੇ ਨਾਲ ਨਾ ਛੋਹੇ।

**(6) ਛਰਲਾ ਛਡਣ ਲਗਿਆਂ :**

(1) ਨੰਗੇ ਸਿਰ ਕਦੀ ਵੀ ਛਰਲਾ ਨਾ ਛਡੋ।

(2) ਜਲ ਦੀ ਵਰਤੋਂ ਜ਼ਰੂਰ ਕਰੋ। ਜੇਕਰ ਸੋਧੀ ਹੋਵੇ ਤਾਂ ਸੋਧ ਦਾ ਜਲ ਵਰਤੋਂ ਵਿਚ ਲਿਆਵੇ ਅਤੇ ਉਸ ਬਰਤਨ ਨੂੰ ਫਿਰ ਮਾਂਜ ਕੇ ਵਰਤੋਂ ਵਿਚ ਲਿਆਵੇ।

(3) ਛਰਲਾ ਬੈਠ ਕੇ ਛਡੋ ਤਾਂ ਕਿ ਸਰੀਰ ਦੇ ਕਿਸੇ ਅੰਗ ਤੇ ਕੋਈ ਛਿਟ ਨ ਪੈ ਸਕੇ।

(4) ਛਰਲਾ ਛਡ ਕੇ ਹਥ ਪੈਰ ਧੋਵੇ। ਜ਼ੁਰਾਬਾਂ ਪਾਈਆਂ ਹੋਣ ਤਾਂ ਸਿਰਫ ਹਥ ਹੀ ਧੋ ਲੈਣੇ ਚਾਹੀਦੇ ਹਨ।

(5) ਫਿਰ ਕੁਲਾ ਕਰੋ। ਸਿਰ ਢਕ ਕੇ।

**(7) ਕੇਸ ਸੁਕਾਉਣ ਵਾਸਤੇ :**

(1) ਕੇਸ ਕਿਸੇ ਪਰਦੇ ਵਾਲੀ ਜਗ੍ਹਾ ਤੇ ਜਾ ਕੇ ਨੰਗੇ ਕਰਕੇ ਸੁਕਾਓ।

(2) ਸਾਧ ਸੰਗਤ ਵਿਚ ਬੈਠਿਆਂ, ਸਭਾ ਸੁਸਾਇਟੀ ਵਿਚ ਜਾਂ ਕਿਸੇ ਆਮ ਜਗ੍ਹਾ ਤੇ ਕਦੇ ਵੀ ਕੇਸ ਨਾ ਸੁਕਾਓ।

**(8) ਪੰਜ ਕਕਾਰ :**

(1) ਪੰਜ ਕਕਾਰ ਕੇਸ, ਕੰਘਾ (ਕੰਘੇ ਦੇ ਵਿਚ ਛੋਟੀ ਜਿਹੀ ਕਿਰਪਾਨ ਤਾਰ ਨਾਲ ਬੰਨੀ ਹੋਣੀ ਚਾਹੀਦੀ ਹੈ) ਕੰਘਾ ਕੇਸਾਂ ਵਿਚ ਰਖਿਆ ਜਾਵੇ। ਕੜਾ ਕਛਹਿਰਾ ਆਦਿ ਜ਼ਰੂਰ ਹੋਣੇ ਚਾਹੀਦੇ ਹਨ।

**(9) ਪਹਿਰਾਵਾ :**

(1) ਪਹਿਰਾਵਾ ਨਾਮਧਾਰੀ ਹੀ ਰਖੋ, ਚੂੜੀਦਾਰ ਪਜਾਮਾ, ਕਲੀਦਾਰ ਕੁੜਤਾ ਤੇ ਸਿਰ ਤੇ ਸਿਧੀ (ਗੁਰਮੁਖੀ) ਦਸਤਾਰ।

(2) ਬਸਤਰ ਹਮੇਸ਼ਾਂ ਚਿੱਟੇ ਹੀ ਹੋਣੇ ਚਾਹੀਦੇ ਹਨ।

(3) ਨੀਲਾ ਕਪੜਾ ਕਦੇ ਵੀ ਵਰਤੋਂ ਵਿਚ ਨਾ ਲਿਆਓ।

(4) ਖਿਆਲ ਰਖੋ ਕਿ ਤੁਹਾਡੀ ਦਸਤਾਰ ਵਿਚ ਨੀਲਾ ਡੋਰਾ ਨਹੀਂ ਹੋਣਾ ਚਾਹੀਦਾ।

(5) ਸਕੂਲਾਂ, ਕਾਲ੍ਹਜਾਂ ਜਾਂ ਹੋਰ ਕਿਸੇ ਕੰਮ ਕਾਰ ਵਿਚ ਨਾਮਧਾਰੀ ਲਿਬਾਸ ਹੀ ਵਰਤੋਂ ਵਿਚ ਲਿਆਓ।



Sri Satguru Jagjit Singh Ji Elibrary NamdhariElibrary@gmail.com

## (10) ਅੰਮ੍ਰਿਤ :

(1) ਅੰਮ੍ਰਿਤ ਸੋਧੀ ਹੀ ਤਿਆਰ ਕਰਨ।

## (11) ਕੜਾਹ ਪ੍ਰਸਾਦਿ :

(1) ਕੜਾਹ ਪ੍ਰਸਾਦਿ ਵੀ ਉਹ ਹੀ ਪ੍ਰਵਾਨ ਹੈ ਜੋ ਕਿ ਸੋਧ ਦਾ ਤਿਆਰ ਕੀਤਾ ਹੋਇਆ ਹੋਵੇ।

(2) ਕੜਾਹ ਪ੍ਰਸਾਦਿ ਤਿਆਰ ਕਰਨ ਵਾਲਾ ਮੂੰਹ ਬੰਨ ਕੇ ਤਿਆਰ ਕਰੇ ਤੇ ਓਨਾ ਚਿਰ ਕਿਸੇ ਨਾਲ ਨਾ ਬੋਲੇ।

(3) ਕੜਾਹ ਪ੍ਰਸਾਦਿ ਜਿਥੇ ਜਾ ਕੇ ਰਖਣਾ ਹੋਵੇ ਉਹ ਜਗ੍ਹਾ ਜੇਕਰ ਪਕੀ ਹੋਵੇ ਤਾਂ ਧੋ ਕੇ ਚੌਂਕੀ ਨੂੰ ਵੀ ਧੋ ਕੇ ਫਿਰ ਉਪਰ ਪ੍ਰਸਾਦਿ ਰਖੋ। ਪਰ ਜੇਕਰ ਕਚਾ ਥਾਂ ਹੋਵੇ ਉਸ ਜਗ੍ਹਾ ਸਾਫ ਸੁਧ ਤੇ ਪਵਿਤਰ ਮਿਟੀ ਪਾ ਕੇ ਚੌਂਕਾ ਦੇ ਕੇ ਤੇ ਉਸ ਉਤੇ ਚੌਂਕੀ ਰਖ ਕੇ ਪ੍ਰਸਾਦਿ ਰਖੋ। ਕਿਉਂਕਿ ਕਚੇ ਥਾਂ ਕਈ ਥਾਈਂ ਗੋਬਰ ਦਾ ਲੇਪਨ ਦਿਤਾ ਹੁੰਦਾ ਹੈ ਜਿਸ ਕਰਕੇ ਉਸਨੂੰ ਪਾਣੀ ਨਾਲ ਪਵਿਤਰ ਨਹੀਂ ਕੀਤਾ ਜਾ ਸਕਦਾ।

(4) ਕੜਾਹ ਪ੍ਰਸਾਦਿ ਜਦੋਂ ਸੰਗਤ ਵਿਚ ਆਵੇ ਤਾਂ ਸਭ ਨੂੰ ਸਤਿਕਾਰ ਵਜੋਂ ਉਠ ਖਲੋਣਾ ਚਾਹੀਦਾ ਹੈ।

(6) ਇਕ ਕਾਰਜ ਵਾਸਤੇ ਭੋਗ ਲੁਆਇਆ ਹੋਇਆ ਪ੍ਰਸਾਦਿ ਦੂਸਰੇ ਕਾਰਜ ਵਾਸਤੇ ਫਿਰ ਨਹੀਂ ਭੋਗ ਲਵਾਉਣਾ ਚਾਹੀਦਾ। ਦੂਸਰੇ ਕਾਰਜ ਵਾਸਤੇ ਹੋਰ ਕੜਾਹ ਪ੍ਰਸਾਦਿ ਤਿਆਰ ਕਰ ਲਵੋ।

(7) ਅੰਮ੍ਰਿਤ ਤਿਆਰ ਕਰਨ ਵਾਸਤੇ ਕੜਾਹ ਪ੍ਰਸਾਦਿ ਹੋਣਾ ਜਰੂਰੀ ਹੈ ਅਤੇ ਫਿਰ ਵਰਨੀ ਵਾਸਤੇ ਵਖਰਾ।

(8) ਕੜਾਹ ਪ੍ਰਸ਼ਾਦ ਨੂੰ ਜਦੋਂ ਭੋਗ ਲੁਆਉਣ ਵਾਸਤੇ ਲਿਜਾਣਾ ਹੋਵੇ ਉਪਰ ਰੁਮਾਲਾ ਦਿਤਾ ਹੋਵੇ ਅਤੇ ਅਗੇ ਜਲ ਦਾ ਤਰੌਂਕਾ ਦੇ ਕੇ ਲਿਜਾਇਆ ਜਾਵੇ। ਵਰਤੌਣ ਵੇਲੇ ਇਕ ਪਾਸੇ ਤੋਂ ਰੁਮਾਲਾ ਚੁਕ ਕੇ ਵਰਤਾਇਆ ਜਾਵੇ। ਪੰਜ ਪਿਆਰੇ ਅਤੇ ਕੁਰ ਦਰਿਆ ਦਾ ਫੇਰ ਸੰਗਤਾਂ ਨੂੰ।

(9) ਭੋਗ ਲੁਵਾਉਣ ਵਾਲਾ ਪ੍ਰਸ਼ਾਦ ਸੀਤ ਹੋਣਾ ਚਾਹੀਦਾ ਹੈ ਗਰਮ ਨਹੀਂ।

(10) ਕਿਸੇ ਵੀ ਪ੍ਰਸ਼ਾਦ ਨੂੰ ਭੋਗ ਲੁਆਉਣ ਲਗਿਆਂ ਜਲ ਦਾ ਗਿਲਾਸ ਜ਼ਰੂਰ ਰਖੋ।

(11) ਲੰਗਰ ਨੂੰ ਭੋਗ ਲੁਆਉਣ ਲਗਿਆਂ ਪ੍ਰਸ਼ਾਦੇ ਦੇ ਨਾਲ ਮੱਖਣ ਜਾਂ ਘਿਉ ਅਤੇ ਗੰਢਾ ਰਖੋ ਅਤੇ ਜਲ ਦਾ ਗਿਲਾਸ ਜ਼ਰੂਰ ਰਖੋ।

(12) ਭੋਗ ਲਗੇ ਹੋਏ ਪ੍ਰਸ਼ਾਦ ਵਿਚੋਂ ਸਵਾਇਆ ਪ੍ਰਸ਼ਾਦ ਸਾਰੇ ਲੰਗਰ ਵਾਲੇ ਪ੍ਰਸ਼ਾਦ ਵਿਚ ਪਾਇਆ ਜਾਵੇ।

## (12) ਵਰਨੀ ਕਰਨ ਸਮੇਂ :

(1) ਸਾਰੇ ਸਿੰਘ ਸੋਧੀ ਹੋਣੇ ਚਾਹੀਦੇ ਹਨ।

(2) ਸੋਧੀ ਸਿੰਘ ਹੀ ਅੰਮ੍ਰਿਤ ਤਿਆਰ ਕਰਨ ਅਤੇ ਸੋਧੀ ਸਿੰਘ ਹੀ ਸਿੰਘਾਂ ਨੂੰ ਛਕਾਵੇ।

(3) ਅਰਦਾਸ ਕਰਕੇ ਵਰਨੀ ਵਿਚ ਸਿੰਘ ਬੈਠਣ।

(4) ਵਰਨੀ ਵਾਲੀ ਜਗ੍ਹਾ ਖੂਹ ਦੇ ਜਲ ਨਾਲ ਧੋ ਕੇ ਪਵਿੱਤਰ ਕੀਤੀ ਜਾਵੇ। ਆਰੰਭ ਦੀ ਅਰਦਾਸ ਤੋਂ ਸਮਾਪਤੀ ਤਕ ਕੜਾਹ ਪ੍ਰਸ਼ਾਦ ਲਿਆਉਣ ਵਾਲਿਆਂ ਤੋਂ ਬਿਨਾਂ ਨਾ ਕੋਈ ਅੰਦਰ ਆਵੇ ਨਾ ਜਾਵੇ।



Sri Satguru Jagjit Singh Ji Elibrary NamdhariElibrary@gmail.com

(5) ਵਰਨੀ ਵਿਚ ਇਕ ਕੋਰਾ ਘੜਾ ਜਾਂ ਗੜਵਾ ਜਲ ਦਾ ਕੁੰਭ ਵਾਸਤੇ ਜ਼ਰੂਰ ਰਖੋ ।

(6) ਪ੍ਰਸ਼ਾਦ ਉਦੋਂ ਲਿਆਂਦਾ ਜਾਵੇ ਜਦੋਂ ਵਰਨੀ ਦਾ ਭੋਗ ਪੈਣ ਵਾਲਾ ਹੋਵੇ ।

(7) ਵਰਨੀ ੧੦੧ ਜਪੁਜੀ ਸਾਹਿਬ ਦੇ ਪਾਠ ਕਰਕੇ ਕੀਤੀ ਜਾ ਸਕਦੀ ਹੈ । ਜੇਕਰ ਪੜ੍ਹੇ ਹੋਏ ਸਿੰਘ ਨਾ ਮਿਲ ਸਕਣ ਤਾਂ ੨੫ ਮਾਲਾ ਪਕੀਆਂ ਭਜਨ ਦੀਆਂ ਕਰਕੇ ਵੀ ਕੀਤੀ ਜਾ ਸਕਦੀ ਹੈ ।

(8) ਇਕ ਵਰਨੀ ਜਪੁਜੀ ਸਾਹਿਬ ਜੀ ਦਾ ਓਨਾ ਹੀ ਫਲ ਹੈ ਜਿੰਨਾ ਕਿ ਇਕ ਸਧਾਰਨ ਪਾਠ ਦਾ ਅਤੇ ਇਕ ਅਖੰਡ ਪਾਠ ਦਾ ਓਨਾ ਹੀ ਫਲ ਹੈ ਜਿਨਾਂ ਇਕ ਸੌ ਸਧਾਰਨ ਪਾਠ ਦਾ ।

(9) ਵਰਨੀ ਵਿਚ ਘਿਓ ਦੀ ਜੋਤ ਨਿਰੰਤਰ ਜਗਦੀ ਰਹੇ ।

(10) ਭਖਦੇ ਹੋਏ ਕੋਲਿਆਂ ਤੇ ਸਮਗਰੀ ਥੋੜੀ ਥੋੜੀ ਪਾਉਂਦੇ ਰਹਿਣਾ ਚਾਹੀਦਾ ਹੈ ।

(13) ਹਵਨ ਕਰਨ ਸਮੇਂ :

(1) ਹਵਨ ਕਰਨ ਵਾਲੀ ਜਗ੍ਹਾ ਨੂੰ ਚੰਗੀ ਤਰ੍ਹਾਂ ਲਿੰਬ ਪੋਚ ਲੈਣਾ ਮਿਟੀ ਨਾਲ । ਉਸ ਮਿਟੀ ਵਿਚ ਗੋਹਾ ਨਹੀਂ ਪਾਉਣਾ ।

(2) ਲਕੜਾਂ ਹਵਨ ਵਿਚ, ਬੇਰੀ ਜਾਂ ਪਲਾਹ ਦੀਆਂ ਹੀ ਪਾਉਣੀਆਂ ।

(3) ਇਕ ਸਾਬਤ ਨਲੀਏਰ ਲੈ ਕੇ ਉਸ ਉਤੇ ਬਸਤਰ (ਬਸਤਰ ਨੂੰ ਭਾਵੇਂ ਸੁੱਚਾ ਹੀ ਕਿਉਂ ਨਾ ਹੋਵੇ ਧੋ ਲੈਣਾ ਚਾਹੀਦਾ ਹੈ) ਦੇ ਕੇ ਉਸ ਨੂੰ ਭਲੀ ਪ੍ਰਕਾਰ ਕਜ ਕੇ ਹਵਨ ਕੁੰਡ ਵਿਚ ਰਖ ਦੇਣਾ ।

(4) ਹਵਨ ਦੀ ਅੱਗ ਨੂੰ ਫੂਕ ਨਹੀਂ ਮਾਰਨੀ । ਪਖੇ ਨਾਲ ਪ੍ਰਜੁਲਤ ਕਰਨੀ ।

(5) ਸੋਧ ਮਰਯਾਦਾ ਦੇ ਧਾਰਨੀ ੭ ਸਿੰਘ ਹਵਨ ਕਰਨ, ਹਵਨ ਵਿਚ ਪੋਥੀਆਂ ਜਾਂ ਗੁਟਕੇ ਉਤੋਂ ਬਾਣੀ ਪੜ੍ਹਨੀ ਚੌਪਈ, ਜਪੁ, ਜਾਪ, ਚੰਡੀ ਚਰਿਤਰ, ਚੰਡੀ ਦੀ ਵਾਰ ਤੇ ਉਗਰਦੰਤੀ ਅਤੇ ਅਕਾਲ ਉਸਤਤ ਇਹ ਬਾਣੀਆਂ ਪੜ੍ਹਨੀਆਂ ।

(6) ਛੇਵਾਂ ਆਦਮੀ ਅਹੂਤੀਆਂ ਪਾਵੇ ਤੇ ਸਤਵਾਂ ਮਗਰੋਂ ਨਾਲ ਹੀ ਜਲ ਦਾ ਛਿਟਾ ਦੇਵੇ ਥੋੜਾ ਥੋੜਾ ।

(7) ਜਦੋਂ ਸੋਧ ਦਾ ਇਸ਼ਨਾਨ ਕੀਤਾ ਹੋਵੇ ਤਾਂ ਸੱਚ ਤੇ ਬੈਠਣ ਲਗਿਆਂ ਚਰਣ ਧੋਕੇ ਆਸਣ ਵਿਛਾਕੇ ਤੇ ਆਸਣ ਦੇ ਉਤੇ ਹੀ ਚਰਣ ਰਖ ਕੇ ਬੈਠਣਾ ਚਾਹੀਦਾ ਹੈ ।

# ਜੇਕਰ ਪ੍ਰੀਤਮ ਪ੍ਰਦੇਸ ਨੂੰ ਜਾਂਵਦੇ ਨਾ

—ਨਰਿੰਜਨ ਸਿੰਘ 'ਜਖੇੜੀ'

ਗੋਰਾ ਕੋਈ ਨਾ ਪੰਜਾਬ 'ਚ ਪੈਰ ਧਰਦਾ, ਅਸੀਂ ਆਪ ਜੇ ਰਾਹ ਵਖਾਂਵਦੇ ਨਾ ।
ਨਾ ਕੋਈ ਸਰਦਾਰ ਮਕਾਰ ਗ਼ਦਾਰ ਹੁੰਦਾ, ਨਾਲ ਅੰਗਰੇਜ਼ ਜੇ ਯਾਰੀਆਂ ਲਾਂਵਦੇ ਨਾ ।
ਸਾਡੀ ਜੰਗ ਸਭ ਰਾਵਾ 'ਚ ਜਿਤ ਹੁੰਦੀ, 'ਲਾਲ' 'ਤੇਜ' ਜੇ ਦਗਾ ਕਮਾਂਵਦੇ ਨਾ ।
ਪਾਣੀ ਵਗਦਾ ਨਾ ਲਹੂ ਲੁਹਾਣ ਹੁੰਦਾ, ਜੇਕਰ ਪੁਲ ਸਤਲੁਜ ਵਡਾਂਵਦੇ ਨਾ ।
ਇਹ ਪਤਰਾ ਇਤਿਹਾਸ ਦਾ ਨਾ ਬਣਦਾ, ਜੇ ਅੰਗਰੇਜ਼ ਪੰਜਾਬ ਵਿਚ ਆਂਵਦੇ ਨਾ ।
ਗਊ ਹਤਿਆ ਪੰਜਾਬ 'ਚ ਨ ਹੁੰਦੀ, ਮੇਰੇ ਪ੍ਰੀਤਮ ਪ੍ਰਦੇਸ ਵੀ ਜਾਂਵਦੇ ਨਾ । ੧ ।

ਰਾਏਕੋਟ ਤੇ ਅੰਮ੍ਰਿਤਸਰ ਵਾਲੇ, ਬੁੱਚੜ ਫੜ ਨਾ ਮਾਰ ਮੁਕਾਂਵਦੇ ਜੇ ।
ਰੱਸੇ ਵੱਡ ਕੇ ਗਊਆਂ ਦੇ ਆਪ ਹਥੀਂ, ਕਤਲ ਹੋਣ ਤੋਂ ਨਾ ਬਚਾਂਵਦੇ ਜੇ ।
ਜਿਹੜੇ ਬੇਕਸੂਰ ਹੀ ਫੜੇ ਹੋਏ ਸਨ, ਮੂੰਹ ਮੌਤ ਚੋਂ ਨਾ ਛੁਡਾਂਵਦੇ ਜੇ ।
ਤਖਤਾਦਾਰ ਤੇ ਸਜਨਾਂ ਆਪ ਹੱਥੀਂ, ਰੱਸੇ ਫਾਂਸੀ ਦੇ ਗਲੀਂ ਨਾ ਪਾਂਵਦੇ ਜੇ ।



Sri Satguru Jagjit Singh Ji Elibrary NamdhariElibrary@gmail.com

ਬੁੱਚੜਖਾਨੇ ਫਿਰ ਘਰ ਘਰ ਖੁਲ੍ਹ ਜਾਂਦੇ, ਕਤਲ ਗਊਆਂ ਦੇ ਗਿਣਤੀ ਵਿਚ ਆਂਵਦੇ ਨਾ ।
ਲੀਕ ਸਦਾ ਲਈ ਸਿੰਘਾਂ ਨੂੰ ਲਗ ਜਾਂਦੀ, ਭਾਵੇਂ ਪ੍ਰੀਤਮ ਪ੍ਰਦੇਸ ਵੀ ਜਾਂਵਦੇ ਨਾ । ੨ ।

ਨਾਂਵੇਂ ਗੁਰੂ, ਜੇਕਰ ਨਾ ਹੀ ਸੀਸ ਦੇਂਦੇ, ਬਿਨਾਂ ਦਸ਼ਮੇਸ਼ ਦੇ ਖੰਡਾ ਖੜਕਾਂਵਦਾ ਕੌਣ ?
ਜੇ 'ਅਜੀਤ' 'ਜੁਝਾਰ' ਨਾ ਤੇਗ਼ ਫੜਦੇ, ਫਾਂ ਤੇਗ਼ਾਂ ਦੀ ਵਿਚ ਫਿਰ ਆਂਵਦਾ ਕੌਣ ?
ਜੇਕਰ ਸਤਿਗੁਰੂ ਰਾਮ ਸਿੰਘ ਨਾ ਆਉਂਦੇ, ਸੁੱਤੀ ਕੌਮ ਨੂੰ ਫੇਰ ਜਗਾਂਵਦਾ ਕੌਣ ?
ਮੁਰਦਾ ਹੋਏ ਹੋਏ ਸਿੰਘਾਂ ਸੂਰਿਆਂ ਨੂੰ, ਫੇਰ ਨਾਮ ਦੀ ਪਾਨ ਚੜ੍ਹਾਂਵਦਾ ਕੌਣ ?
ਨਹੀਂ ਸੀ ਅਸਾਂ ਦਾ ਕਿਸੇ ਵੀ ਨਾਂ ਲੈਣਾ, ਸਿਰਾਂ ਧੜਾਂ ਦੀਆਂ ਬਾਜ਼ੀਆਂ ਲਾਂਵਦੇ ਨਾ ।
ਅਗ ਕਿਵੇਂ ਲਗਦੀ ਸਾਰੇ ਦੇਸ਼ ਅੰਦਰ, ਜੇਕਰ ਪ੍ਰੀਤਮ ਪ੍ਰਦੇਸ ਜਾਂਵਦੇ ਨਾ । ੩ ।

ਉਹਨਾਂ ਕਿਹਾ ਕਿ ਵਤਨ ਆਜ਼ਾਦੀ ਬਦਲੇ, ਪੈਦਾ ਘਰ ਘਰ ਰਾਮ ਸਿੰਘ ਕਰਾਂਗਾ ਮੈਂ ।
ਇਹਨੂੰ ਕਿਤੇ ਵੀ ਚੈਨ ਨਹੀਂ ਲੈਣ ਦੇਣਾ, ਲਾਂਬੂ ਪੈਰਾਂ ਹੇਠਾਂ ਐਸਾ ਧਰਾਂਗਾ ਮੈਂ ।
ਮੈਨੂੰ ਜਾਨ ਤੋਂ ਵਧ ਹੈ ਦੇਸ਼ ਪਿਆਰਾ, ਸਿਰ ਤੇ ਪਈਆਂ ਮੁਸੀਬਤਾਂ ਜਰਾਂਗਾ ਮੈਂ ।
ਮੈਨੂੰ ਕਿਸੇ ਵੀ ਗੱਲ ਦਾ ਭੈ ਨਾਹੀਂ, ਮਰਨਾ ਪਿਆ ਤੇ ਪਹਿਲਾਂ ਹੀ ਮਰਾਂਗਾ ਮੈਂ ।
ਖਾਤਰ ਵਤਨ ਦੀ ਬੇ-ਪਰਵਾਹ ਹੋ ਕੇ, ਆਢਾ ਗੋਰੀ ਸਰਕਾਰ ਨਾਲ ਲਾਂਵਦੇ ਨਾ ।
ਭਲਾ ਕਿਸ ਤਰ੍ਹਾਂ ਹਿੰਦ ਆਜ਼ਾਦ ਹੁੰਦੀ, ਜੇਕਰ ਪ੍ਰੀਤਮ ਪ੍ਰਦੇਸ ਨੂੰ ਜਾਂਵਦੇ ਨਾ । ੪ ।

ਜਾਨ ਛੋਟੀ ਤੇ ਜਿਗਰ ਪਹਾੜ ਜੇਡਾ, ਉਹਨੇ ਕਾਵਨ ਦੀ ਦਾੜ੍ਹੀ ਨੂੰ ਫੜ ਲਿਆ ।
ਲੱਗੀ ਖਿਚ ਤੇ ਨਾਨੀ ਫਿਰ ਯਾਦ ਆਈ, ਸ਼ਕੰਜਾ ਹੱਥਾਂ ਦਾ ਓਸ ਨੇ ਕਸ ਲਿਆ ।
ਸ਼ਕਤੀ ਗ਼ੈਬੀ ਕੋਈ ਓਸ ਦੇ ਵਿਚ ਆਈ, ਜਿਦੇ ਨਾਲ ਚੰਗਾ ਨੂੜ ਨੜ ਲਿਆ ।
ਮਾਰੇ ਅੱਡੀਆਂ ਪੇਸ਼ ਨਾ ਕੋਈ ਜਾਵੇ, ਓਨਾ ਅੰਦਰੋ ਅੰਦਰ ਹੀ ਸੜ ਲਿਆ ।
ਓਸ ਸ਼ੇਰ ਦੇ ਹਥੋਂ ਨਾ ਜਾਨ ਛੁਟਦੀ, ਨਾਲ ਤੇਗ਼ ਜੇ ਟੋਟੇ ਕਰਾਂਵਦੇ ਨਾ ।
ਨਾ ਸੋਨੇ ਦੇ ਨਾਲ ਕਿਵੇਂ ਲਿਖੇ ਜਾਂਦੇ, ਜੇਕਰ ਪ੍ਰੀਤਮ ਪ੍ਰਦੇਸ ਨੂੰ ਜਾਂਵਦੇ ਨਾ । ੫ ।

ਵਰਿਆਮ ਸਿੰਘ ਨੂੰ ਕੋਈ ਨਾ ਵਰਿਆਮ ਕਹਿੰਦਾ, ਪੈਰਾਂ ਤਲੇ ਜੇ ਚਿਲ੍ਹਾਂ ਚਿਣਾਂਵਦੇ ਨਾ ।
ਓਹ ਕੁਠਾਲੀ ਚਿੱਪ ਕੇ ਬਣੇ ਸੋਨਾ, ਗੁਣ ਉਹਨਾਂ ਦੇ ਗਿਣੇ ਵੀ ਜਾਂਵਦੇ ਨਾ ।
ਓਹ ਲਾੜੇ ਸ਼ਹਾਦੱਤ ਦੇ ਨਾ ਬਣਦੇ, ਲਾੜੀ ਮੌਤ ਨੂੰ ਜਫੀਆਂ ਪਾਂਵਦੇ ਨਾ ।
ਅਲਖ ਮੁੱਕ ਜਾਂਦੀ ਸਾਡੀ ਜੱਗ ਉਤੋਂ, ਅੱਗੇ ਤੋਪਾਂ ਜੇ ਛਾਤੀਆਂ ਡਾਹਵਦੇ ਨਾ ।
ਮਾਇਆ ਮੋਹ ਦੀ ਨਿੰਦਰਾ 'ਚ ਘੂਕ ਸੁੱਤੇ, ਕੰਨੋ ਫੜ ਜੇ ਪ੍ਰੀਤਮ ਜਗਾਂਵਦੇ ਨਾ ।
ਚੋਟੀ ਵਾਲੇ ਦਾ ਕੋਈ ਨਾ ਨਾਂ ਲੈਂਦਾ, ਜੇਕਰ ਆਪ ਪ੍ਰਦੇਸ ਨੂੰ ਜਾਂਵਦੇ ਨਾ । ੬ ।

ਉਹਨਾਂ ਵਿਚ ਪ੍ਰਦੇਸ ਦੇ ਜਾ ਕੇ ਤੇ, ਕੂਪਰ ਮੋਰਚਾ ਉਥੇ ਵੀ ਲਾ ਦਿੱਤਾ ।
ਹਿੰਦ ਵਿਚੋਂ ਅੰਗਰੇਜ਼ ਨੂੰ ਕਢਣੇ ਲਈ, ਰੂਸ ਤਾਂਈਂ ਸੁਨੇਹਾ ਭਿਜਵਾ ਦਿਤਾ ।
ਅਤੇ 'ਦਲੀਪ' ਨੂੰ ਕਿਹਾ ਕਿ ਫ਼ਿਕਰ ਨਾ ਕਰ, ਟੈਲੀਫ਼ੂਨ ਇਕ ਅਜਿਹਾ ਖੜਕਾ ਦਿਤਾ ।
ਰਾਜ ਖਾਲਸੇ ਦਾ ਫੇਰ ਕਾਇਮ ਕਰਨੇ, ਸੁੱਤੇ ਸ਼ੇਰ ਨੂੰ ਉਹਨਾਂ ਜਗਾ ਦਿੱਤਾ ।
ਉਹਦੀਆਂ ਅੱਖੀਆਂ ਤੇ ਪਟੀ ਕਿਵੇਂ ਖੁਲ੍ਹਦੀ, ਨਜ਼ਰ ਮਿਹਰ ਦੀ ਪ੍ਰੀਤਮ ਜੇ ਪਾਂਵਦੇ ਨਾ ।
'ਜਯੋਤੀ' ਯਾਦ ਪੰਜਾਬ ਦੀ ਕਿਵੇਂ ਆਉਂਦੀ, ਜੇਕਰ ਪ੍ਰੀਤਮ ਪ੍ਰਦੇਸ਼ ਨੂੰ ਜਾਂਵਦੇ ਨਾ । ੭ ।



Sri Satguru Jagjit Singh Ji Elibrary NamdhariElibrary@gmail.com

## ਅਜ਼ਾਦੀ-ਸੰਗਰਾਮ ਅਤੇ

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



—ਸੰਤੋਖ ਸਿੰਘ ਨਾਮਧਾਰੀ, ਜਮੁਨਾ ਨਗਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਨਾ-ਮਿਲਵਰਤਣ (ਬਾਈ ਕਾਟ) ਲਹਿਰ ਸਰਕਾਰ ਅੰਗਰੇਜ਼ੀ ਵਿਰੁੱਧ ਬਹੁਤ ਹੀ ਕਾਰਗਰ ਸਿੱਧ ਹੋਈ। ਪੰਜਾਬ 'ਚ ਵਸਦੇ ਨਾਮਧਾਰੀ ਸਿੱਖਾਂ ਨੇ ਇਸ ਨੂੰ ਵਧ ਚੜ੍ਹ ਕੇ ਅਪਣਾਇਆ ਅਤੇ ਪਿੰਡ ਪਿੰਡ, ਸ਼ਹਿਰ ਸ਼ਹਿਰ ਇਸ ਲਹਿਰ ਦਾ ਪ੍ਰਚਾਰ ਹੋਇਆ ਗ਼ੁਲਾਮੀ ਵਿਰੁੱਧ ਕਦਮ ਪੁੱਟੇ, ਆਜ਼ਾਦੀ ਦਾ ਨਾਅਰਾ ਮਾਰਿਆ ਅਤੇ ਸੁੱਤੀ ਹੋਈ ਆਮ ਗ਼ੁਲਾਮ ਜਨਤਾ ਨੂੰ ਇਕ ਹਲੂਣਾ ਦਿੱਤਾ। ਅੰਗਰੇਜ਼ੀ ਸਰਕਾਰ ਇਸ ਲਹਿਰ ਤੋਂ ਥਰਥਰਾ ਉੱਠੀ ਅਤੇ ਲੰਡਨ ਤੀਕ ਇਸ ਦੀਆਂ ਧੁੰਮਾਂ ਪਈਆਂ। ਸੋ ਇਸ ਲਹਿਰ ਨੂੰ



Sri Satguru Jagjit Singh Ji Elibrary NamdhariElibrary@gmail.com

ਨੇਸਤੋ-ਨਾਬੂਦ ਕਰਨ ਹਿੱਤ, ਆਪਣਾ ਰਾਜ ਬਚਾਉਣ ਲਈ, ਸੈਂਕੜੇ ਹੀ ਨਾਮਧਾਰੀਆਂ ਨੂੰ ਤੋਪਾਂ ਅਗੇ ਉਡਾ, ਫਾਂਸੀਆਂ ਤੇ ਲਟਕਾ, ਕਾਲੇ ਪਾਣੀ ਭੇਜ, ਉਮਰ ਭਰ ਜੇਲ੍ਹਾਂ 'ਚ ਹੀ ਅਮਾਨਵੀਯ ਅਤਿਆਚਾਰ ਕਰ ਅਤੇ ਕਈਆਂ ਨੂੰ ਸਮੁੰਦਰਾਂ ਦੇ ਪਾਣੀਆਂ 'ਚ ਡੋਬ ਡੋਬ ਕੇ ਸ਼ਹੀਦ ਕੀਤਾ ਗਿਆ। ਇਹ ਇਕ ਆਪਣੇ ਆਪ ਨੂੰ ਪੜ੍ਹੀ ਲਿਖੀ, ਸਭਿਅਤ ਕੌਮ ਕਹਾਉਣ ਵਾਲੀ ਅੰਗਰੇਜ਼ੀ ਜਮਾਂਤ ਵਲੋਂ ਬਹੁਤ ਹੀ ਘਿਨੌਣਾ, ਮਨੁੱਖਤਾ ਤੋਂ ਗਿਰਿਆ ਅਤੇ ਸਭਿਆਹੀਣ ਕਾਂਡ ਸੀ, ਪਰ ਨਿਮਸਕਾਰ ਹੈ ਉਨ੍ਹਾਂ ਨਾਮਧਾਰੀ ਪ੍ਰਵਾਨਿਆਂ ਨੂੰ ਲੱਖ-ਲੱਖ ਵਾਰੀ, ਜਿਨ੍ਹਾਂ, ਦੇਸ਼ ਹਿੱਤ ਆਪਣੀਆਂ ਜਾਨਾਂ ਦੀ ਰਤਾ ਪ੍ਰਵਾਹ ਨਹੀਂ ਕੀਤੀ ਅਤੇ ਘਰ-ਬਾਰ ਸਭ ਇਸ ਅਹੂਤੀ 'ਚ ਨਿਛਾਵਰ ਕਰ ਦਿਤੇ। ਨਾਮਧਾਰੀ ਰਹਿਬਰ, ਅੰਗਰੇਜ਼-ਗੁਲਾਮੀ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ, ਨਾ-ਮਿਲਵਰਤਣ ਲਹਿਰ ਦੇ ਬਾਨੀ, ਆਜ਼ਾਦੀ ਦੀ ਲਗਨ ਲਗਾਉਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਇਸ ਅਜ਼ਾਦੀ ਹਿੱਤ ਜਗਾਈ ਜੋਤ ਨੂੰ ਬੁਝਾਉਣ ਦੇ ਕੋਝੇ ਜਤਨ ਕੀਤੇ ਗਏ। ਬਾਅਦ 'ਚ ਨਾਮਧਾਰੀਆਂ ਤੇ ਜ਼ੁਲਮ-ਤਸ਼ੱਦਦਾਂ ਦੀ ਹਨੇਰੀ ਝੁੱਲੀ। ਕੁਰਕੀਆਂ, ਝੂਠੇ ਕੇਸ, ਬੇਮਿਸਾਲ ਤੁਹਮਤਾਂ ਲਗਾ ਲਗਾ ਕੇ ਤੰਗ ਕੀਤਾ ਗਿਆ। ਪਿੰਡ ਪਿੰਡ ਸ਼ਹਿਰ ਸ਼ਹਿਰ ਵਸਦੇ ਨਾਮਧਾਰੀਆਂ ਤੇ ਕਰੜੀਆਂ ਪਾਬੰਦੀਆਂ ਲਗ ਗਈਆਂ, ਮਿਲ ਕੇ ਬੈਠਣਾ ਬੰਦ ਹੋ ਗਿਆ, ਇਥੋਂ ਤੀਕ ਗੁਰਬਾਣੀ ਦੇ ਪਾਠ, ਕੀਰਤਨ ਆਦਿ ਤੇ ਵੀ ਪਾਬੰਦੀ ਲਗਾ ਦਿਤੀ ਕਿ ਨਾ ਇਹ ਮਿਲ ਕੇ ਬੈਠਣ ਤੇ ਨਾ ਹੀ ਸਰਕਾਰ ਵਿਰੁੱਧ ਕੁਝ ਸਲਾਹ ਮਸ਼ਵਰੇ ਕਰ ਸਕਣ।

ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਨੂੰ ਪਾਣੀ ਹਾਂੜੇ ਤਕ ਪੁੱਟ, ਤਲਾਸ਼ੀ ਲੈ ਡੇਰਾ ਲੁਟਿਆ ਗਿਆ ਅਤੇ ਗੁਰੂ ਹਰੀ ਸਿੰਘ ਜੀ ਅਤੇ ਗੁਰੂ ਪ੍ਰਵਾਰ ਤੇ, ਸੂਬਿਆਂ, ਮੁਖੀਆਂ ਤੇ ਪਾਬੰਦੀਆਂ ਲਾਗੂ ਹੋ ਗਈਆਂ ਪੁਲਿਸ ਦਾ ਪਹਿਰਾ ਸ੍ਰੀ ਭੈਣੀ ਸਾਹਿਬ ਦੇ ਹਰਿਮੰਦਰ ਦੀ ਡਿਓਢੀ ਅਗੇ ਲਗਾ ਦਿਤਾ ਗਿਆ, ਜਿਸ ਦਾ ਖਰਚਾ ਆਮ ਛੋਟੇ ਛੋਟੇ ਰਈਸ ਸਰਦਾਰ ਜੋ ਅੰਗਰੇਜ਼ੀ ਸਰਕਾਰ ਦੇ ਵਫ਼ਾਦਾਰ ਸਨ, ਕਰਦੇ ਰਹੇ। ੧੦ ਸਿੱਖਾਂ ਤੋਂ ਵੱਧ, ਅੰਦਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਹਿੱਤ ਨਹੀਂ ਸਨ ਜਾ ਸਕਦੇ, ਉਹ ਵੀ ਪੂਰੀ ਤਫਤੀਸ਼ ਅਤੇ ਤਲਾਸ਼ੀ ਬਾਦ। ਸੰਗਤਾਂ ਕਈ ਕਈ ਦਿਨ ਬਾਹਰ ਰੇਤਿਆਂ ਤੇ ਡੇਰੇ ਲਾ ਬੈਠੀਆਂ ਰਹਿੰਦੀਆਂ। ਉਥੇ ਵੀ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ। ਕਈ ਕਈ ਦਿਨਾਂ ਬਾਅਦ ਦਰਸ਼ਨ ਕਰਨ ਦੀ ਇਜਾਜ਼ਤ ਮਿਲਦੀ। ਪਿੰਡਾਂ ਚੋਂ ਬਾਹਰ ਨਾਮਧਾਰੀਆਂ ਦਾ ਨਿਕਲਣਾ ਮੁਸ਼ਕਲ ਹੋ ਗਿਆ। ਪਰ ਨਾਮਧਾਰੀਆਂ ਦਾ ਕਸੂਰ ਕੀ ਸੀ? ਸਿਰਫ਼ ਇਹੋ ਕਿ ਇਨ੍ਹਾਂ ਅੰਗਰੇਜ਼ ਦੀ ਗੁਲਾਮੀ ਦਾ ਜੂਲਾ ਗਲ ਪੁਆਉਣ ਤੋਂ ਇਨਕਾਰ ਕੀਤਾ ਸੀ ਅਤੇ ਭਾਰਤ ਦੀ ਆਜ਼ਾਦੀ ਲਈ ਕਦਮ ਪੁਟੇ ਸਨ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਗ੍ਰਹਿ ਮਾਤਾ, ਜੀਵਨ ਕੌਰ ਦੀ ਕੁਖੋਂ, ਚੇਤ-ਵਦੀ ਤੀਜ ਸੰਮਤ ੧੯੪੬ ਬਿ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਗਟੇ ਤਾਂ ਅੰਗਰੇਜ਼ੀ ਸਰਕਾਰ ਵਲੋਂ ਕੁਝ ਨਰਮੀ ਹੋਈ। ੧੦ ਸਿੱਖਾਂ ਨੂੰ ਅੰਦਰ ਜਾਣ ਦੀ ਨੀਤੀ ਮਨਸੂਖ ਹੋਈ, ਸੰਗਤਾਂ ਨੂੰ ਸਤਿਗੁਰੂ ਜੀ ਦੇ ਦਰਸ਼ਨ ਹੋਣ ਲਗੇ ਤਾਂ ਸੰਗਤਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਡੇ ਪ੍ਰਤਾਪ ਵਾਲਾ ਜਾਣ, ਬੰਦੀ-ਛੋੜ ਕਿਹਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ੧੭ ਸਾਲ ਦੀ ਅਲਪ ਆਯੂ 'ਚ ਹੀ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤਿ-ਜੋਤ ਸਮਾਉਣ ਤੇ ਗੁਰਗੱਦੀ ਤੇ ਸ਼ਸ਼ੋਭਿਤ ਹੋਏ। ਸਾਰੇ ਨਾਮਧਾਰੀ ਪੰਥ ਦਾ ਬੋਝ ਆਪਣੇ ਮੋਢਿਆਂ ਤੇ ਚੁੱਕ ਸੂਝ-ਬੂਝ ਨੀਤੀ ਨਾਲ ਚਲ ਦੇਸ਼-ਸੇਵਾ 'ਚ ਇਕ ਵੱਡਾ ਹਿੱਸਾ ਪਾਇਆ। ਭਾਰਤ ਨੂੰ ਅਜ਼ਾਦ ਕਰਾਉਣ ਹਿੱਤ, ਕੀਤੇ ਜਤਨਾਂ ਨੂੰ ਪੱਕੇ ਇਰਾਦੇ ਨਾਲ ਸਫਲ ਬਣਾਇਆ। ਉਸ ਸਮੇਂ ਦੇਸ਼-ਭਲਾਈ ਅਤੇ ਅਜ਼ਾਦੀ ਦਾ ਸੰਘਰਸ਼ ਕਰ ਰਹੀ ਕਾਂਗਰਸ ਪਾਰਟੀ ਅਤੇ ਹੋਰ ਦੇਸ਼ ਭਗਤਕ ਸੰਸਥਾਵਾਂ ਨੂੰ ਹਮੇਸ਼ਾਂ ਮਦਦ ਅਤੇ ਹੌਂਸਲਾ ਅਫਜ਼ਾਈ ਦਿੰਦੇ ਰਹੇ ਅਤੇ



Sri Satguru Jagjit Singh Ji Elibrary NamdhariElibrary@gmail.com

ਯੋਗ ਅਗਵਾਈ ਵੀ ਕਰਦੇ ਰਹੇ। ਇਹ ਗੱਲ ਵੀਹਵੀਂ ਸਦੀ ਦੇ ਅਰੰਭ ਦੀ ਹੈ ਜਦੋਂ ਕਿ ਵੱਡੇ ਵੱਡੇ ਅਮੀਰ, ਰਿਆਸਤਾਂ ਦੇ ਮਾਲਕ ਸਰਦਾਰ, ਅਤੇ ਹੋਰ ਆਮ ਜਨਤਾ ਸਭ ਅੰਗਰੇਜ਼ਾਂ ਦੇ ਚੱਟੂ-ਵੱਟੂ ਸਨ। ਉਹ ਅੰਗਰੇਜ਼ ਦੀ ਹਰ ਨੀਤੀ 'ਚ ਸਾਥ ਦੇਣ ਵਾਲੇ ਅਤੇ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਉਣ ਵਾਲੇ ਸਨ। ਰਾਏ ਬਹਾਦੁਰੀ ਸਰਦਾਰੀਆਂ ਜ਼ੈਲਦਾਰੀ, ਨੰਬਰਦਾਰੀ ਆਦਿ ਦੀ ਭੁੱਖ ਨੇ ਅੰਗਰੇਜ਼ਾਂ ਦੇ ਸਦਾ ਲਈ ਗ਼ੁਲਾਮ ਬਣਾ ਰਖਿਆ ਸੀ। ਫਿਰ ਇੰਸੇ ਹੀ ਸਮੇਂ ਨਾਮਧਾਰੀਆਂ ਨਾਲ ਹੋਈ ਸਖ਼ਤੀ, ਬਦ-ਸਲੂਕੀ ਦਾ ਨਜ਼ਾਰਾ ਸਭ ਦੇ ਸਾਹਮਣੇ ਸੀ, ਸੋ ਹਰ ਕੋਈ ਡਰਦਾ ਸੀ ਕਿ ਕਿਧਰੇ ਸਾਡਾ ਵੀ ਉਹੋ ਹਾਲ ਨਾ ਹੋਵੇ ਜੋ ਕੂਕਿਆਂ ਦਾ ਹੋਇਆ ਹੈ। ਸੋ ਅੰਗਰੇਜ਼ ਪ੍ਰਸਤ ਸਰਦਾਰਾਂ, ਪੁਜਾਰੀਆਂ ਮਹੰਤਾਂ ਤੇ ਆਮ ਸਿਖ ਵਿਦਵਾਨਾਂ, ਨੇ ਅੰਗਰੇਜ਼ੀ ਸਰਕਾਰ ਦੀ ਚਾਪਲੂਸੀ ਕਰਨੀ ਸ਼ੁਰੂ ਕੀਤੀ, ਅਤੇ 'ਜੁਗ-ਜੁਗ ਰਾਜ ਸਵਾਇਆ ਟੋਪੀ ਵਾਲੇ ਦਾ' ਆਦਿ ਪੜ੍ਹਨਾ ਸ਼ੁਰੂ ਕੀਤਾ। ਅੰਗਰੇਜ਼-ਰਾਜ ਦੇ ਲੰਮੇ ਸਮੇਂ ਲਈ ਬਣੇ ਰਹਿਣ ਵਾਸਤੇ ਗੁਰਦਵਾਰਿਆਂ 'ਚ ਅਰਦਾਸਾਂ ਹੋਣ ਲਗੀਆਂ।

ਇਹੋ ਜਿਹੇ ਸਮੇਂ ਜਦੋਂ ਕਿ ਨਾਮਧਾਰੀਆਂ ਦੇ ਕੱਖ ਵੀ ਵੈਰੀ ਬਣ ਚੁਕੇ ਸਨ, ਅੰਗਰੇਜ਼ਾਂ ਵਿਰੁੱਧ ਕਿਸੇ ਕਿਸਮ ਦੀ ਨੀਤੀ ਜਾਂ ਪ੍ਰੋਗਰਾਮ ਲੈ ਕੇ ਚਲਣਾ ਖਤਰੇ ਤੋਂ ਖਾਲੀ ਨਹੀਂ ਸੀ। ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਨੇਕਾਂ ਹੀ ਕਸ਼ਟਾਂ ਦੀ ਪ੍ਰਵਾਹ ਨਾ ਕਰਦੇ ਹੋਏ ਦੇਸ਼-ਭਗਤੀ ਦੀ ਲਹਿਰ ਚਾਲੂ ਰਖੀ ਅਤੇ ਕਦਮ-ਕਦਮ ਤੇ ਸਫਲਤਾ ਪ੍ਰਾਪਤ ਕੀਤੀ। ਆਪਣੀ ਸੂਝ-ਬੂਝ ਨਾਲ ਨਾਮਧਾਰੀਆਂ ਦਾ ਜਾਨੀ-ਨੁਕਸਾਨ ਵੀ ਹੋਣ ਤੋਂ ਬਚਾਇਆ ਅਤੇ ਆਪਣੇ ਮੰਤਵ 'ਚ ਪੂਰੇ ਵੀ ਉਤਰਦੇ ਰਹੇ। ਜੇਕਰ ਕਿਸੇ ਵੇਲੇ ਅੰਗਰੇਜ਼ਾਂ ਦੀ ਕਰੂਰ ਨੀਤੀ ਦਾ, ਜ਼ਾਲਮਾਨਾ ਵਿਹਾਰ ਦਾ ਸ਼ਿਕਾਰ ਵੀ ਨਾਮਧਾਰੀਆਂ ਨੂੰ ਜਾਂ ਸ੍ਰੀ ਸਤਿਗੁਰੂ ਜੀ ਨੂੰ ਹੋਣਾ ਪਿਆ ਤਾਂ ਪਿਛੇ ਨਹੀਂ ਹਟੇ, ਸਗੋਂ ਡਟ ਕੇ ਮੁਕਾਬਲਾ ਹੀ ਕੀਤਾ। ਇਕ ਵਿਦਵਾਨ ਲਿਖਾਰੀ ਨੇ ਅੰਗਰੇਜ਼ੀ 'ਚ ਇਸ ਭਾਵ ਨੂੰ ਇਵੇਂ ਅੰਕਿਤ ਕੀਤਾ ਹੈ—

**Diplomacy was tried in turn when force failed Guru Partap Singh and his followers refused to compromised with aleined power. Through out the national movement they were always discovered, thick in the battle and marched on under the leader ship of Guru Partap Singh, British bullets and lathi-charges never saw them in their backturn.**

ਸੰਨ ੧੮੮੫ ਈ: 'ਚ ਕਾਂਗਰਸ ਦੀ ਸਥਾਪਨਾ ਤਾਂ ਹੋਈ ਸੀ ਅੰਗਰੇਜ਼ੀ ਰਾਜ ਨੂੰ ਬਚਾਉਣ ਹਿਤ, ਪਰ ਇਸ ਵਿਚ ਕੁਝ ਇਹੋ ਜਿਹੇ ਦੇਸ਼-ਭਗਤ ਮੈਂਬਰ ਆ ਗਏ ਜਿਨ੍ਹਾਂ ਨੇ ਇਸ ਦਾ ਰੁੱਖ ਹੀ ਬਦਲ ਦਿਤਾ। ਭਾਰਤ ਦੀ ਆਜ਼ਾਦੀ ਖਾਤਿਰ ਇਨ੍ਹਾਂ ਮੈਂਬਰਾਂ ਨੇ ਜਦੋ-ਜਹਿਦ ਕਰਨੀ ਸ਼ੁਰੂ ਕਰ ਦਿਤੀ ਅਤੇ ਇਨ੍ਹਾਂ ਨੂੰ ਪੂਰਾ ਪੂਰਾ ਸਮਰਥਨ ਮਿਲਿਆ ਨਾਮਧਾਰੀਆਂ ਦਾ। ਅਜ਼ਾਦੀ ਦੀ ਜਵਾਲਾ ਭੜਕਦੀ ਗਈ ਅਤੇ ਨਾਮਧਾਰੀਆਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੁਚੱਜੀ ਅਗਵਾਈ ਹੇਠ ਇਸ ਨੂੰ ਵਧ ਚੜ੍ਹ ਕੇ ਉਪਰਲੀ ਸਿਖਰ ਤੇ ਪਹੁੰਚਾਇਆ। ਸ੍ਰੀ ਸਤਿਗੁਰੂ ਜੀ ਸਿੱਖਾਂ ਨੂੰ ਫੁਰਮਾਇਆ ਕਰਦੇ ਕਿ ਅਜੇਹੀ ਜੁਗਤ ਵਰਤੋ ਕਿ ਆਵਾਜ਼ ਘੱਟ ਹੋਵੇ ਪਰ ਸੱਟ ਜ਼ਿਆਦਾ ਵਜੇ। ਮਹਾਰਾਜ ਗੁਰਦਿਆਲ ਸਿੰਘ ਜੀ, ਆਲਿਮ ਜੀ, ਚੱਕਰਵਰਤੀ ਜੀ, ਕੌਮੀ ਜੀ ਅਤੇ ਹੋਰ ਅਨੇਕਾਂ ਹੀ ਵਿਦਵਾਨਾਂ ਨੇ ਨਾਮਧਾਰੀ ਇਤਿਹਾਸ ਦੀ ਖੋਜ ਕਰ-ਕਰਕੇ 'ਸਤਿਜੁਗ' ਅਖਬਾਰ ਅਤੇ ਹੋਰ ਅਖਬਾਰਾਂ 'ਚ 'ਨਾਮਧਾਰੀਆਂ ਉਤੇ ਅੰਗਰੇਜ਼ਾਂ ਦੇ ਜ਼ੁਲਮ-ਤਸ਼ਦਦ' ਲਿਖਣੇ ਅਤੇ ਪ੍ਰਚਾਰਨੇ ਸ਼ੁਰੂ ਕੀਤੇ ਤਾਂ ਆਮ ਕਾਂਗਰਸੀਆਂ ਅਤੇ ਹੋਰ ਲੋਕਾਂ ਤੇ ਇਸ ਦਾ ਚੰਗਾ ਅਸਰ ਹੋਇਆ। ਪਰ ਅੰਗਰੇਜ਼ੀ ਸਰਕਾਰ ਚਾਹੁੰਦੀ ਸੀ ਕਿ ਇਹ ਇਤਿਹਾਸਿਕ ਸਚਾਈ ਆਮ ਲੋਕਾਂ ਸਾਹਵੇਂ ਨਾ ਆਵੇ ਮਤਾਂ



Sri Satguru Jagjit Singh Ji Elibrary NamdhariElibrary@gmail.com

ਪੰਜਾਬ ਤੇ ਭਾਰਤ 'ਚ ਜੋਸ਼ ਪੈਦਾ ਹੋਵੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਮਾ: ਗੁਰਦਿਆਲ ਸਿੰਘ ਜੀ ਅਤੇ ਹੋਰ ਮੁਖੀਆਂ ਦੇ ਉੱਦਮ ਨਾਲ ਸੰਮਤ ੧੯੭੭ ਬਿ: ਦੀ ਪੰਜ ਅਸੂ ਨੂੰ ਸ਼ਹੀਦਾਂ ਨਮਿਤ ਮੇਲਾ ਅੰਮ੍ਰਿਤਸਰ ਉਸੇ ਬੋਹੜ ਹੇਠਾਂ ਕੀਤਾ ਗਿਆ, ਕੱਤਕ ਸੁਦੀ ਪੰਚਮੀ ਸੋਮਵਾਰ ਰਾਏਕੋਟ ਸ਼ਹੀਦਾਂ ਨਮਿਤ ਮੇਲਾ, ਲੁਧਿਆਣੇ ੧੨ ਮੱਘਰ ਸ਼ਨੀਵਾਰ ਨੂੰ ਮੇਲਾ ਕੀਤਾ ਗਿਆ ਅਤੇ ਇਨ੍ਹਾਂ ਵਿਚ ਨਾਮਧਾਰੀ ਵਿਦਵਾਨਾਂ ਅਤੇ ਕਾਂਗਰਸ ਦੇ ਮੈਂਬਰਾਂ ਨੇ ਜ਼ੋਰ-ਸ਼ੋਰ ਨਾਲ ਨਾਮਧਾਰੀਆਂ ਉਤੇ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਅਤੇ ਪਾਬੰਦੀਆਂ ਦਾ ਖੁਲ੍ਹ ਕੇ ਵਰਨਣ ਕੀਤਾ ਗਿਆ ਅਤੇ ਆਜ਼ਾਦੀ ਵਾਸਤੇ ਆਮ ਲੋਕਾਂ ਨੂੰ ਪ੍ਰੇਰਿਆ ਗਿਆ। ਮਲੇਰ ਕੋਟਲੇ ਹੋਏ ਨਾਮਧਾਰੀ ਸ਼ਹੀਦਾਂ ਨਮਿਤ ਮੇਲਾ ਇਕ ਵਡੇ ਇਕੱਠ ਦੇ ਰੂਪ 'ਚ ਮੁਠੱਡੀ-ਕਲਾਂ ੫-੬-੭ ਮਾਘ ਸੰਮਤ ੧੯੭੭ ਨੂੰ ਕੀਤਾ ਗਿਆ। ਜਿਸ ਵਿਚ ਸਭ ਹਿੰਦੂ-ਮੁਸਲਮਾਨ ਸਿੱਖ-ਨਾਮਧਾਰੀ ਦੇਸ਼-ਭਗਤਾਂ ਨੇ ਡਟ ਕੇ ਹਿੱਸਾ ਲਿਆ ਅਤੇ ਨੇੜੇ-ਤੇੜੇ ਦੇ ਹਜ਼ਾਰਾਂ ਹੀ ਲੋਕ ਅਤੇ ਦੇਸ਼-ਭਗਤ ਲੀਡਰ ਫਿਲੌਰ ਪੁੱਜ ਗਏ। ਇਸ ਮੇਲੇ ਦੇ ਪ੍ਰਧਾਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਨ। ਜਦੋਂ ਅੰਗਰੇਜ਼-ਅਫਸਰਾਂ ਨੂੰ ਇਸ ਪ੍ਰਤੀ ਪਤਾ ਲਗਾ ਤਾਂ ਉਹਨਾਂ ਨੇ ਮੇਲੇ ਦੇ ਅਰੰਭ ਤੋਂ ਪਹਿਲਾਂ ਹੀ ਸ੍ਰੀ ਸਤਿਗੁਰੂ ਜੀ ਨੂੰ ਉਥੇ ਜਾਣ ਤੋਂ ਰੋਕਣਾ ਚਾਹਿਆ ਪਰ ਸ੍ਰੀ ਸਤਿਗੁਰੂ ਜੀ ਨੇ ਇਸ ਪ੍ਰੋਗਰਾਮ 'ਚ ਵੱਧ ਚੜ੍ਹ ਕੇ ਹਿਸਾ ਪਾਇਆ ਅਤੇ ਪੁੱਜੇ। ਸ੍ਰੀ ਸਤਿਗੁਰੂ ਜੀ ਦਾ ਫਿਲੌਰ ਤੋਂ ਮੁਠਡਿਆਂ ਤਕ ਆਲੀਸ਼ਾਨ ਇਕ ਭਾਰੀ ਜਲੂਸ ਕਢਿਆ ਗਿਆ। ਬੰਦੇ-ਮਾਤਰਮ, ਅਲਾ-ਹੂ ਅਕਬਰ ਤੇ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਅਕਾਸ਼ ਗੁੰਜਾਊ ਨਾਹਰਿਆਂ ਨਾਲ ਸਵਾਗਤ ਕੀਤਾ ਗਿਆ। ਮੇਲੇ 'ਚ ਸ੍ਰੀ ਸਤਿਗੁਰੂ ਜੀ ਵਲੋਂ ਐਡਰੈਸ ਪੜ੍ਹਿਆ ਗਿਆ, ਜਿਸ ਵਿਚ ਨਾਮਧਾਰੀ ਖੂਨੀ ਕਾਂਡ, ਬਾਈਕਾਟ ਲਹਿਰ, ਜਿਲਾਵਤਨ ਅਤੇ ਨਾਮਧਾਰੀ ਪੰਥ ਤੇ ਅੰਗਰੇਜ਼ਾਂ ਵਲੋਂ ਜ਼ੁਲਮਾਂ ਦੀ ਭਰਮਾਰ ਪਾਬੰਦੀਆਂ ਦੀ ਹੋੜ, ਆਦਿ ਅਨੇਕਾਂ ਪਹਿਲੂਆਂ ਤੇ ਚੰਗੀ ਤਰ੍ਹਾਂ ਚਾਨਣ ਪਾਇਆ ਅਤੇ ਸ੍ਰੀ ਭੈਣੀ ਸਾਹਿਬ ਦੇ ਡੇਰੇ ਤੇ ਪੁਲੀਸ ਚੌਕੀ ਦਾ ਪਹਿਰਾ ਆਦਿ ਚੰਗੀ ਤਰ੍ਹਾਂ ਵਰਨਣ ਕੀਤਾ ਗਿਆ ਤਾਂ ਦੇਸ਼-ਭਗਤ ਲੋਕਾਂ ਦੇ ਰੌਂਗਟੇ ਖੜੇ ਹੋ ਗਏ। ਇਸ ਸਮੇਂ ਮਹਾਰਾਜ ਗੁਰਦਿਆਲ ਸਿੰਘ ਜੀ, ਚੌਧਰੀ ਗੁਲਾਮ ਹੈਦਰ ਖਾਂ, ਡਾ. ਕਿਚਲੂ, ਲਾਲਾ ਕੇਦਾਰ ਨਾਥ, ਸੇਵਾ ਸੰਮਤੀ ਫਲੌਰ, ਲੁਧਿਆਣੇ ਦੇ ਵਾਲੰਟ-ਰੀਅਰ, ਮਹਿਤਾ ਅਨੰਦ ਕਿਸ਼ੋਰ ਜੀ ਲਾਹੌਰ, ਸ. ਕਿਸ਼ਨ ਸਿੰਘ, ਸਰਦਾਰਾ ਸਿੰਘ ਜੀ ਐਡੀਟਰ ਖਾਲਸਾ ਲਾਹੌਰ ਅਤੇ ਹੋਰ ਅਨੇਕਾਂ ਹੀ ਦੇਸ਼-ਭਗਤ ਲੀਡਰ ਪੁਜੇ ਸਨ। ਸੰਤ ਕਾਲਾ ਸਿੰਘ ਜੀ ਨੇ ਇਸ ਸਮੇਂ ਨੂੰ ਇੰਞ ਵਰਨਣ ਕੀਤਾ ਹੈ—

"ਦੇਸ਼ ਭਗਤ ਸਭ ਹੀ ਚਲ ਆਏ।
ਸਭ ਨੇ ਗੁਰ ਨੂੰ ਸੀਸ ਨਿਵਾਏ।
ਰਾਮ ਭੱਜ ਦੱਤ ਹੈ ਪੰਡਿਤ ਜੋਈ।
ਕਰੇ ਬੰਦਨਾ ਗੁਰ ਨੂੰ ਸੋਈ।
ਗਿਆਰ ਮੂਰਤੀ ਗੋਕਲ ਚੰਦ।
ਕਰੀ ਆਣ ਗੁਰੂ ਚਰਨੀ ਬੰਦ॥"

ਇਸ ਮੇਲੇ 'ਚ ਨਾਮਧਾਰੀ ਵਿਦਵਾਨਾਂ ਤੇ ਹੋਰਨਾਂ ਨੇ ਦੇਸ਼ ਹਿੱਤ ਸ਼ਹੀਦ ਹੋਇਆਂ ਬਾਰੇ ਅਤੇ ਅਜ਼ਾਦੀ ਦੀ ਪ੍ਰਾਪਤੀ ਕਰਨ ਹਿਤ ਪ੍ਰਚਾਰ ਕੀਤੇ।

ਸਨਖਤਰਾ ਅਤੇ ਹੁਸ਼ਿਆਰਪੁਰ ਵੀ ਭਾਰੀ ਕਾਨਫਰੰਸਾਂ ਹੋਈਆਂ। ਜਿਸ ਵਿਚ ਸ੍ਰੀ ਸਤਿਗੁਰੂ ਜੀ ਤੇ ਨਾਮਧਾਰੀ ਸਿਖਾਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਅੰਗਰੇਜ਼ੀ ਸਰਕਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੌਂਕੀ ਚੁੱਕਣ ਬਾਰੇ ਨੋਟਿਸ ਦਿਤੇ ਗਏ ਅਤੇ ਕੁਝਕੁ ਉਦਮਾਂ ਨਾਲ ੫੦ ਸਾਲ ਬਾਦ ਸ੍ਰੀ ਭੈਣੀ ਸਾਹਿਬ ਤੋਂ ਇਹ ਚੌਕੀ ਹਟਾਈ ਗਈ। ਇਹ ਚੌਂਕੀ ਸੰਮਤ ੧੯੨੮ ਬਿ: ਤੋਂ ਸੰਮਤ ੧੯੭੮ ਬਿ: ਤਕ ਪੂਰੇ ੫੦ ਸਾਲ ਸ੍ਰੀ ਭੈਣੀ ਸਾਹਿਬ ਰਹੀ।



Sri Satguru Jagjit Singh Ji Elibrary NamdhariElibrary@gmail com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਦਰਬਾਰ ਦੀ ਸਥਾਪਨਾ ਵੀ ਕੀਤੀ ਕਿ ਧਾਰਮਿਕ ਅਤੇ ਦੇਸ਼-ਭਗਤੀ ਪ੍ਰੋਗਰਾਮਾਂ 'ਚ ਸੋਚ-ਸਮਝ, ਸੂਝ-ਬੂਝ ਨਾਲ ਹਿਸਾ ਪਾਇਆ ਜਾਵੇ। ਸੰਮਤ ੧੯੭੮ 'ਚ ੪-੫-੬ ਮਾਘ ਨੂੰ ਮਲੇਰ ਕੋਟਲੇ ਹੋਏ ਸ਼ਹੀਦਾਂ ਨਮਿਤ, ਪਿੰਡ ਸਿਆਹੜ 'ਚ ਇਕ ਵਡਾ ਮੇਲਾ ਕੀਤਾ ਗਿਆ, ਜਿਸ ਵਿਚ ਉਘੇ-ਉਘੇ ਦੇਸ਼-ਭਗਤ ਲੀਡਰ ਪੁੱਜੇ ਅਤੇ ਅੰਗਰੇਜ਼ੀ ਸਰਕਾਰ ਵਿਰੁੱਧ ਤਕਰੀਰਾਂ ਹੋਈਆਂ। ਇਸ ਤੇ ਅੰਗਰੇਜ਼ੀ ਸਰਕਾਰ ਨੇ ਸਾਰੇ ਸਿਆਹੜ ਤੇ ੭੫੦੦/—ਰੁਪਿਆ ਜੁਰਮਾਨਾ ਕੀਤਾ ਜੋ ਸਭ ਨੇ ਭਰਿਆ।

ਆਲ ਇੰਡੀਆ ਕਾਂਗਰਸ ਪਾਰਟੀ ਵਲੋਂ ਰਾਵੀ ਕੰਢੇ, ਲਾਹੌਰ ਵਿਖੇ ੩੧ ਦਸੰਬਰ ੧੯੨੯ ਈ. ਤੇ ੧ ਜਨਵਰੀ ੧੯੩੦ ਈ: ਨੂੰ ਇਕ ਮਹਾਨ ਇਜਲਾਸ ਇਕੱਠ ਹੋਇਆ। ਜਿਸ ਵਿਚ ਹਜ਼ਾਰਾਂ-ਲੱਖਾਂ ਦੇਸ਼-ਭਗਤ, ਵਤਨ ਪ੍ਰਸਤਾਂ ਨੇ ਭਾਗ ਲਿਆ। ਮਾਸਟਰ ਤਾਰਾ ਸਿੰਘ ਤੇ ਹੋਰ ਸਿਖ ਲੀਡਰ ਵੀ ਸ਼ਾਮਲ ਹੋਏ। ਭਾਵੇਂ ਇਸ ਦੇਸ਼-ਭਗਤੀ ਇਕੱਠ 'ਚ ਸ. ਖੜਕ ਸਿੰਘ ਕਾਰਕੁਨ ਖਾਲਸਾ ਪੰਥ ਨੇ ਅੰਗਰੇਜ਼ਾਂ ਦੇ ਕਹੇ ਲਗ ਕੇ ਵਿਰੋਧਤਾ ਕੀਤੀ ਅਤੇ ਇਕ ਲੱਖ ਸਿਖਾਂ ਨੂੰ ਇਸ ਵਿਰੁਧ ਇਕੱਠਾ ਕਰ ਕੇ ਅੰਗਰੇਜ਼ਾਂ ਦੇ ਰਾਜ ਦੀ ਸਿਫਤ ਕੀਤੀ ਪਰ ਮਾਸਟਰ ਤਾਰਾ ਸਿੰਘ ਤੇ ਹੋਰ ਦੇਸ਼ ਭਗਤ ਨੇਤਾਵਾਂ ਨੇ ਇਨ੍ਹਾਂ ਨੂੰ ਦੇਸ਼-ਅਜ਼ਾਦੀ ਵਲ ਪ੍ਰੇਰਿਆ ਅਤੇ ਕਈ ਹਜ਼ਾਰਾਂ ਸਿਖ ਕਾਂਗਰਸ ਇਜਲਾਸ 'ਚ ਭਰਤੀ ਹੋ ਗਏ। ਇਸ ਮਹਾਨ ਇਕਠ 'ਚ ਸ. ਆਤਮਾ ਸਿੰਘ ਰਾਵਲਪਿੰਡੀ, ਸ. ਦਇਆ ਸਿੰਘ ਜੀ ਕੱਕੜ ਦੀ ਅਗਵਾਈ 'ਚ ਸੈਂਕੜੇ-ਹਜ਼ਾਰਾਂ ਨਾਮਧਾਰੀ ਸਿੰਘਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਮੁਤਾਬਿਕ ਸ੍ਰੀ ਜਵਾਹਰ ਲਾਲ ਨਹਿਰੂ ਦੇ ਨਾਲ ਜਲੂਸ 'ਚ ਘੋੜਿਆਂ ਉਪਰ ਅਤੇ ਪੈਦਲ ਹਿਸਾ ਲਿਆ। ਸਾਰੇ ਇਕੱਠ ਦੇ ਲੰਗਰ ਦਾ ਪ੍ਰਬੰਧ ਸ੍ਰੀ ਸਤਿਗੁਰੂ ਜੀ ਵਲੋਂ ਸੀ, ਜਿਸ ਤੇ ਲਖਾਂ ਰੁਪਏ ਖਰਚ ਹੋਏ। ਜਦੋਂ ਹਜ਼ਾਰਾਂ ਦੀ ਤਾਦਾਦ 'ਚ ਅਕਾਲੀ ਸਿਖਾਂ ਨੇ ਇਸ ਇਕੱਠ 'ਚ ਆਉਣਾ ਪ੍ਰਵਾਨ ਕੀਤਾ ਤਾਂ ਮਾਸਟਰ ਤਾਰਾ ਸਿੰਘ ਤੇ ਬਾਬਾ ਗੁਰਦਿਤ ਸਿੰਘ ਜੀ ਨੂੰ ਇਨ੍ਹਾਂ ਦੇ ਲੰਗਰ ਆਦਿ ਦੇ ਪ੍ਰਬੰਧ ਦਾ ਫਿਕਰ ਲਗਾ ਤਾਂ ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕੀਤੀ ਕਿ ਰਸਦਾਂ ਅਸੀਂ ਲਿਆਉਂਦੇ ਹਾਂ ਪਰ ਲੰਗਰ ਆਪ ਤਿਆਰ ਕਰਵਾਉ। ਤਾਂ ਸ੍ਰੀ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਮਾਸਟਰ ਜੀ ਭਾਵੇਂ ਇਕ ਲੱਖ ਅਕਾਲੀ ਲੈ ਆਵੋ—ਲੰਗਰ ਸਭ ਨੂੰ ਖੁਲ੍ਹਾ ਮਿਲੇਗਾ ਪਰ ਰਸਦਾਂ ਅਸਾਂ ਨਹੀਂ ਲੈਣੀਆਂ। ਇਸੇ ਪ੍ਰਬੰਧ ਬਾਬਤ ਸੰਨ ੧੯੩੪ 'ਚ ਸਰਬ ਨਾਨਕ ਨਾਮ ਲੇਵਾ ਕਾਨਫਰੰਸ ਸ੍ਰੀ ਭੈਣੀ ਸਾਹਿਬ 'ਚ ਮਾਸਟਰ ਤਾਰਾ ਸਿੰਘ, ਬਾਬਾ ਗੁਰਦਿਤ ਸਿੰਘ, ਸ. ਤੇਜਾ ਸਿੰਘ ਚੂੰਹੜ ਆਦਿ ਅਕਾਲੀ ਲੀਡਰਾਂ ਨੇ ਤਕਰੀਰਾਂ ਕੀਤੀਆਂ ਕਿ "ਰਾਵੀ ਕੰਢੇ ਹੋਏ ਸ਼ੈਸ਼ਨ 'ਚ ਆਏ ਹਜ਼ਾਰਾਂ ਹੀ ਅਕਾਲੀਆਂ ਬਾਰੇ ਸਾਨੂੰ ਫਿਕਰ ਪਿਆ ਕਿ ਇਨ੍ਹਾਂ ਦਾ ਲੰਗਰ ਦਾ ਪ੍ਰਬੰਧ ਕਿਵੇਂ ਕਰਾਂਗੇ। ਪਰ ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ ਅਤੇ ਲੰਗਰ ਸਭ ਨੂੰ ਬਿਨਾਂ ਵਿਤਕਰੇ ਦੇ ਖੁਲ੍ਹਾ ਮਿਲਿਆ ਅਤੇ ਜੇਕਰ ਨਾਮ-ਧਾਰੀ ਲੰਗਰ ਦਾ ਪ੍ਰਬੰਧ ਨਾਂ ਹੁੰਦਾ ਤਾਂ ਉਥੇ ਇਕ ਵੀ ਅਕਾਲੀ ਨਜ਼ਰ ਨਾ ਆਉਂਦਾ ਪਰ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਅਕਾਲੀਆਂ ਤੇ ਇਹ ਕਲੰਕ ਨਹੀਂ ਲੱਗਾ। ਉਹਨਾਂ ਕਿਹਾ - ਅਫਰੀਨ ਹੈ ਨਾਮਧਾਰੀ ਪੰਥ ਦੇ ਆਗੂ ਸ੍ਰੀਮਾਨ ਬਾਬਾ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਸੁਚੱਜੀ ਅਗਵਾਈ ਦੇ, ਜਿਨ੍ਹਾਂ ਨੇ ਸਿਖਾਂ ਉਤੇ ਲਗਣ ਵਾਲੇ ਕਾਲੇ ਧਬੇ ਤੋਂ ਸਾਨੂੰ ਬਚਾ ਲਿਆ ਸੀ।

ਸੰਨ ੧੯੩੯ ਈ: 'ਚ ਸਟੇਟ ਪੀਪਲਜ਼ ਕਾਨਫਰੰਸ ਲੁਧਿਆਣਾ ਵਿਖੇ ਹੋਈ। ਜਿਸ ਵਿਚ ਦੇਸ਼ ਦੇ ਉਘੇ ਲੀਡਰ ਆਏ ਅਤੇ ਸਵਤੰਤਰਤਾ ਸੰਗਰਾਮ 'ਚ ਸਭ ਲੋਕਾਂ ਨੂੰ ਕੁੱਦਣ ਲਈ ਪ੍ਰੇਰਿਆ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਹਜ਼ਾਰਾਂ ਹੀ ਨਾਮਧਾਰੀ ਸਿਖਾਂ ਨੇ ਇਸ ਵਿਚ ਭਾਗ ਲਿਆ। ਸ੍ਰੀ ਜਵਾਹਰ ਲਾਲ ਨਹਿਰੂ ਤੇ ਸ੍ਰੀ ਸਤਿਗੁਰੂ ਜੀ ਦੀ ਅਗਵਾਈ ਹੇਠ ਹਜ਼ਾਰਾਂ ਦੀ ਤਾਦਾਦ 'ਚ ਆਮ ਲੋਕਾਂ ਤੇ ਨਾਮਧਾਰੀਆਂ ਨੇ ਘੋੜਿਆਂ ਤੇ ਅਤੇ ਪੈਦਲ ਚਲ ਅੰਗਰੇਜ਼ੀ ਰਾਜ ਵਿਰੁੱਧ ਜਲੂਸ ਕਢਿਆ। ਮਾਸਟਰ ਤਾਰਾ ਸਿੰਘ, ਡਾ: ਸੈਫੂਦੀਨ ਕਿਚਲੂ ਆਦਿ ਵੀ ਪੁਜੇ ਹੋਏ ਸਨ।



Sri Satguru Jagjit Singh Ji Elibrary NamdhariElibrary@gmail com

ਦੂਜੀ ਵੱਡੀ ਜੰਗ, ੧ ਸਤੰਬਰ ੧੯੩੯ ਤੋਂ ੧੯੪੫ ਈ: ਦੇ ਅੱਧ ਤਕ ਰਹੀ। ਇਸੇ ਵੇਲੇ ਭਾਰਤ 'ਚ ਵੀ ਜਾਗਰਤੀ ਆਈ। ਜਹਾਜ਼ਰਾਨੀ, ਪੁਲੀਸ ਅਤੇ ਫੌਜ ਨੇ ਵੀ ਬਗ਼ਾਵਤ ਕੀਤੀ ਅਤੇ ਅੰਗਰੇਜ਼ ਅਫਸਰਾਂ ਦੇ ਹੁਕਮ ਮੰਨਣੋਂ ਇਨਕਾਰ ਕੀਤਾ। ਬਰਤਾਨੀਆਂ ਨੇ ਲਾਰਡ ਵੇਵਲ ਨੂੰ ਇਹ ਕੰਮ ਸੌਂਪਿਆ ਕਿ ਕਿਵੇਂ ਨਾ ਕਿਵੇਂ ਭਾਰਤ 'ਚ ਉਨ੍ਹਾਂ ਦਾ ਰਾਜ ਬਚ ਰਹੇ। ਪਰ ਹਾਲਾਤ ਬਦਲ ਚੁਕੇ ਸਨ। ਸ਼ਿਮਲੇ ਸਭ ਰਾਜਸੀ ਪਾਰਟੀਆਂ ਦੇ ਮੁਖੀਆਂ ਨੂੰ ਸੱਦਿਆ ਗਿਆ। ਕਾਂਗਰਸ ਵਲੋਂ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ, ਸਰਦਾਰ ਪਟੇਲ, ਮੌਲਾਨਾ ਅਬਦੁਲ ਕਲਾਮ ਅਜ਼ਾਦ, ਕ੍ਰਿਪਲਾਨੀ, ਗੋਬਿੰਦ ਕਿਊਮ, ਸਿੱਖਾਂ ਵਲੋਂ ਮਾਸਟਰ ਤਾਰਾ ਸਿੰਘ, ਗਿ: ਕਰਤਾਰ ਸਿੰਘ ਆਦਿ ਸੱਦੇ ਗਏ। ਕਾਂਗਰਸ ਭਾਰਤ ਦੇ ਟੁਕੜੇ ਨਹੀਂ ਸੀ ਚਾਹੁੰਦੀ। ਪਰ ਮੁਸਲਿਮ ਲੀਗ ਵਖਰੀ ਹੀ ਰਹੀ। ਸਿਖ ਵੀ ਵਖਰੀ ਸਟੇਟ ਦੀ ਮੰਗ ਕਰ ਰਹੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਸੰਤ ਮੰਗਲ ਸਿੰਘ ਜੀ ਨੂੰ ਨਾਲ ਲੈ, ਹਜ਼ੂਰੀ ਜਥੇ ਸਮੇਤ ਸ਼ਿਮਲੇ ਗਏ ਅਤੇ ਡੇਰਾ ਭਗਤ ਜਸਵੰਤ ਸਿੰਘ ਘਰ ਕੀਤਾ। ਨੇੜੇ ਹੀ ਮਹਾਤਮਾ ਗਾਂਧੀ ਟਿਕੇ ਹੋਏ ਸਨ। ਸਮਰਹਿਲ ਦੇ ਡਾਕ ਬੰਗਲੇ ਕਾਂਗਰਸ ਲੀਡਰਾਂ ਤੇ ਹੋਰ ਦੇਸ਼-ਭਗਤਾਂ ਦੀ ਮੀਟਿੰਗ ਹੋ ਰਹੀ ਸੀ। ਸਤਿਗੁਰੂ ਜੀ ਵਲੋਂ ਸੰਤ ਰਤਨ ਸਿੰਘ ਜੀ ਉਥੇ ਗਏ। ਮੀਟਿੰਗ ਤੋਂ ਬਾਅਦ ਸੰਤ ਜੀ ਨਾਲ ਪੰਡਿਤ ਜਵਾਹਰ ਲਾਲ ਸ੍ਰੀ ਸਤਿਗੁਰੂ ਜੀ ਕੋਲ ਆਏ। ਪੰਡਿਤ ਜੀ, ਖਾਂ ਸਾਹਿਬ, ਸਰਹੱਦੀ ਗਾਂਧੀ ਆਦਿ ਹੋਰ ਲੀਡਰ ਜੁੜ ਗਏ। ਸ੍ਰੀ ਸਤਿਗੁਰੂ ਜੀ ਤੋਂ ਪੁਛਿਆ ਗਿਆ ਕਿ ਆਪ ਜੀ ਅਤੇ ਨਾਮਧਾਰੀ ਪੰਥ ਨੇ ਤਾਂ ਅਜ਼ਾਦੀ ਦੇ ਘੋਲ 'ਚ ਵਡਾ ਹਿੱਸਾ ਪਾਇਆ ਹੈ, ਆਪ ਜੀ ਦੀ ਕੀ ਮੰਗ ਹੈ। ਤਾਂ ਸਤਿਗੁਰੂ ਜੀ ਕਿਹਾ—"ਸਾਡਾ ਭਾਰਤ ਦੇਸ਼ ਅਜ਼ਾਦ ਹੋ ਰਿਹਾ ਹੈ, ਅਸੀਂ ਕੁਝ ਨਹੀਂ ਮੰਗਦੇ। ਸਿਰਫ ਇਹੋ ਹੀ ਚਾਹੁੰਦੇ ਹਾਂ ਕਿ ਦੇਸ਼ ਵਧੇ ਫੁਲੇ।" ਨਹਿਰੂ ਜੀ ਨੇ ਕਿਹਾ ਕਿ ਦੇਸ਼ ਅਜ਼ਾਦੀ ਦਾ ਮੁੱਢ ਤਾਂ ਆਪ ਵਲੋਂ ਹੀ ਬੱਝਾ ਹੈ ਅਤੇ ਸਿਰੇ ਚੜ੍ਹ ਰਿਹਾ ਹੈ। ਸ੍ਰੀ ਸਤਿਗੁਰੂ ਜੀ ਕਿਹਾ ਕਿ "ਅਸੀਂ ਤਾਂ ਸ਼ੁਰੂ ਤੋਂ ਹੀ ਕਾਂਗਰਸ ਦਾ ਦੇਸ਼-ਅਜ਼ਾਦੀ ਲਈ ਸਾਥ ਦਿਤਾ ਹੈ ਅਤੇ ਅਗਾਂਹ ਤੋਂ ਵੀ ਦਿੰਦੇ ਰਹਾਂਗੇ। ਮੇਰੇ ਵਲੋਂ ਜੋ ਲਿਖਣਾ ਚਾਹੋ, ਲਿਖ ਲੈਣਾ, ਮੈਂ ਕੋਰੇ ਕਾਗਜ਼ ਤੇ ਦਸਤਖਤ ਕਰ ਦਿੰਦਾ ਹਾਂ। ਕਿ ਅਸੀਂ ਕਾਂਗਰਸ ਦੇ ਨਾਲ ਹਾਂ ਤੇ ਰਹਾਂਗੇ।" ਇਹ ਸੁਣ ਸਭ ਨੇ ਜੈਕਾਰੇ ਬੁਲਾਏ। ਸ੍ਰੀ ਸਤਿਗੁਰੂ ਜੀ ਨੇ ਕਾਗਜ਼ ਤੇ ਦਸਤਖਤ ਕਰ ਦਿਤੇ ਅਤੇ ਪ੍ਰੈਸ 'ਚ ਰਿਪੋਰਟ ਦਿਤੀ ਗਈ। ਨਹਿਰੂ ਜੀ ਨੇ ਮਹਾਤਮਾ ਗਾਂਧੀ ਜੀ ਨੂੰ ਸਾਰੀ ਗੱਲ ਦਸੀ ਅਤੇ ਲਿਖਾਇਆ ਕਿ "ਸਿੱਖ ਪੰਥ ਕੇ ਗੁਰੂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀ ਹਮਾਰੇ ਸਾਥ ਹੈ।" ਇਹ ਗੱਲ ੨੫ ਜੂਨ, ੧੯੪੫ ਈ. ਦੀ ਹੈ।

ਜੇਕਰ ਡਾਕਟਰ ਰਾਜਿੰਦਰ ਪ੍ਰਸ਼ਾਦ ਜੀ ਭੈਣੀ ਸਾਹਿਬ ਆਏ ਤਾਂ ਦੁਖੀਆਂ ਦੇ ਦਰਦ, ਨੰਗ-ਭੁਖ ਵਜੋਂ ਪੰਜ ਸੌ ਗਜ਼ ਖੱਦਰ ਅਤੇ ਸੌ ਮਣ ਦਾਣੇ ਆਪ ਨੇ ਦਿਤੇ। ਜੇ ਕਦੀ ਪੰਡਿਤ ਜਵਾਹਰ ਲਾਲ ਨਹਿਰੂ ਕਾਲ-ਪੀੜਿਤਾਂ ਦੀ ਮਦਦ ਲਈ ਸ੍ਰੀ ਭੈਣੀ ਸਾਹਿਬ ਆਏ ਤਾਂ ਸ੍ਰੀ ਸਤਿਗੁਰੂ ਜੀ ਨੇ ਸੌ ਬੋਰੀ ਚਾਵਲ ਦਿਤੇ। ਜੋ ਬਟਵਾਰੇ ਬਾਦ ਸੰਗਤ ਦਾ ਦੁਖ ਦੇਖਿਆ ਤਾਂ ਅੰਮ੍ਰਿਤਸਰ, ਲੁਧਿਆਣੇ, ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਆਦਿ ਥਾਵਾਂ ਤੇ ਲੰਗਰ ਦੇ, ਇੰਤਜ਼ਾਮ ਦਾ ਖੁਲ੍ਹਾ ਪ੍ਰਬੰਧ ਕੀਤਾ ਅਤੇ ਡੇਢ ਲੱਖ ਰੁਪਿਆ ਕਰਜ਼ਾ ਚੁਕ ਕੇ, ਕੋਲ ਆਏ ਸਿਖਾਂ ਨੂੰ ਮੁਸ਼ਕਲਾਂ ਤੋਂ ਬਚਾਇਆ।

ਅਜ਼ਾਦੀ ਮਿਲਣ ਤੋਂ ਬਾਅਦ ਵੀ ਜਦੋਂ ਜਦੋਂ ਵੀ ਦੇਸ਼ ਤੇ ਭੀੜ ਬਣੀ, ਕਾਲ ਪਏ, ਲੋਕਾਂ ਤੇ ਕੁਦਰਤੀ ਔਕੜਾਂ ਆਈਆਂ ਤਾਂ ਆਪ ਜੀ ਨੇ ਦਿਲ ਖੋਲ੍ਹ ਕੇ ਮਦਦ ਕੀਤੀ ਅਤੇ ਕਿਸੇ ਵੀ ਦੇਸ਼-ਪ੍ਰਤੀ ਕੰਮ 'ਚ ਪਿਛੇ ਨਹੀਂ ਹਟੇ। ਇਹ ਸ੍ਰੀ ਸਤਿਗੁਰੂ ਜੀ ਦੇ ਜੀਵਨ 'ਚੋਂ—ਸਮੁੰਦਰ ਚੋਂ ਕਿਣਕਾ ਮਾਤਰ ਹੀ ਵਰਨਣ ਹੈ। ਜੋ ਕੁਝ ਉਨ੍ਹਾਂ ਨੇ ਦੇਸ਼ ਪ੍ਰਤਿ ਕੀਤਾ, ਉਹ ਇਕ ਲੰਮਾ ਇਤਿਹਾਸ ਹੈ ਅਤੇ ਕਹਿਣ ਤੇ ਲਿਖਣ ਤੋਂ ਪਰੇ ਹੈ।



Sri Satguru Jagjit Singh Ji Elibrary NamdhariElibrary@gmail.com

# ਸਿੱਖੀ ਨਾਲ ਪਿਆਰ

—ਤੇਗਬਹਾਦਰ ਸਿੰਘ 'ਤੇਗ'

ਆਰੇ ਨਾਲ ਚੀਰ

ਭਾਵੇਂ :-

ਚਰਖੀ ਤੇ ਚਾੜ੍ਹ ।

ਨੇਜਿਆਂ ਤੇ ਟੰਗ

ਭਾਵੇਂ :-

ਖੋਪਰ ਉਤਾਰ ।

ਜੀਂਦੇ ਨੂੰ ਸਾੜ

ਭਾਵੇਂ :-

ਤਵੀ ਉਤੇ ਚਾੜ੍ਹ ।

ਸਿੱਖੀ ਨਾਲ ਪਿਆਰ

ਸਾਨੂੰ :-

ਸਿੱਖੀ ਨਾਲ ਪਿਆਰ ।

ਬੰਦ ਬੰਦ ਕੱਟ

ਭਾਵੇਂ :-

ਫਾਂਸੀ ਉਤੇ ਚਾੜ੍ਹ ।

ਚਾਂਦਨੀ ਦੇ ਚੌਕ

ਭਾਵੇਂ :-

ਸੀਸ ਸਾਡੇ ਉਤਾਰ ।

ਜੇਲਾਂ 'ਚ ਤਾੜ

ਭਾਵੇਂ :-

ਤੋਪਾਂ ਅਗੇ ਰਾੜ੍ਹ ।

ਸਿੱਖੀ ਨਾਲ ਪਿਆਰ

ਸਾਨੂੰ :-

ਸਿੱਖੀ ਨਾਲ ਪਿਆਰ ।

ਦੇਗਾਂ 'ਚ ਉਬਾਲ

ਮਾਰ :

ਡਾਂਗਾਂ ਤਾੜ, ਤਾੜ ।

ਮਨ ਵਿਚ ਆਉਂਦਾ

ਨਹੀਂ :

ਸਾਡੇ ਇਹ ਖਿਆਲ ।

ਰਾਜ ! ਆਪਣਾ ਤੂੰ ਲਾਹ ਲੈ

ਭਾਵੇਂ :-

ਖੱਲੜੀ ਉਤਾਰ ।

ਸਿੱਖੀ ਨਾਲ ਪਿਆਰ

ਸਾਨੂੰ :-

ਸਿੱਖੀ ਨਾਲ ਪਿਆਰ ।

ਸਿੱਖੀ ਸਾਡੀ ਜਿੰਦ

ਸਿੱਖੀ ਸਾਡੀ ਜਾਨ ।

ਸਿੱਖੀ ਸਾਡੇ ਨੈਣ,

ਸਿੱਖੀ ਹੀ ਪ੍ਰਾਣ ।

ਸਿੱਖੀ ਤੋਂ ਜਾਈਏ,

ਸਦਾ ਕੁਰਬਾਣ ।

ਸਿੱਖੀ ਤੋਂ ਸਦਾ ।

ਅਸੀਂ ਬਲਿਹਾਰ ।

ਸਿੱਖੀ ਨਾਲ ਪਿਆਰ ।

ਸਾਨੂੰ :-

ਸਿੱਖੀ ਨਾਲ ਪਿਆਰ ।



Sri Satguru Jagjit Singh Ji Elibrary NamdhariElibrary@gmail.com

# ਇਤਿਹਾਸਕ ਗੁਰਦਵਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਹਰ ਘਾਟ, ਮਣੀ ਕਰਣ ਜ਼ਿਲਾ ਕੁਲੂ (ਹਿਮਾਚਲ)

ਉਤਮ ਪੌਣ ਪਾਣੀ ਵਾਲਾ ਇਹ ਅਤੀ ਸੁੰਦਰ ਅਸਥਾਨ ਕੁਦਰਤੀ ਨਜ਼ਾਰਿਆਂ ਅਤੇ ਉਚੇ ਬਰਫਾਨੀ ਪਰਬਤਾ ਵਿਚ ਘਿਰਿਆ ਹੋਇਆ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਹਰੀ ਹਰ ਘਾਟ, ਮਣੀ ਕਰਣ (ਕੁਲੂ) ਹੈ। ਹਿਮਾਚਲ ਪ੍ਰਦੇਸ਼ ਵਿਚ ਇਹ ਇਤਿਹਾਸਕ ਗੁਰਦਵਾਰਾ ਆਪਣੀ ਮਿਸਾਲ ਆਪ ਹੀ ਹੈ। ਇਸ ਅਸਥਾਨ ਤੇ ਗੁਰੂ ਮਹਾਰਾਜ ਦੀ ਕਿਰਪਾ ਅਤੇ ਸੰਤ ਬਾਬਾ ਨਰਾਇਣ ਹਰੀ ਜੀ ਦੇ ਉਦਮ ਨਾਲ ਦੋਵੇਂ ਵੇਲੇ ਇਲਾਹੀ ਬਾਣੀ ਦਾ ਕੀਰਤਨ ਹੁੰਦਾ ਹੈ, ਅਠੇ ਪਹਿਰ ਗੁਰੂ ਕਾ ਅਤੁਟ ਲੰਗਰ ਚਲਦਾ ਹੈ। ਹਿੰਦੂ, ਮੁਸਲਮ, ਸਿੱਖ, ਈਸਾਈ, ਬਿਨਾਂ ਭਿੰਨ ਭੇਦਾਂ ਦੇ ਸਭਨਾ ਦੀ



ਸ੍ਰੀ ਸਤਿਗੁਰੂ ਜੀ ਨਾਲ ਸੰਤ ਨਰਾਇਣ ਹਰੀ ਜੀ ਦਾ ਅਤੁਟ ਪ੍ਰੇਮ ਹੈ। ਇਸ ਗਲ ਦਾ ਸਾਨੂੰ ਉਦੋਂ ਪਤਾ ਲਗਾ ਜਦੋਂ ਛੋਟੇ ਠਾਕੁਰ ਉਦੇ ਸਿੰਘ ਜੀ ਦੀ ਅਗਵਾਈ 'ਚ ਅਸੀਂ ਉਥੇ ਪੁਜੇ। ਇਸ ਫੋਟੋ 'ਚ ਖੜੇ ਹਨ ਦਲੀਪ ਸਿੰਘ ਨਾਮਧਾਰੀ, ਸੰਤ ਨਰਾਇਣ ਹਰੀ ਜੀ ਅਤੇ ਸੰਤ ਆਤਮਾ ਸਿੰਘ ਸਨਖਤਰਵੀ



Sri Satguru Jagjit Singh Ji Elibrary NamdhariElibrary@gmail.com

ਸੰਵਾ ਸੰਭਾਲ ਹੁੰਦੀ ਹੈ। ਸੰਤ ਬਾਬਾ ਨਾਰਾਇਣ ਹਰੀ ਜੀ ਹਰ ਪ੍ਰਾਣੀ ਮਾਤਰ ਦੀ ਸੇਵਾ ਕਰ ਕੇ ਅਗਮੀ ਖੁਸ਼ੀ ਮਹਿਸੂਸ ਕਰਦੇ ਹਨ।

ਮਣੀ ਕਰਣ ਅਸਥਾਨ ਨੂੰ ਸਾਹਿਬਾਂ ਦੀ ਚਰਨ ਛੋਹ ਦੀ ਪਰਾਪਤੀ ਸਬੰਧੀ ਗਿ: ਗਿਆਨ ਸਿੰਘ ਜੀ ਆਪਣੀ ਲਿਖੀ ਜਨਮ ਸਾਖੀ ਦੇ ਪੰਨਾ ੧੬੫ ਤੇ ਇਹਨਾਂ ਸ਼ਬਦਾਂ ਵਿਚ ਵਰਨਣ ਕਰਦੇ ਹਨ :—

ਤਵਾਰੀਖ ਗੁਰੂ ਖਾਲਸਾ ਪੰਨਾ ੧੬੫

"ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ੧੫ ਅਸੂ ੧੫੭੪ ਬਿਕਰਮੀ ਨੂੰ ਭਾਈ ਬਾਲੇ ਮਰਦਾਨੇ ਨੂੰ ਸੰਗ ਲੈ ਕੇ ਉਤਰ ਖੰਡ ਦੇ ਸੈਲ ਕਰਨ ਦਾ ਅਰੰਭ ਕੀਤਾ। ਗੁਰੂ ਜੀ ਕਲਾਨੌਰ, ਗੁਰਦਾਸਪੁਰ, ਦਸੂਹੇ ਦੀ ਲੰਘਦੇ ਤਿਰਲੋਕ ਨਾਥ, ਪਾਲਮ ਪੁਰ, ਘਰੇਨਣ, ਕਾਂਗੜੇ ਹੁੰਦੇ ਹੋਏ ਜਵਾਲਾਮੁਖੀ ਦੇਵੀ ਦੇ ਮੰਦਰ ਪਾਸ ਜਾ ਉਤਰੇ। ਜਿਥੇ ਹੁਣ ਗੋਰਖ ਟਿਬੀ ਤੋਂ ਉਪਰ ਧਰਮਸ਼ਾਲਾ ਹੈ। ਇਥੇ ਅਰਜਨ ਨਾਗਾ ਤਪ ਕਰਦਾ ਹੁੰਦਾ ਸੀ, ਇਸ ਨੂੰ ਗਿਆਨ ਦਿਰੜਾਕੇ ਬਾਬਾ ਜੀ ਨੇ ਕਲਿਆਨ ਬਖਸ਼ੀ। ਉਥੋਂ ਚਲਕੇ ਮੰਡੀ ਵਾਲੇ ਰਾਜੇ ਨੂੰ ਸਚੇ ਪ੍ਰਭੂ ਦੀ ਭਗਤੀ ਵਿਚ ਲਾਇਆ ਅਤੇ ਆਪ ਰਵਾਲਸਰ ਪਹੁੰਚ ਗਏ। ਇਥੇ ਨਿਕੇ ਵੱਡੇ ਸਤ ਟਿਲੇ ਪੱਥਰ ਦੇ, ਝੀਲ ਵਿਚ ਤਰਦੇ ਫਿਰਦੇ ਵੇਖ ਕੇ ਕੁਦਰਤ ਕਰਤਾਰ ਦੀ ਵੇਖਦੇ ਹੋਏ ਚੰਦੇ ਦਾ ਸੈਲ ਕਰ ਕੁਲੂ ਦੇ ਰਾਜ ਵਿਚ ਬਿਜਲੀ ਮਹਾਂਦੇਵ ਜਾ ਵੇਖਿਆ। ਇਸ ਪਹਾੜ ਤੇ ਅਨੇਕ ਲੋਕਾਂ ਨੂੰ ਗਿਆਨ ਦਿਰੜਾ ਕੇ ਬਾਬਾ ਜੀ ਨੇ ਮੁਕਤ ਕੀਤਾ, ਫੇਰ ਬਰਹਮ ਕੋਠੀ ਨੂੰ ਹੁੰਦੇ ਹੋਏ ਮਣੀ ਕਰਣ ਤੀਰਥ ਪੁਰ ਜਾ ਬੈਠੇ। ਉਥੋਂ ਦੀ ਅਸਚਰਜ ਲੀਲਾ ਵੇਖ ਕੇ ਖੀਰ ਗੰਗਾ ਨਦੀ ਦੀ ਝਾਕੀ ਲੈ ਬਿਆਸ ਨਦੀ ਪਰ ਦੇਵ ਵੰਨੀ ਉਪਰ ਆਏ। ਦੂਣ ਪਹਲੂਰ ਨੂੰ ਵੇਖਦੇ ਹੋਏ ਕੀਰਤਪੁਰ ਦੇ ਪਾਸ ਜਾ ਬੈਠੇ।

ਉਪਰੋਕਤ ਸਾਖੀ ਤੋਂ ਸਤਿਗੁਰਾਂ ਦਾ ਮਣੀ ਕਰਣ ਅਸਥਾਨ ਤੇ ਪੁਜਣਾਂ ਤੇ ਉਸ ਆਲੇ ਦੁਆਲੇ ਸਾਰੇ ਇਲਾਕੇ ਨੂੰ ਤਾਰਨਾ ਸਪਸ਼ਟ ਹੈ। ਇਸੇ ਤਰਾਂ ਭਾਈ ਬਾਲੇ ਦੀ ਜਨਮ ਸਾਖੀ ਤੇ ਪੰਨਾ ੫੧੬ ਤੇ ਹੇਠ ਲਿਖੇ ਅਨੁਸਾਰ ਬਿਰਤਾਂਤ ਦਰਸਾਇਆਂ ਗਿਆ ਹੈ :—

ਸ੍ਰੀ ਗੁਰੂ ਨਾਨਕ ਦੇਵ ਜੀ ਜੀਵਾਂ ਦਾ ਉਧਾਰ ਕਰਦੇਂ ਮਣੀ ਕਰਣ ਵਿਖੇ ਜਾਏ ਪਰਾਪਤ ਹੋਇ ਅਤੇ ਮਰਦਾਨੇ ਕਿਹਾ ਹੇ ਭਗਵਾਨ ਜੀ ਜੇ ਆਗਿਆ ਕਰੋ ਤਾਂ ਇਸ ਧਰਤੀ ਵਿਚੋਂ ਆਹਾਰ ਲੈ ਆਵਾਂ ਤਾਂ ਗੁਰੂ ਜੀ ਨੇ ਕਿਹਾ ਹਛਾ ਭਾਈ ਤੇਰੀ ਮਰਜ਼ੀ। ਇਹ ਸੁਣ ਕੇ ਮਰਦਾਨਾ ਉਠ ਕੇ ਉਸ ਪਿੰਡ ਵਿਚ ਜਾ ਵੜਿਆ। ਉਹਨਾਂ ਲੋਕਾਂ ਨੇ ਮਰਦਾਨੇ ਨੂੰ ਰਸਦ ਦਿੱਤੀ। ਗੁਰੂ ਨੇ ਕਿਹਾ ਮਰਦਾਨਿਆਂ ਸ੍ਰੀ ਵਾਹਿਗੁਰੂ ਆਖ ਕੇ ਏਥੋਂ ਪੱਥਰ ਉਠਾਏ ਲੈ। ਜਾਂ ਮਰਦਾਨੇ ਉਥੋਂ ਪੱਥਰ ਚੁਕਿਆ ਤਾਂ ਉਸ ਪੱਥਰ ਹੇਠੋਂ ਬੜਾ ਸੁੰਦਰ ਕੁਦਰਤ ਦਾ ਗਰਮ ਕੁੰਡ ਨਿਕਲ ਆਇਆ। ਬਚਨ ਹੋਇਆ ਇਸ ਕੁੰਡ ਵਿਚ ਰੋਟੀਆਂ ਘੜ ਕਰ ਪਾਇ ਦੇਊ ਅਤੇ ਹੋਰ ਅਨਾਜ ਹੈ ਤਾਂ ਕਪੜੇ ਵਿਚ ਬੰਨ ਕੇ ਪਾਇ ਦੇ, ਪਰ ਵਾਹਿਗੁਰੂ ਆਖ ਕਰ, ਜਾਂ ਮਰਦਾਨੇ ਸ੍ਰੀ ਗੁਰੂ ਜੀ ਦਾ ਬਚਨ ਸੁਣਿਆ ਉਸੇ ਵੇਲੇ ਰੋਟੀਆਂ ਘੜ ਕੇ ਮਰਦਾਨੇ ਉਸ ਗਰਮ ਕੁੰਡ ਵਿਚ ਪਾਇ ਦਿਤੀਆਂ ਅਤੇ ਹੋਰ ਅੰਨ ਕਪੜੇ ਵਿਚ ਬੰਨ ਕੇ ਜਾਏ ਪਾਇਆ।

ਜਦੋਂ ਮਰਦਾਨੇ ਨੇ ਰੋਟੀਆਂ ਅੰਨ ਪਾਇਆ ਸਭੋ ਹੀ ਡੁਬ ਗਿਆ ਤਾਂ ਮਰਦਾਨੇ ਨੇ ਆਖਿਆ ਹੇ ਗੁਰੂ ਜੀ ਇਹ ਤਾਂ ਅਨਾਜ ਸਾਡਾ ਐਵੇਂ ਹੀ ਗਿਆ ਤਾਂ ਗੁਰੂ ਨਾਨਕ ਜੀ ਬਚਨ ਕੀਤਾ; ਮਰਦਾਨਿਆਂ ਤੂੰ ਵਾਹਿਗੁਰੂ ਆਖ ਕੇ ਕਹ-ਸਚੇ ਪਾਤਸ਼ਾਹ ਜੀ, ਜੇ ਕਰ ਸਾਡਾ ਅਨਾਜ ਨਿਕਲ ਆਵੇ ਤਾਂ ਮੈਂ ਇਕ ਰੋਟੀ ਤੇਰੇ ਨਾਮ ਦੇਵਾਂਗਾ। ਜਾਂ ਮਰਦਾਨੇ ਇਹ ਪਰਾਥਨਾ ਕੀਤੀ ਤਾਂ ਰੋਟੀਆਂ ਅਤੇ ਹੋਰ ਅਨਾਜ ਸਭ ਪਕ ਕੇ ਤਰ ਆਇਆ—ਤਾਂ ਗੁਰੂ ਜੀ ਨੇ ਕਿਹਾ ਸੁਣ ਮਰਦਾਨਿਆਂ ਇਸ ਤਰ੍ਹਾਂ ਜੋ ਮਨੁਖ ਸ੍ਰੀ ਪਰਮੇਸ਼ਰ ਜੀ ਦੇ ਨਾਮ ਦਿੰਦਾ ਹੈ ਤਾਂ ਉਸ ਦਾ ਡੁਬਾ ਹੂਆ ਨਿਕਲ ਆਵੇ ਇਹ ਸੁਣ ਕੇ ਮਰਦਾਨਾ ਸ੍ਰੀ ਗੁਰੂ ਜੀ ਦੀ ਚਰਨੀ ਲਗਾ ਤੇ ਕਹਿਓ ਕਿਰਪਾ ਨਿਧਾਨ ਜੀ ਆਪ ਧੰਨ ਹੋ ਜੀ। ਤਾਂ ਇਹ ਬਾਤ ਸਾਰੇ ਸ਼ਹਿਰ (ਪਿੰਡ) ਵਿਚ



Sri Satguru Jagjit Singh Ji Elibrary NamdhariElibrary@gmail.com

ਸੁਣੀ ਗਈ—ਭਾਈ ਇਹ ਫ਼ਕੀਰ ਤਾਂ ਕੋਈ ਪਰਮੇਸ਼ਰ ਦਾ ਪਿਆਰਾ ਹੈ। ਇਹ ਤੇ ਕੋਈ ਮਹਾਂਪੁਰਸ਼ ਵਡਾ ਕਲਾਵਾਨ ਹੈ। ਫੇਰ ਉਸ ਦੇਸ਼ ਦੇ ਰਾਜੇ ਨੇ ਸੁਣਿਆ ਵਜ਼ੀਰ ਮਸਦੀ ਅਤੇ ਰਾਜ ਦੇ ਲੋਕ ਨਾਲ ਲੈ ਆਂਦੇ। ਸਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨੀ ਲਗੇ ਗੁਰੂ ਨਾਨਕ ਦੇਵ ਨੇ ਬਚਨ ਕੀਤਾ ਹੇ ਭਾਈ ਪਰਮੇਸ਼ਵਰ ਦੇ ਲੋਕੋ :—

ਵਾਸਦੇਵ ਸਰਬਤ ਮਹਿ ਊਨ ਨਾ ਕਤਹੂ ਠਾਇ ॥
ਅੰਤਰ ਬਾਹਰਿ ਸੰਗ ਹੈ ਨਾਨਕ ਕਾਇ ਦੁਰਾਇ ॥

ਉਹ ਪਰਮੇਸ਼ਵਰ ਸਰਬ ਅਸਥਾਨ ਮੇਂ ਵਸਦਾ ਹੈ ਜਿਥੇ ਕਿਥੇ ਹਾਜ਼ਰ ਹਜ਼ੂਰ ਹੈ। ਕੋਈ ਅਸਥਾਨ ਐਸਾ ਨਹੀਂ ਜਿਥੇ ਉਹ ਨਹੀਂ। ਸਾਰੀ ਜਗ੍ਹਾ ਪਰਮੇਸ਼ਵਰ ਵਰਤਦਾ ਹੈ, ਅੰਗ ਸੰਗ ਹੈ, ਜਹਾਂ ਕਹਾਂ ਲੋਕ ਪਰਲੋਕ ਵਿਚ ਸਹਾਇਕ ਹਮੇਸ਼ਾਂ, ਉਸ ਕੋਲੋਂ ਕੁਝ ਛੁਪਿਆ ਨਹੀਂ। ਤੁਸੀਂ ਵੀ ਇਸ ਪਰਮੇਸ਼ਰ ਜੀ ਦੇ ਨਾਮ ਦਾ ਜਾਪ ਕਰੋ ਤੁਹਾਡਾ ਵੀ ਭਲਾ ਹੋਵੇਗਾ। ਤੁਹਾਡੀ ਕਲਿਆਣ ਤਾਂ ਹੀ ਹੋਵੇਗੀ ਜੇ ਤੁਸੀਂ ਆਪਣੀ ਕਮਾਈ ਵਿਚੋਂ ਸਾਧ ਸੰਤ ਦੀ ਸੇਵਾ ਕਰੋਗੇ, ਏਥੇ ਧਰਮਸ਼ਾਲ ਬਣਾਓ, ਆਏ ਅਭਿਆਗਤ ਦੀ ਸੇਵਾ ਕਰਨੀ, ਤਾਂ ਪਰਮ ਧਾਮ ਕੋ ਪਰਾਪਤ ਹੋਵੋਗੇ।

ਉਪਰੋਕਤ ਦੋਵੇਂ ਸਾਖੀਆਂ ਇਸ ਗੱਲ ਦੀ ਸਾਖੀ ਭਰਦੀਆਂ ਹਨ ਕਿ ਗੁਰੂ ਮਹਾਰਾਜ ਨੇ ਆਪਣੀ ਚਰਨ ਛੋਹ ਨਾਲ ਇਸ ਧਰਤੀ ਨੂੰ ਪਵਿਤਰ ਕੀਤਾ। ਸਤਿਗੁਰਾਂ ਦਾ ਪ੍ਰਗਟਾਇਆ ਉਹ ਗਰਮ ਚਸ਼ਮਾਂ ਅਜ ਤਕ ਉਸੇ ਤਰ੍ਹਾਂ ਚਲ ਰਿਹਾ ਹੈ। ਅਜ ਵੀ ਉਸ ਵਿਚ ਲੰਗਰ ਪਕਦਾ ਹੈ।

ਸ੍ਰੀ ਮਾਨ ਸੰਤ ਨਰਾਇਣ ਹਰੀ ਜੀ ਸੰਮਤ ੧੯੯੭ ਬਿਕ੍ਰਮੀ ਅਤੇ ਈਸਵੀ ਸਨ ੧੯੪੦ ਤੋਂ ਇਸ ਅਸਥਾਨ ਦੀ ਸੇਵਾ ਸੰਭਾਲ ਕਰ ਰਹੇ ਹਨ ਆਪ ਸੇਵਾ ਦੇ ਪੁੰਜ ਅਤੇ ਲੰਗਰ ਦੇ ਧਨੀ ਹਨ ਹਜ਼ਾਰਾਂ ਯਾਤਰੂ ਇਸ ਪਵਿਤਰ ਅਸਥਾਨ ਦੇ ਦਰਸ਼ਨਾਂ ਲਈ ਆਉਂਦੇ ਹਨ। ਸੰਤਾਂ ਵਲੋਂ ਲੰਗਰ—ਰਿਹਾਇਸ਼ ਆਦਿ ਹਰ ਤਰ੍ਹਾਂ ਦੀ ਸੇਵਾ ਸੰਭਾਲ ਹੁੰਦੀ ਹੈ ਤੇ ਹਰ ਯਾਤਰੂ ਇਸ ਡੇਰੇ ਤੋਂ ਗਦ ਗਦ ਹੋ ਕੇ ਜਾਂਦਾ ਹੈ। ਗੁਰਦਵਾਰਾ ਸਾਹਿਬ ਦੀ ਪੰਜ ਮੰਜ਼ਲਾ ਬਹੁਤ ਹੀ ਸੁੰਦਰ ਇਮਾਰਤ ਬਣੀ ਹੋਈ ਹੈ। ੨੪ ਘੰਟੇ ਲੰਗਰ ਚਲਦਾ ਹੈ, ਵਾਤਾਵਰਣ ਬਹੁਤ ਹੀ ਸ਼ਾਂਤ ਅਤੇ ਪਹਾੜਾਂ ਦੇ ਹਰੇ ਭਰੇ ਨਜ਼ਾਰਿਆਂ ਨਾਲ ਭਰਪੂਰ, ਲੁਭਾਏ ਮਾਨ ਹੈ।

ਗਰਮ ਚਸ਼ਮੇ ਦਾ ਪਵਿਤਰ ਜਲ ਲਾਗੇ ਹੀ ਬਣੇ ਗੁਰੂ ਨਾਨਕ ਹਰੀ ਹਰ ਸਰੋਵਰ ਵਿਚ ਜਾਂਦਾ ਹੈ। ਜਲ ਇਤਨਾ ਸੁਖਾਵਾਂ ਹੈ ਜਿਸ ਵਿਚ ਆਸਾਨੀ ਨਾਲ ਇਸ਼ਨਾਨ ਹੋ ਸਕਦੇ ਹਨ। ਦੂਰ ਦੁਰਾਡਿਉਂ ਆਏ ਯਾਤਰੀ ਜਦ ਇਸ ਸਰੋਵਰ ਵਿਚ ਇਸ਼ਨਾਨ ਕਰਦੇ ਹਨ ਤਾਂ ਇਸ ਸਰੋਵਰ ਦੇ ਗਰਮ ਜਲ ਨਾਲ ਸਾਰੀਆਂ ਥਕਾਨਾਂ ਤੁਰੰਤ ਦੂਰ ਹੋ ਜਾਂਦੀਆਂ ਹਨ। ਇਉਂ ਕਿਹਾ ਜਾਂਦਾ ਹੈ ਕਿ ਸਰੋਵਰ ਵਿਚ ਲਗਾਤਾਰ ਕੁਝ ਦਿਨ ਇਸ਼ਨਾਨ ਕਰਨ ਨਾਲ ਕਈ ਪਰਕਾਰ ਦੀਆਂ ਦਰਦਾਂ ਰੋਗ ਅਧਰੰਗ ਆਦੀ ਹਟ ਜਾਂਦੇ ਹਨ, ਦਰਦਾਂ ਨਾਲ ਪੀੜਤ ਅਜਿਹੇ ਰੋਗੀ ਜਿਨ੍ਹਾਂ ਦੇ ਅੰਗ ਜੁੜ ਚੁਕੇ ਸਨ, ਇਸ ਪਵਿਤਰ ਸਰੋਵਰ ਵਿਚ ਕੁਝ ਦਿਨ ਨਿਯਮ ਨਾਲ ਇਸ਼ਨਾਨ ਕਰਕੇ ਗੁਰੂ ਨਾਨਕ ਦੇਵ ਜੀ ਦੀ ਅਪਾਰ ਕਿਰਪਾ ਦੁਆਰਾ ਤੰਦਰੁਸਤ ਹੋ ਕੇ ਗਏ ਹਨ।

ਇਸ ਮਹਾਨ ਤੀਰਥ ਅਸਥਾਨ ਦਾ ਸੁੰਦਰ ਵਾਤਾਵਰਨ ਗਰਮ ਚਸ਼ਮੇ ਦੇ ਦੀਦਾਰ, ਪਵਿਤਰ ਸਰੋਵਰ ਦੇ ਇਸ਼ਨਾਨ; ਸੰਤ ਨਾਰਾਇਣ ਹਰੀ ਜੀ ਦੀ ਮਨਮੋਹਣੀ ਮੁਸਕਰਾਹਟ ਅਤੇ ਸੇਵਾ ਸੰਭਾਲ ਇਸ ਅਸਥਾਨ ਦੀਆਂ ਅਭੁਲ ਯਾਦਾਂ ਹਨ।

— —



Sri Satguru Jagjit Singh Ji Elibrary NamdhariElibrary@gmail.com

ਸੰਖੇਪ ਇਤਿਹਾਸ :

# ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਰਜਿ:)

**ਦਲੀਪ ਸਿੰਘ ਨਾਮਧਾਰੀ**

ਪ੍ਰਧਾਨ :—ਸ: ਹਿ: ਨਾ: ਵਿ: ਜੱਥਾ

ਆਦਿ ਕਾਲ ਤੋਂ ਇਹ ਪ੍ਰੰਪਰਾ ਚਲੀ ਆਈ ਹੈ, ਲੋਕ ਭਲਾਈ ਹਿਤ, ਕੁਰਾਹੀਆਂ ਨੂੰ ਰਸਤਾ ਦਿਖਾਣ ਲਈ, ਅਧਰਮੀਆਂ ਨੂੰ ਧਰਮੀ ਬਣਾਨ ਖਾਤਰ, ਦੁਰਾਚਾਰ ਦਾ ਨਾਸ ਕਰਨ ਲਈ ਅਕਾਲ ਪੁਰਖ, 'ਪੁਰਖ ਰੂਪ' ਧਾਰ ਕੇ ਮਾਤਲੋਕ ਤੇ ਵਿਚਰਦਾ ਰਹਿੰਦਾ ਹੈ। ਬਾਣੀ ਗਵਾਹੀ ਦਿੰਦੀ ਹੈ :—

"ਸਤਜੁਗਿ ਤੈ ਮਾਣਿਓ, ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ, ਰਾਮ ਰਘੁਵੰਸ ਕਹਾਇਓ ॥ ਦੁਆਪਰਿ ਕ੍ਰਿਸਨ ਮੁਰਾਰਿ, ਕੰਸ ਕਿਰਤਾਰਥ ਕੀਓ ॥ ਉਗ੍ਰਸੈਣ ਕਉ ਰਾਜ, ਅਭੈ ਭਗਤਹ ਜਨ ਦੀਓ ॥ ਕਲਿਜੁਗ ਪ੍ਰਮਾਣ, ਨਾਨਕ ਗੁਰੁ ਅੰਗਦੁ ਅਮਰ ਕਹਾਇਓ ॥ ਸ੍ਰੀ ਗੁਰੂ ਰਾਜ ਅਬਿਚਲ ਅਟਲ ਆਦਿ ਪੁਰਖਿ ਫੁਰਮਾਇਓ ॥"

ਕਲਿਜੁਗ ਪਿਛਲੇਰੇ ਜੁਗਾਂ ਦਾ ਆਗੂ ਹੈ, "ਕੂੜ ਕਿਰਿਆ ਵਿਚ।" ਇਸ ਦੇ ਚੱਕਰ ਵਿਚੋਂ ਕੇਵਲ ਉਹ ਹੀ ਬਚ ਨਿਕਲਣਗੇ ਜੋ ਵਕਤ ਦੇ ਸੱਚੇ ਹਾਕਮ ਸਤਿਗੁਰੂ ਦੇ ਚਰਨਾਂ ਵਿਚ ਜਾ ਉਸ ਦਾ ਹੁਕਮ ਮੰਨ, ਉਸ ਦੇ ਪਾਏ ਪੂਰਨਿਆਂ ਤੇ ਚਲਣਗੇ।

ਸਤਿਗੁਰੂ ਦਾ ਇਹ ਬਿਰਧ ਹੈ ਕਿ ਉਹ ਭੁਲੜਾਂ ਨੂੰ ਸਮਝਾਉਣ ਲਈ ਸਿਧਾ ਤੇ ਸਾਦਾ ਢੰਗ ਅਪਣਾਉਂਦਾ ਹੈ ਤੇ ਇਸੇ ਅੰਗ ਨੂੰ ਪਾਲਦੇ **ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ** ਵਿਸ਼ਵ ਭਲਾਈ ਲਈ ਹਰ ਵਕਤ ਕੁਝ ਨਾ ਕੁਝ ਕਰਦੇ ਤੇ ਸੋਚਦੇ ਰਹਿੰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਆਪਣੇ ਅਤਿ ਰੁਝੇਵਿਆਂ ਵਿਚੋਂ ਬੱਚਿਆਂ ਲਈ ਇਕ ਨਵੇਕਲਾ ਸਮਾਂ ਕਢਿਆ। ਬੱਚਿਆਂ ਨੂੰ ਆਪਣਾ ਨਿੱਘਾ ਪਿਆਰ ਦੇ ਕੇ ਜੀਉਣ ਦਾ ਢੰਗ ਦਸਿਆ ਅਤੇ ਦਸ ਰਹੇ ਹਨ।

ਸ੍ਰੀ ਸਤਿਗੁਰੂ ਜੀ ਦੀ ਇਹ ਦਿਲੀ ਚਾਹ ਹੈ ਕਿ ਨਾਮਧਾਰੀ ਬੱਚੇ ਉੱਚੇ ਤੇ ਸੁੱਚੇ ਆਚਰਣ ਦੇ ਮਾਲਕ ਹੋਣ। ਉਹ ਆਪਣੇ ਸਤਿਗੁਰਾਂ ਦੇ ਚਲਾਏ ਮਿਸ਼ਨ ਤੇ ਚਲ ਕੇ ਇਕ ਅਮਲੀ ਜੀਵਣ ਜੀਉਣ। ਉਹਨਾਂ ਦੀ ਰਹਿਣੀ ਬਹਿਣੀ ਵਿਚੋਂ ਇਕ ਅਜਿਹੀ ਮਹਿਕ ਉਠੇ ਕਿ ਜਿਥੇ ਵੀ ਉਹ ਰਹਿਣ ਉਨ੍ਹਾਂ ਦਾ ਆਲਾ-ਦੁਆਲਾ ਉਸ ਸੁਗੰਧੀ ਨਾਲ ਮਹਿਕ ਜਾਵੇ।

**ਸਥਾਪਤੀ :—**

ਇਸੇ ਮਨੋ ਭਾਵ ਨਾਲ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਨੌਜਵਾਨਾਂ ਦੀ ਇਕ ਵਿਸ਼ੇਸ਼ ਇਕੱਤ੍ਰਤਾ ਸ੍ਰੀ ਭੈਣੀ ਸਾਹਿਬ ਵਿਖੇ 1 ਸਤੰਬਰ 1962 (16 ਭਾਦਰੋਂ 2019) ਨੂੰ ਬੁਲਾਈ। ਉਨ੍ਹਾਂ ਨੂੰ ਪਿਆਰ ਨਾਲ ਸਮਝਾਇਆ ਕਿ ਸਾਡਾ ਵਿਰਸਾ ਕੀ ਹੈ ਤੇ ਅਸੀਂ ਕਿਸ ਪਾਸੇ ਵਲ ਜਾ ਰਹੇ ਹਾਂ। ਸਾਡਾ ਜੀਵਨ ਕਿਤਨਾ ਕੀਮਤੀ ਹੈ, ਅਣਮੁੱਲਾ ਹੈ, ਅਸੀਂ ਦੁਨੀਆਂ ਲਈ ਚਾਨਣ ਮੁਨਾਰਾ ਬਨਣਾ ਹੈ। ਇਸ ਇਕੱਤ੍ਰਤਾ ਵਿਚ ਹਾਜ਼ਰੀ ਭਾਵੇਂ ਘੱਟ ਸੀ ਪਰ ਗਰੀਬ ਨਿਵਾਜ ਜੀ ਨੇ ਨੌਜਵਾਨਾਂ ਨੂੰ ਸੰਗਠਤ ਕਰਕੇ ਸੰਸਥਾ ਦਾ ਰੂਪ ਦੇ ਦਿਤਾ। ਜਿਸ ਦਾ ਨਾਂ ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ ਰਖਿਆ, ਬਾਅਦ ਵਿਚ ਜੋ ਕਿ (ਰਜਿ:) ਬਾਡੀ ਬਣ ਗਈ।

**ਉਪਰੰਤ:**—ਭਾਵੇਂ ਸ੍ਰੀ ਸਤਿਗੁਰੂ ਜੀ ਨੇ ਸਾਨੂੰ



Sri Satguru Jagjit Singh Ji Elibrary NamdhariElibrary@gmail.com

ਸੰਗਠਨ ਤਾਂ ਕਰ ਦਿਤਾ ਸੀ ਪਰ ਅਸੀਂ ਆਪ ਜੀ ਦੇ ਮੰਤਵਾਂ ਦੀ ਪੂਰਤੀ ਵਿਚ ਪੂਰੀ ਤਰ੍ਹਾਂ ਸਫਲ ਨਾ ਹੋ ਸਕੇ । ਇਸ ਕਮੀ ਨੂੰ ਦੂਰ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ ਸਾਡੇ ਤੇ ਹੋਰ ਕ੍ਰਿਪਾ ਕੀਤੀ ਤੇ ਇਹ ਵਰਤਮਾਨ ਸਾਲਾਨਾ ਸੰਮੇਲਨਾਂ ਦਾ ਪ੍ਰਾਰੰਭ 31 ਮਈ 1965 (18 ਜੇਠ 2022) ਤੋਂ 6 ਜੂਨ 1965 (24 ਜੇਠ 2022) ਤਕ ਸ੍ਰੀ ਭੈਣੀ ਸਾਹਿਬ ਦੀ ਧਰਤੀ ਤੋਂ ਕੀਤਾ । ਜਿਸ ਵਿਚ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਤੋਂ 200 ਦੇ ਕਰੀਬ ਨੌਜਵਾਨਾਂ ਨੇ ਭਾਗ ਲਿਆ ।

ਸ਼ੁਰੂ ਸ਼ੁਰੂ ਵਿਚ ਇਸ ਸੰਸਥਾ ਤੇ ਬਹੁਤ ਕਠਨਾਈਆਂ ਆਈਆਂ ਪਰ ਸ੍ਰੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਇਹ ਸੰਸਥਾ ਅਗੇ ਵਧਦੀ ਗਈ। ਜਿਉਂ ਜਿਉਂ ਸੰਮੇਲਣ ਹੁੰਦੇ ਗਏ ਨੌਜਵਾਨਾਂ ਦਾ ਜੋਸ਼ ਵਧਦਾ ਗਿਆ । ਸਿੱਟੇ ਵਜੋਂ ਇਸ ਦੇ ਸਲਾਨਾ ਸੰਮੇਲਣ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਮੰਡੀ (ਹਿਮਾਚਲ) ਦਿੱਲੀ, ਸ੍ਰੀ ਜੀਵਨ ਨਗਰ, ਡਾਲਟਨ ਗੰਜ (ਬਿਹਾਰ) ਜਲੰਧਰ, ਜੰਮੂ ਆਦਿ ਥਾਵਾਂ ਤੇ ਵੀ ਹੋਏ ।

ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਪਹਿਲੇ ਪ੍ਰਧਾਨ ਮਾਸਟਰ ਨਿਹਾਲ ਸਿੰਘ ਜੀ ਥਾਪੇ ਗਏ । ਜਿਨ੍ਹਾਂ ਦੀ ਰਹਿਨੁਮਾਈ ਹੇਠ ਸੰਸਥਾ ਨੇ ਕਾਫੀ ਤਰੱਕੀ ਕੀਤੀ। ਮਾਸਟਰ ਅਜੀਤ ਸਿੰਘ ਜੀ ਚੀਮਾ ਨੇ ਆਪਣੇ ਪ੍ਰਧਾਨਗੀ ਕਾਲ ਵਿਚ ਸੰਸਥਾ ਦੀ ਜੜ੍ਹ ਨੂੰ ਹੋਰ ਪਕੇਰਿਆਂ ਕੀਤਾ । ਸ: ਪ੍ਰੀਤਮ ਸਿੰਘ ਜੀ ਜੰਮੂ ਜਥੇ ਦੀ ਪ੍ਰਧਾਨਗੀ ਦੀ ਸੇਵਾ ਦੌਰਾਨ ਹੀ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸਰੀਰ ਛਡ ਗਏ ਅਤੇ ਉਨ੍ਹਾਂ ਦੀ ਘਾਟ ਨੂੰ ਸੰਤ ਜਗਦੀਸ਼ ਸਿੰਘ ਜੀ ਸੰਪਾਦਕ ਵਰਿਆਮ ਜਲੰਧਰ ਵਾਲਿਆਂ ਨੇ ਦੂਰ ਕੀਤਾ । ਸਿੱਟੇ ਵਜੋਂ ਸੰਸਥਾ ਦੀ ਦੇਣ ਹਨ, ਇਹ ਸੰਗੀਤਕਾਰ, ਹਾਕੀ ਦੇ ਖਿਡਾਰੀ ਲਿਖਾਰੀ ਤੇ ਕਵੀ ਆਦਿ । ਜਿਹੜੇ ਕਿ ਦੇਸ਼ ਪ੍ਰਦੇਸ਼ ਵਿਚ ਇਸ ਸੰਸਥਾ ਦਾ ਨਾਮ ਉੱਚਾ ਕਰ ਰਹੇ ਹਨ ਤੇ ਇਹ ਜੋ ਨਿਰਿਖਿਅਕ ਆਪ ਪੜ੍ਹਦੇ ਹੋ ਇਸ ਦਾ ਪ੍ਰਕਾਸ਼ਨ ਨਾਮਧਾਰੀ ਵਿਦਿਅਕ ਜੱਥਾ ਲੁਧਿਆਣਾ ਕਰਦਾ ਹੈ ।

ਓੜਕੀਂ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਅਠਾਰ੍ਹਵੇਂ ਸਲਾਨਾ ਸੰਮੇਲਨ ਜੋ ਕਿ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਹੋਇਆ ਪ੍ਰਧਾਨਗੀ ਦੀ ਸੇਵਾ ਸ੍ਰੀ ਸਤਿਗੁਰੂ ਜੀ ਨੇ ਦਾਸ ਨੂੰ ਸੌਂਪੀ ਤੇ ਮੇਰੇ ਨਾਲ ਅਜੀਤ ਸਿੰਘ ਸਕੱਤਰ ਤੇ ਸੁਖਵਿੰਦਰ ਸਿੰਘ ਜੀ ਖਜ਼ਾਨਚੀ ਦੇ ਤੌਰ ਤੇ ਸੇਵਾ ਕਰ ਰਹੇ ਹਨ । ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਨ ਸਾਨੂੰ ਬਲ ਬਖਸ਼ਣ ਤਾਂ ਜੁ ਅਸੀਂ ਇਸ ਸਸਥਾ ਦੀ ਵੱਧ ਤੋਂ ਵੱਧ ਸੇਵਾ ਕਰ ਸਕੀਏ ।

ਇਸ ਵੇਲੇ ਸੰਸਥਾ ਦੀ ਹਾਲਤ ਪਤਲੀ ਹੈ ਪਤਾ ਨਹੀਂ ਕਿਉਂ ਸਾਡੇ ਨੌਜਵਾਨ ਇਸ ਵਲ ਧਿਆਨ ਨਹੀਂ ਦੇ ਰਹੇ । ਲੋਕਲ ਜਥਿਆਂ ਦਾ ਸੰਗਠਨ ਬਹੁਤ ਕਮਜ਼ੋਰ ਹੋ ਚੁਕਾ ਹੈ । ਸਿੱਟੇ ਵਜੋਂ ਸਾਡੀ ਸੰਸਥਾ ਦਾ ਘੇਰਾ ਦਿਨੋ ਦਿਨ ਸੁੰਗੜਦਾ ਜਾ ਰਿਹਾ ਹੈ । ਇਨ੍ਹਾਂ ਸਭ ਹਲਾਤਾਂ ਨੂੰ ਮਦੇਨਜ਼ਰ ਰਖਦੇ ਹੋਏ ਸਭ ਤੋਂ ਪਹਿਲਾ ਅਸੀਂ ਸਥਾਨਿਕ ਜਥਿਆਂ ਦਾ ਮੁੜ ਸੰਗਠਨ ਆਰੰਭਿਆ ਹੈ । ਨਿਜੀ ਤੌਰ ਤੇ ਜਮਨਾ ਨਗਰ, ਦਿੱਲੀ, ਲੁਧਿਆਣਾ, ਅੰਮ੍ਰਿਤਸਰ, ਬਟਾਲਾ-ਗੁਰਦਾਸਪੁਰ, ਜੰਮੂ, ਮੰਡੀ ਤੇ ਭੂੰਤਰ ਤੇ ਸੁੰਦਰ ਨਗਰ ਦੇ ਨੌਜਵਾਨਾਂ ਨੂੰ ਮੁੜ ਇਕੱਠਿਆਂ ਕੀਤਾ ਹੈ, ਬਾਕੀ ਜੱਥਿਆਂ ਨਾਲ ਚਿੱਠੀ ਪੱਤਰ ਰਾਹੀਂ ਸੰਪਰਕ ਕੀਤਾ ਹੈ । ਸਾਨੂੰ ਕਾਫੀ ਸਫਲਤਾ ਮਿਲੀ ਹੈ ।

ਅਸੀਂ ਤੁਹਾਨੂੰ ਸਰਕੂਲਰ (ਆਮ ਸੂਚਨਾ ਅਤੇ ਜਾਣਕਾਰੀ ਵਾਲੀ ਚਿਠੀ) ਨੰ: 1 ਤੇ 2 ਡਾਕ ਰਾਹੀਂ ਭੇਜੇ ਸਨ ਪਰ ਸਾਰਿਆਂ ਦੇ ਐਡਰੈਸ ਨਾ ਹੋਣ ਕਾਰਣ ਇਹ ਕਈਆਂ ਕੋਲ ਨਹੀਂ ਪੁਜ ਸਕੇ । ਅਸੀਂ ਉਹ ਸਰਕੂਲਰ ਇਥੇ ਤੁਹਾਡੀ ਜਾਣਕਾਰੀ ਹਿਤ ਦੇ ਰਹੇ ਹਾਂ ਅਤੇ ਤੀਜਾ ਸਰਕੂਲਰ ਵੀ ਨਾਲ ਹੀ ਛਾਪ ਰਹੇ ਹਾਂ ।

ਨੌਜੁਆਨਾਂ ਨਾਲ ਸੰਪਰਕ ਕਰਨ ਤੇ ਇਹ ਪਤਾ ਲਗਾ ਹੈ ਕਿ ਉਹਨਾਂ ਨੂੰ ਪੂਰਨ ਰੂਪ ਵਿਚ ਇਸ ਸੰਸਥਾ ਦੇ ਨਿਯਮਾਂ ਤੇ ਉਪਨਿਯਮਾਂ ਦੀ ਜਾਣਕਾਰੀ ਨਹੀਂ । ਉਹਨਾਂ ਦੀ ਸਹੂਲਤ ਲਈ ਹੇਠਾਂ ਦੇ ਰਿਹਾ ਹਾਂ ।

ਤੁਸੀਂ ਸਾਨੂੰ ਸਹਿਯੋਗ ਦੇਵੋ ਤਾਂ ਜੁ ਅਸੀਂ ਵੱਧ ਤੋਂ ਵੱਧ ਸੇਵਾ ਕਰ ਸਕੀਏ । ਸਾਡੀ ਇਹ ਅਰਜ਼ ਹੈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਕਿ ਉਹ ਸਦਾ ਸਾਨੂੰ ਆਪਣਾ ਪ੍ਰੇਮ, ਹਮਦਰਦੀ ਤੇ ਸੇਧ ਦਿੰਦੇ ਰਹਿਣ ਤਾਂ ਜੁ ਅਸੀਂ ਉਹਨਾਂ ਦੇ ਪਾਏ ਪੂਰਨਿਆਂ ਤੇ ਚਲ ਸਕੀਏ ।



Sri Satguru Jagjit Singh Ji Elibrary NamdhariElibrary@gmail.com

# ਨਿਯਮ ਤੇ ਉਪਨਿਯਮ

## *ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਰਜਿ:)*

ਨੋਟ : ਇਹ ਨਿਯਮਾਵਲੀ "ਕੇਂਦਰ ਕਾਰਜ ਕਾਰਨੀ ਸਭਾ" ਦੇ ਮੈਂਬਰਾਂ ਨੇ ਤਿਆਰ ਕੀਤੀ ਤੇ ਆਮ ਸਭਾ ਵਿਚ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਪੜ੍ਹ ਕੇ ਸੁਣਾਈ ਗਈ।

(੧) **ਨਾਮ :** ਇਸ ਸੰਸਥਾ ਦਾ ਨਾਮ ਸਰਬ ਹਿੰਦ ਨਾਮਧਾਰੀ ਵਿਦਿਅਕ ਜਥਾ (ਰਜਿ:) ਹੋਵੇਗਾ।

(੨) **ਮੁਖ ਦਫਤਰ :** ਇਸ ਸੰਸਥਾ ਦਾ ਮੁਖ ਦਫਤਰ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਹੋਵੇਗਾ।

(੩) **ਮੰਤਵ :** (ੳ) ਸ੍ਰੀ ਸਤਿਗੁਰੂ ਜੀ ਦੇ ਆਦੇਸ਼ਾਂ ਦਾ ਦ੍ਰਿੜ੍ਹਤਾ ਨਾਲ ਪਾਲਣ ਕਰਨਾ।

(ਅ) ਪੜ੍ਹੇ ਲਿਖੇ ਨੌਜਵਾਨਾਂ ਨੂੰ ਸੰਗਠਤ ਕਰਨਾ ਉਹਨਾਂ ਵਿਚ ਨਾਮਧਾਰੀ ਆਚਾਰ ਤੇ ਵਿਚਾਰ ਦਾ ਵਿਕਾਸ ਕਰਨਾ ਅਤੇ ਵਿਸ਼ੇਸ਼ ਕਰਕੇ ਨਾਮਧਾਰੀ ਪਹਿਰਾਵੇ ਲਈ ਸਨਮਾਨ ਤੇ ਉਤਸ਼ਾਹ ਪੈਦਾ ਕਰਨਾ।

(ੲ) ਪੰਥ ਅੰਦਰ ਸੁਚੱਜੇ ਡਿਸਿਪਲਨ ਦਾ ਵਿਕਾਸ ਕਰਨਾ। ਦੋ ਵਡੇ ਸਾਲਾਨਾ ਮੇਲਿਆਂ ਦਾ ਪ੍ਰਬੰਧ, ਉਥੋਂ ਦੇ ਮੁਖੀਆਂ ਦੀ ਸਹਾਇਤਾ ਲਈ ਕਰਨਾ, ਸਥਾਨਕ ਮੇਲਿਆਂ ਵਾਸਤੇ ਨੇੜੇ ਦੇ ਜਥੇ ਦੀ ਸਹਾਇਤਾ ਕਰਨਾ।

(ਸ) ਤਾਲੀਮ, ਬੀਮਾਰੀ ਤੇ ਬੇਕਾਰੀ ਵਿਚ ਨਾਮਧਾਰੀਆਂ ਤੇ ਗ਼ੈਰ-ਨਾਮਧਾਰੀਆਂ ਦੀ ਸਰਗਰਮ ਮਦਦ ਕਰਨਾ।

(ਹ) ਆਮ ਮਿਲਵਰਤੋਂ ਵਾਸਤੇ ਸਦਾ ਤਿਆਰ ਰਹਿਣਾ।

(ਕ) ਨਾਮਧਾਰੀ ਮਤ ਦਾ ਵਿਗਿਆਨਕ ਢੰਗ ਨਾਲ ਪ੍ਰਚਾਰ ਕਰਨਾ, ਨਾਮਧਾਰੀ ਨੌਜਵਾਨਾਂ ਨੂੰ ਜਥੇਬੰਦ ਕਰਨਾ ਅਤੇ ਵਿਦਿਆਲੇ, ਪੁਸਤਕਾਲੇ ਪੁਸਤਕਾਂ, ਕੈਲੰਡਰ, ਸੇਵਾ ਪ੍ਰਬੰਧ ਤੇ ਔਸ਼ਧਾਲੇ ਆਦਿ ਸਥਾਪਤ ਤੇ ਤਿਆਰ ਕਰਨਾ।

(ਖ) ਗੈਰ ਨਾਮਧਾਰੀਆਂ ਨਾਲ ਆਪਣੇ ਅਸੂਲਾਂ ਤੇ ਕਾਇਮ ਰਹਿ ਕੇ, ਸ਼ੁਭ ਇਛਕਾਂ ਨੂੰ ਅਮਲੀ ਮਿਲਵਰਤਨ ਦੇਣਾ।

(ਗ) ਕੌਮੀ ਤੇ ਕੌਮਾਂਤਰੀ ਰਾਜਨੀਤਕ ਸਮੱਸਿਆਵਾਂ ਉਤੇ ਨਾਮਧਾਰੀ ਵਿਦਿਅਕ ਜਥੇ ਦੇ ਕੇਂਦਰ ਵਲੋਂ ਪ੍ਰਵਾਨਤ ਦ੍ਰਿਸ਼ਟੀਕੋਣ ਉਤੇ ਪੁਰਜ਼ੋਰ ਅਮਲ ਕਰਨਾ ਤੇ ਕਰਵਾਣਾ।

(ਘ) ਵਿਸ਼ਵ ਧਰਮ ਸਮਾਨਤਾ, ਵਿਸ਼ਵ ਸ਼ਾਂਤੀ ਤੇ ਗਊ ਰਖਿਅਕ ਦੇ ਸੰਬੰਧ ਵਿਚ ਸੁਚੇਤ ਜਤਨ ਕਰਨਾ।

(੪) **ਸ਼ਾਖਾਵਾਂ :** [ੳ] ਹਰ ਐਸੀ ਥਾਂ ਤੇ, ਜਿਥੇ ਦਸ ਜਾਂ ਦਸ ਤੋਂ ਵਧ ਪੜ੍ਹੇ ਲਿਖੇ ਸੱਜਣ ਹੋਣਗੇ, ਸਥਾਨਕ ਜਥਾ ਕਾਇਮ ਕੀਤਾ ਜਾਵੇਗਾ।

[ਅ] ਇਹ ਜਥੇ ਮਾਸਿਕ ਜਾਂ ਛੋਟੀਆਂ ਇਕੱਤ੍ਰਤਾਵਾਂ ਕਰਕੇ ਮਹਾਂ ਪੁਰਖਾਂ ਦੇ ਜੀਵਨਾਂ ਤੇ ਨਾਮਧਾਰੀ ਅਸੂਲਾਂ ਨੂੰ ਕਵਿਤਾਵਾਂ, ਭਾਸ਼ਨਾਂ ਤੇ ਲੇਖਾਂ ਰਾਹੀਂ ਪੇਸ਼



Sri Satguru Jagjit Singh Ji Elibrary NamdhariElibrary@gmail.com

ਕਰਕੇ ਵਿਚਾਰ ਵਟਾਂਦਰਾ ਕਰਨਗੇ ।

[ਦ] ਇਹ ਜਥੇ ਆਤੇ ਦੁਆਲੇ ਨੂੰ ਪ੍ਰਭਾਵਤ ਕਰਨ ਹਿਤ ਸਮਾਜ ਸੇਵਾ ਲਈ ਵੀ ਸਮਾਂ ਕਢਿਆ ਕਰਨਗੇ ।

[ਸ] ਹਰ ਜਥੇ ਦੇ ਕੰਮ ਨੂੰ ਫੁਰਤੀਲਾ ਤੇ ਯੋਗ ਬਣਾਉਣ ਲਈ ਅਤੇ ਦੂਜਿਆਂ ਜਥਿਆਂ ਨਾਲ ਤਾਲਮੇਲ ਰਖਣ ਲਈ ਕੇਂਦਰ ਦੇ ਪ੍ਰਧਾਨ ਸਾਹਿਬ ਜਾਂ ਤਾਂ ਆਪ ਸਥਾਨਕ ਜਥਿਆਂ ਦਾ ਦੌਰਾ ਕਰਿਆ ਕਰਨਗੇ ਜਾਂ ਕਿਸੇ ਯੋਗ ਸੱਜਣ ਨੂੰ ਉਥੇ ਘਲਿਆ ਕਰਨਗੇ ।

[ਹ] ਜਥਿਆਂ ਦੀਆਂ ਵੱਖ ਵੱਖ ਖੇਡਾਂ ਦੀਆਂ ਟੀਮਾਂ ਕੇਂਦਰ ਦੇ ਆਦੇਸ਼ ਅਨੁਸਾਰ ਤਿਆਰ ਕਰਵਾਈਆਂ ਜਾਣਗੀਆਂ ਅਤੇ ਵਾਰਸ਼ਕ ਸੰਮੇਲਨ ਸਮੇਂ ਖੇਡ ਤੇ ਭਾਸ਼ਨ ਮੁਕਾਬਲੇ ਕਰਵਾਕੇ ਹੌਂਸਲਾ ਵਧਾਣ ਹਿਤ ਇਨਾਮ ਦਿਤੇ ਜਾਇਆ ਕਰਨਗੇ । ਜਥੇ "ਨਾਮਧਾਰੀ ਵਿਦਿਅਕ ਜਥਾ ਟੀਮ" ਦੇ ਨਾਮ ਹੇਠ ਹਾਕੀ, ਵਾਲੀ-ਬਾਲ, ਕਬੱਡੀ, ਫੁਟਬਾਲ ਤੇ ਰੱਸਾ ਆਦਿ ਦੀਆਂ ਟੀਮਾਂ ਬਣਾਨਗੇ ।

[੧] ਇਕੱਤ੍ਰਤਾਵਾਂ ਦੇ ਪ੍ਰੋਗਰਾਮਾਂ ਨੂੰ ਵਧ ਤੋਂ ਵਧ ਦਿਲਚਸਪ ਬਨਾਉਣ ਲਈ ਕਵਿਤਾ ਤੇ ਹੋਰ ਵਿਸ਼ੇਸ਼ ਵਿਸ਼ਿਆਂ ਉੱਪਰ ਇਨਾਮ ਰਖ ਕੇ ਵਿਚਾਰਾਂ ਪੇਸ਼ ਹੋਇਆ ਕਰਨਗੀਆਂ ।

[੨] ਕ੍ਰਮਵਾਰ ਬਦਲ ਕੇ ਮਹੀਨੇ ਦੀ ਅੰਤ ਦੀ ਇਕੱਤ੍ਰਤਾ ਵਿਚ ਮਹੀਨੇ ਭਰ ਦੀਆਂ ਪ੍ਰਾਦੇਸ਼ਕ ਤੇ ਅੰਤਰ-ਰਾਸ਼ਟਰੀ ਖਬਰਾਂ ਇਕੱਤਰ ਕਰਕੇ, ਹਰ ਸੱਜਣ ਦੀ ਜਾਣਕਾਰੀ ਹਿਤ ਸੁਣਾਈਆਂ ਜਾਣਗੀਆਂ ।

[੩] ਹਰ ਮੈਂਬਰ ਨਾਲ ਯੋਗਤਾ ਅਨੁਸਾਰ ਵਰਤਾਉ ਕਰਕੇ ਸਨੇਹ ਦਾ ਪਾਤਰ ਬਣਾਇਆ ਜਾਵੇ, ਘਟ ਯੋਗਤਾ ਵਾਲੇ ਮੈਂਬਰਾਂ ਦੀ ਖਾਸ ਤੇ ਅਲਗ ਇਕੱਤ੍ਰਤਾ ਬੁਲਾਈ ਜਾਵੇ ।

[੪] ਕੇਂਦਰ ਵਲੋਂ ਹਰ ਮਹੀਨੇ ਨਵੇਂ ਤੋਂ ਨਵਾਂ ਵਿਸ਼ਾ ਵਿਚਾਰ ਵਟਾਂਦਰੇ ਹਿਤ ਭੇਜਿਆ ਜਾਇਆ ਕਰੇਗਾ, ਜਿਸ ਤੇ ਉਹ ਮਹੀਨਾ ਭਰ ਵਿਚਾਰ ਪ੍ਰਗਟ ਕਰਦੇ ਰਹਿਣਗੇ ।

[੫] ਵਿਸ਼ੇ ਦੇ ਅੰਤਲੇ ਸਿੱਟੇ ਦੀ ਇਕ ਪ੍ਰਤੀ ਕੇਂਦਰ ਨੂੰ ਰਿਕਾਰਡ ਤੇ ਰੀਪੋਰਟ ਹਿਤ ਭੇਜੀ ਜਾਇਆ ਕਰੇਗੀ ।

[੬] ਹਰ ਅਧਿਕਾਰੀ ਅਥਵਾ ਮੈਂਬਰ ਅੰਦਰ ਸਤਿਕਾਰ ਅਤੇ ਪ੍ਰੇਮ ਭਾਵਨਾ ਦਾ ਹੋਣਾ ਅਤੀ ਜ਼ਰੂਰੀ ਹੈ, ਉਹ ਆਪਣੇ ਜੀਵਨ ਨੂੰ ਅਮਲੀ ਰੂਪ ਦੇਣ ਤਾਂ ਕਿ ਦੂਸਰਿਆਂ ਤੇ ਚੰਗਾ ਪ੍ਰਭਾਵ ਪਵੇ ।

[੭] ਕੰਮ ਕਰਨ ਦੀ ਲਗਨ ਤੇ ਸੇਵਾ ਭਾਵ ਰਖਣ ਵਾਲੇ ਮਾਇਕ ਪੱਖੋਂ ਮਜਬੂਰ ਮੈਂਬਰਾਂ ਨੂੰ ਜਾਂ ਇਕ ਤੋਂ ਵਧ ਭਰਾਵਾਂ ਦੇ ਮੈਂਬਰ ਹੋਣ ਦੀ ਦਸ਼ਾ ਵਿਚ ਇਕੱਤ੍ਰਤਾ ਕਰਕੇ ਲੋੜ ਅਨੁਸਾਰ ਚੰਦੇ ਵਿਚ ਮੁਆਫੀ ਜਾਂ ਛੋਟ ਦਿਤੀ ਜਾ ਸਕਦੀ ਹੈ ।

[੮] ਸ਼ੰਕੇ ਨਵਿਰਤ ਕਰਨ ਲਈ ਸਥਾਨਕ ਜਥੇ ਸਮਾਂ ਕਢਣਗੇ । ਇਸ ਕਾਰਜ ਹਿਤ ਲੋੜ ਅਨੁਸਾਰ ਉਹ ਬਜ਼ੁਰਗਾਂ, ਯੋਗ ਸੱਜਣਾਂ ਤੇ ਸਮੇਂ ਸਮੇਂ ਸ੍ਰੀ ਸਤਿਗੁਰੂ ਜੀ ਦੀ ਵੀ ਮਦਦ ਲੈਣਗੇ ।

[੯] ਨਗਰਾਂ ਵਿਚ ਪੁਰਬਾਂ ਤੇ ਸਮਾਗਮਾਂ ਸਮੇਂ ਕੀਰਤਨ, ਜਲੂਸ ਆਦਿ ਵਿਚ ਜੱਥਾ ਪੂਰਨ ਨਾਮਧਾਰੀ ਪਹਿਰਾਵੇ ਦਾ ਧਾਰਨੀ ਬਣ ਕੇ ਸ਼ਬਦ ਕੀਰਤਨ ਵਿਚ ਸਹਿਯੋਗ ਦੇਵੇਗਾ ।

[੧੦] ਜਥੇ ਆਪਣੇ ਪੁਸਤਕਾਲੇ ਕਾਇਮ ਕਰਨਗੇ, ਜਿਸ ਵਿਚ ਨਾਮਧਾਰੀ ਸਾਹਿੱਤ ਦੇ ਨਾਲ ਦੂਸਰੇ ਧਰਮਾਂ ਬਾਰੇ ਹੋਰਨਾਂ ਲੇਖਕਾਂ ਦੀਆਂ ਵੀ ਰਚਨਾਵਾਂ ਹੋਣਗੀਆਂ ।

**(੫) ਮੈਂਬਰ** :—(ੳ) ਦਸਵੀਂ ਪਾਸ ਤੇ ਇਸ ਤੋਂ ਉੱਪਰ ਯੋਗਤਾ ਰਖਣ ਵਾਲਾ ਹਰ ਸੱਜਣ ਜਾਂ ਘੱਟ ਘੱਟ ਪੰਜਾਬੀ ਦਾ ਜਾਣੂ ਇਸ ਦਾ ਮੈਂਬਰ ਬਣ ਸਕਦਾ ਹੈ ।

(ਅ) ਕੇਂਦਰੀ ਕਾਰਜ ਕਾਰਨੀ ਦੇ ਘੱਟ ਘੱਟ ੧੧ ਮੈਂਬਰ ਹੋਣਗੇ, ਜਿਵੇਂ :—ਪ੍ਰਧਾਨ, ਮੀਤ ਪ੍ਰਧਾਨ, ਸਕੱਤਰ, ਮੀਤ ਸਕੱਤਰ, ਖਜ਼ਾਨਚੀ, ਆਡੀਟਰ ਤੇ ਹੋਰ ਪੰਜ ਮੈਂਬਰ ।



Sri Satguru Jagjit Singh Ji Elibrary NamdhariElibrary@gmail.com

(ਦ) ਸਥਾਨਕ ਜਥੇ ਆਪਣੀ ਲੋੜ ਅਨੁਸਾਰ ਅਹੁਦੇਦਾਰ ਚੁਣਨਗੇ।

(ਸ) ਕੇਂਦਰੀ ਕਾਰਜ ਕਾਰਨੀ ਸਭਾ ਦੀ ਇਕੱਤਰਤਾ ਮਹੀਨੇ ਜਾਂ ਦੋ ਮਹੀਨੇ ਬਾਦ ਜਾਂ ਘੱਟੋ ਘੱਟ ਹਰ ਵਡੇ ਮੇਲੇ ਵਾਰਸ਼ਕ ਸੰਮੇਲਨ, ਭਾਦਰੋਂ ਦਾ ਮੇਲਾ ਤੇ ਹੋਲੇ ਸਮੇਂ ਜ਼ਰੂਰ ਹੋਇਆ ਕਰੇਗੀ।

(ਹ) ਆਮ ਸੰਮੇਲਨ ਦੀ ਇਕੱਤ੍ਰਤਾ ਸਾਲ ਵਿਚ ਇਕ ਵਾਰ ਜ਼ਰੂਰ ਹੋਏਗੀ, ਜਿਸ ਦਾ ਸਮਾਂ ਤੇ ਸਥਾਨ ਸਤਿਗੁਰੂ ਜੀ ਦੀ ਇੱਛਾ ਤੇ ਨਿਰਭਰ ਹੋਏਗਾ।

**(੬) ਫੰਡ** :— ਇਸ ਸੰਸਥਾ ਦਾ ਮੈਂਬਰ ਬਨਣ ਲਈ 5 ਰੁਪਏ ਸਲਾਨਾ ਰਜਿਸਟਰੇਸ਼ਨ ਫੀਸ ਹੋਵੇਗੀ।

(ਨੋਟ)—ਮਾਸਿਕ ਚੰਦਾ ਸਥਾਨਿਕ ਜਥੇ ਦੋ ਰੁਪਏ ਤੋਂ ਵਧ ਵੀ ਰਖ ਸਕਦੇ ਹਨ ਪਰ ਘੱਟ ਨਹੀਂ।

**(੭) ਜ਼ਿਮੇਂਵਾਰੀਆਂ** :— [ੳ] ਪ੍ਰਧਾਨ : ਇਕੱਤ੍ਰਤਾਵਾਂ ਦੀ ਪ੍ਰਧਾਨਗੀ ਕਰਨਾ। ਸਮੁੱਚੇ ਪ੍ਰਬੰਧਕ ਅਤੇ ਸੰਸਥਾ ਦੀ ਦੇਖ ਰੇਖ ਕਰਨਾ। ਕੇਂਦਰੀ ਫੰਡ ਅਤੇ ਸੰਸਥਾ ਦੇ ਕੇਂਦਰੀ ਫੈਸਲਿਆਂ ਦੀ ਮਨਜ਼ੂਰੀ ਦੇਣਾ। ਸਕੱਤ੍ਰ ਦੀ ਹਰ ਤਰ੍ਹਾਂ ਮਦਦ ਕਰਨਾ।

[ਅ] ਮੀਤ ਪ੍ਰਧਾਨ : ਪ੍ਰਧਾਨ ਦੀ ਸਹਾਇਤਾ ਕਰਨਾ ਤੇ ਉਸ ਦੀ ਗ਼ੈਰਹਾਜ਼ਰੀ ਵਿਚ ਪ੍ਰਧਾਨਗੀ ਦੇ ਫਰਜ਼ ਨਿਭਾਉਣੇ।

[ੲ] ਸਕੱਤ੍ਰ : ਸੰਸਥਾ ਨਾਲ ਸੰਬੰਧਤ ਲਿਖਾ ਪੜ੍ਹੀ ਕਰਨੀ। ਇਕੱਤਰਤਾਵਾਂ ਦੇ ਖਰੜੇ ਤਿਆਰ ਕਰਨੇ ਤੇ ਕਾਰਵਾਈ ਨੂੰ ਰਜਿਸਟਰਾਂ ਤੇ ਲਿਖਣਾ। ਜਥੇ ਨੂੰ ਉੱਨਤ ਕਰਨ ਲਈ ਯੋਗ ਸੁਝਾਉ ਦੇਣੇ ਤੇ ਪ੍ਰਧਾਨ ਨਾਲ ਮਿਲ ਕੇ ਅਗਵਾਈ ਕਰਨੀ। ਸਾਰਾ ਖਰਚ ਸਕੱਤ੍ਰ ਤੇ ਖਜ਼ਾਨਚੀ ਦੀ ਰਾਹੀਂ ਹੋਵੇਗਾ।

[ਸ] ਮੀਤ ਸਕੱਤਰ : ਸਕੱਤ੍ਰ ਦੀਆਂ ਜ਼ਿਮੇਂ-ਵਾਰੀਆਂ ਵਿਚ ਮਦਦ ਕਰਨੀ ਤੇ ਉਸ ਦੀ ਗੈਰਹਾਜ਼ਰੀ ਵਿਚ ਉਸ ਦੇ ਫਰਜ਼ ਪੂਰੇ ਕਰਨੇ।

[ਹ] ਖਜ਼ਾਨਚੀ : ਖਜ਼ਾਨੇ ਦੀ ਸੰਭਾਲ ਤੇ ਹਿਸਾਬ ਕਿਤਾਬ ਰਖਣਾ। ਛਿਮਾਹੀ ਤੇ ਸਾਲਾਨਾ ਰੀਪੋਰਟ ਦੇਣਾ। ਮੈਂਬਰਾਂ ਦਾ ਰਜਿਸਟਰ ਰਖਣਾ।

[ਕ] ਆਡੀਟਰ : ਜਥੇ ਦੇ ਹਿਸਾਬ ਕਿਤਾਬ ਦੀ ਪੜਤਾਲ ਹਰ ਮਹੀਨੇ ਕਰੇਗਾ।

**(੮) ਸੰਸ਼ੋਧਨ** :—ਜਥੇ ਦੀ ਵਿਧਾਨ ਵਿਚ ਤਬਦੀਲੀਆਂ ਕਰਨ ਲਈ ਆਮ ਸਭਾ ਦੀ ਦੋ ਤਿਹਾਈ ਹਾਜ਼ਰੀ ਜ਼ਰੂਰੀ ਹੋਏਗੀ ਤੇ ਉਸ ਵਿਚ ਬਹੁਸੰਮਤੀ ਨਾਲ ਕੋਈ ਵੀ ਸੰਸ਼ੋਧਨ ਕੀਤਾ ਜਾ ਸਕੇਗਾ।

**ਜ਼ਰੂਰੀ** :—ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਸੰਸਥਾ ਦੇ ਹਰ ਅੰਗਾਂ ਲਈ ਲਾਜ਼ਮੀ ਹੋਏਗੀ।

**(੯) ਸਾਹਿਤ ਵਿਕਾਸ** :—(ੳ) ਹਰ ਸਾਲ ਸੰਮੇਲਨ ਉਪ੍ਰੰਤ ਘੱਟੋ ਘੱਟ ਇਕ ਪੁਸਤਕ ਸਾਹਿਤ ਵਿਕਾਸ ਹਿਤ ਛਾਪੀ ਜਾਇਆ ਕਰੇਗੀ।

(ਅ) ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਉਹਨਾਂ ਦੀ ਰਚਨਾਵਾਂ ਯੁਵਕ ਅੰਕ ਦੇ ਨਾਂ ਹੇਠ ਛਪਵਾਈਆਂ ਜਾਇਆ ਕਰਨਗੀਆਂ।



Sri Satguru Jagjit Singh Ji Elibrary NamdhariElibrary@gmail.com

ਸਰਕੂਲਰ ਨੰਬਰ 1.

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਰਜਿਸਟਰਡ)

# All India Namdhari Educational Society (Regd)

( ਮੁਖ ਦਫਤਰ : ਸ੍ਰੀ ਭੈਣੀ ਸਾਹਿਬ, ਜ਼ਿਲਾ ਲੁਧਿਆਣਾ )

**E-25, ਫੋਕਲ ਪੁਆਇੰਟ, ਲੁਧਿਆਣਾ-141010**

**Grams : Quick Lift** **Phone : 33601**

**Ref. No. ਸ/82/7/1** ਤਰੀਕ : 20-7-82

ਸ੍ਰੀਮਾਨ ਜੀਓ,

ਆਪ ਜੀ ਵੱਡਭਾਗੇ ਹੋ ਕਿ ਇਸ ਅੰਧਾ-ਧੁੰਦ ਸਮੇਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਰਨ ਆ, ਉਹਨਾਂ ਦਾ ਪਵਿੱਤਰ ਉਪਦੇਸ਼ ਸਰਵਨ ਕਰ, ਆਪਣਾ ਜੀਵਨ ਸਫ਼ਲ ਕਰ ਰਹੇ ਹੋ। ਇਹ ਸ੍ਰੀ ਸਤਿਗੁਰੂ ਜੀ ਦੀ ਉਦਾਰਤਾ ਹੈ, ਜਦੋਂ ਨੌਜੁਆਨ 'ਧਰਮ' ਸ਼ਬਦ ਸੁਨਣ ਤੋਂ ਮੁਨਕਰ ਹੈ. ਸਾਨੂੰ ਵਿਦਿਅਕ ਜੱਥਿਆਂ ਦੇ ਰੂਪ ਵਿੱਚ ਸੰਗਠਿਤ ਕਰ, ਮਰਿਯਾਦਾ, ਅਨੁਸ਼ਾਸਨ, ਏਕਤਾ ਤੇ ਮਨੋਬਲ ਦੀ ਸ਼ਕਤੀ ਪ੍ਰਦਾਨ ਕਰ ਰਹੇ ਹਨ। ਸਾਡੀ ਅਰਜ਼ ਹੈ ਗਰੀਬ ਨਿਵਾਜ਼ ਦੇ ਚਰਨਾਂ ਵਿਚ ਕਿ ਸਾਡੇ ਤੇ ਮਿਹਰ ਕਰਨ, ਇਹ ਪਿਆਰ ਤੇ ਸੇਧ ਸਾਨੂੰ ਸਦਾ ਮਿਲਦੀ ਰਹੇ। ਇਹ ਸਤਿਗੁਰੂ ਦਾ ਬਿਰਦ ਹੈ ਤੇ ਉਹ ਸਦਾ ਪਾਲਦਾ ਹੈ। ਪਰ ਸਾਡਾ ਵੀ ਫਰਜ਼ ਹੈ ਕਿ ਅਸੀਂ ਆਪ ਦੇ ਹੁਕਮਾਂ ਨੂੰ ਮੰਨੀਏ, ਨੇਕ ਕਰਮ ਕਰ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਪਿਛਲੇ ਦਿਨੀਂ ਅਸੀਂ ਸ੍ਰੀ ਭੈਣੀ ਸਾਹਿਬ ਵਿਖੇ ਅਠਾਰਵੇਂ ਸੰਮੇਲਨ ਦਾ ਆਨੰਦ ਮਾਣ ਕੇ ਗਏ ਹਾਂ। ਸੰਮੇਲਨ ਦੀਆਂ ਯਾਦਾਂ ਅਜੇ ਤਾਜ਼ਾਂ ਹਨ। ਸੰਮੇਲਨ ਤੇ ਜੋ ਵਿਚਾਰਾਂ ਹੋਈਆਂ, ਉਸ ਦੀ ਰਿਪੋਰਟ ਛੇਤੀ ਹੀ ਆਪ ਦੇ ਹਥਾਂ ਵਿਚ ਹੋਵੇਗੀ। ਆਪ ਨੂੰ ਪਤਾ ਹੀ ਹੈ ਕਿ ਸ੍ਰੀ ਸਤਿਗੁਰੂ ਜੀ ਨੇ ਪ੍ਰਧਾਨਗੀ ਦੀ ਸੇਵਾ ਸ੍ਰੀ ਦਲੀਪ ਸਿੰਘ ਜੀ ਨਾਮਧਾਰੀ ਲੁਧਿਆਣਾ ਨੂੰ ਬਖਸ਼ੀ ਸੀ। ਉਹਨਾਂ ਦੇ ਉੱਦਮ ਨਾਲ ਜਥੇ ਦੀ ਪਹਿਲੀ ਇਕੱਤ੍ਰਤਾ 19 ਜੁਲਾਈ, 1982 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਾਨਯੋਗ ਸ੍ਰੀ ਠਾਕਰ ਦਲੀਪ ਸਿੰਘ ਜੀ ਦੀ ਨਿਗਰਾਨੀ ਹੇਠ ਹੋਈ। ਇਸ ਵਿਚ ਸ੍ਰੀ ਹਰਵਿੰਦਰ ਸਿੰਘ ਜੀ ਹੰਸਪਾਲ (M.P.) ਵੀ ਸ਼ਾਮਲ ਹੋਏ। ਜਿਸ ਵਿਚ ਵਰਤਮਾਨ ਸਾਲ ਲਈ ਕੇਂਦਰ ਕਾਰਜਕਾਰਣੀ ਅਤੇ ਸਲਾਹਕਾਰ ਕਮੇਟੀ ਦੀ ਸਥਾਪਨਾ ਕੀਤੀ ਗਈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :—



Sri Satguru Jagjit Singh Ji Elibrary NamdhariElibrary@gmail.com

(ੳ) ਕੇਂਦਰ ਕਾਰਜ ਕਾਰਣੀ :—

ਪ੍ਰਧਾਨ—ਸ੍ਰੀ ਦਲੀਪ ਸਿੰਘ ਜੀ ਨਾਮਧਾਰੀ (ਸੰਪਾਦਕ ਨਿਰੀਖਿਅਕ ਲੁਧਿਆਣਾ)

ਸਕੱਤਰ—ਸ੍ਰੀ ਅਜੀਤ ਸਿੰਘ ਜੀ M. Com. (ਲੁਧਿਆਣਾ)

ਖਜ਼ਾਨਚੀ—ਸ੍ਰੀ ਸੁਖਵਿੰਦਰ ਸਿੰਘ ਜੀ B.A, (ਲੁਧਿਆਣਾ)

ਮੈਂਬਰਜ਼ :—

ਦਿਲੀ : 1. ਸ੍ਰੀ ਹਰਮੀਤ ਸਿੰਘ ਜੀ। 2. ਸ੍ਰੀ ਜੰਗ ਬਹਾਦਰ ਸਿੰਘ ਜੀ 3. ਸ੍ਰੀ ਸੁਖਦੇਵ ਸਿੰਘ ਜੀ ਮੰਡੀ : ਸ੍ਰੀ ਮੋਹਨ ਸਿੰਘ ਜੀ ਲੁਧਿਆਣਾ : ਸ੍ਰੀ ਜਗਮੋਹਨ ਸਿੰਘ ਜੀ (ਮੈਨੇਜਰ ਟਰੇਡਰਜ਼ ਬੈਂਕ ਲਿ: ਜਮਨਾ ਨਗਰ ; ਸ੍ਰੀ ਸੰਤੋਖ ਸਿੰਘ ਜੀ । ਜੰਮੂ : ਸ੍ਰੀ ਵਰਿਯਾਮ ਸਿੰਘ ਜੀ ; ਜਲੰਧਰ : ਸ੍ਰੀ ਨਰੈਣ ਸਿੰਘ ਜੀ (ਮੈਨੇਜਰ ਟਰੇਡਰਜ਼ ਬੈਂਕ ਲਿ. ਜਲੰਧਰ) । ਦੋਆਬਾ : ਸ੍ਰੀ ਦਿਆਲ ਸਿੰਘ ਜੀ ! ਸਰਸਾ : ਸ੍ਰੀ ਸੇਵਾ ਸਿੰਘ ਜੀ ਬਲੋਂਵਾਲੀ। ਗਵਾਲੀਅਰ : ਸ੍ਰੀ ਸਰਬਜੀਤ ਸਿੰਘ ਜੀ। ਬੰਬਈ : ਸ੍ਰੀ ਨਰਿੰਦਰ ਸਿੰਘ ਜੀ। ਯੂ. ਕੇ. : ਸ੍ਰੀ ਸੁਰਜੀਤ ਸਿੰਘ ਜੀ (ਜੀਤ) । ਜਰਮਨ : ਸ੍ਰੀ ਅਮਰਜੀਤ ਸਿੰਘ ਜੀ। ਨੈਰੋਬੀ : ਸ੍ਰੀ ਸਤਿਨਾਮ ਸਿੰਘ ਜੀ (ਸੂਬਾ) । ਡੁਬਈ : ਸ੍ਰੀ ਮਹਿੰਦਰ ਸਿੰਘ ਜੀ ਮੋਰੋਂ । ਥਾਈਲੈਂਡ ; ਸ੍ਰੀ ਪ੍ਰਿਥੀਪਾਲ ਸਿੰਘ ਜੀ। ਅਮਰੀਕਾ : ਸੇਠ ਬਲਦੇਵ ਸਿੰਘ ਜੀ, ਡਾ. ਪ੍ਰਿਥੀਪਾਲ ਸਿੰਘ ਜੀ। ਕੈਨੇਡਾ : ਸੂਬਾ ਰੇਸ਼ਮ ਸਿੰਘ ਜੀ।

(ਅ) ਸਲਾਹਕਾਰ ਕਮੇਟੀ :—

ਸ੍ਰੀ ਠਾਕਰ ਦਲੀਪ ਸਿੰਘ ਜੀ

1. ਸ੍ਰੀ ਹਰਵਿੰਦਰ ਸਿੰਘ ਜੀ ਹੰਸਪਾਲ (M.P.) 2. ਮਾ. ਨਿਹਾਲ ਸਿੰਘ ਜੀ (ਪ੍ਰਧਾਨ ਨਾਮਧਾਰੀ ਦਰਬਾਰ)
3. ਸ੍ਰੀ ਪ੍ਰੀਤਮ ਸਿੰਘ ਜੀ ਕਵੀ 4. ਪੰਡਿਤ ਗੋਪਾਲ ਸਿੰਘ ਜੀ
5. ਸ੍ਰੀ ਆਤਮਾ ਸਿੰਘ ਜੀ ਸਨਪਤ੍ਰਵੀ (ਸੰ. ਸਤਿਜੁਗ) 6. ਗਿਆਨੀ ਮਿਹਰ ਸਿੰਘ ਜੀ
7. ਸ੍ਰੀ ਜਗਦੀਸ਼ ਸਿੰਘ ਜੀ (ਸੰ. ਵਰਿਆਮ) 8. ਮਾਸਟਰ ਅਜੀਤ ਸਿੰਘ ਜੀ ਚੀਮਾ।

ਪਰ ਕੇਂਦਰ ਕਾਰਜ ਕਾਰਣੀ ਇਕੱਲੀ ਕੁਝ ਵੀ ਕਰਨ ਤੋਂ ਅਸਮਰਥ ਹੈ। ਇਸ ਨੂੰ ਤੁਹਾਡਾ ਸਹਿਯੋਗ ਚਾਹੀਦਾ ਹੈ। ਸਾਡੇ ਸਾਹਵੇਂ ਬਹੁਤ ਕੰਮ ਹਨ, ਸਥਾਨਿਕ ਜਥਿਆਂ ਦਾ ਮੁੜ ਸੰਗਠਨ ਕਰਨਾ ਹੈ। ਕੰਮ ਕਾਜ ਦੀ ਵੰਡ ਕਰਨੀ ਹੈ, ਧਰਮ ਪ੍ਰਚਾਰ ਕਰਨਾ ਹੈ ਤੇ ਸਭ ਤੋਂ ਉਪਰ ਜੋ ਹੁਕਮ ਸ੍ਰੀ ਸਤਿਗੁਰੂ ਜੀ ਕਰਨ, ਉਸ ਨੂੰ ਅਮਲੀ ਰੂਪ ਦੇਣਾ ਹੈ। ਇਹ ਸਭ ਤਾਂ ਹੀ ਹੋ ਸਕੇਗਾ ਜੇ ਅਸੀਂ ਸਭ ਇਕੱਠੇ ਹੋ ਕੇ ਜੁੱਟ ਜਾਵਾਂਗੇ। ਜੇ ਅਸੀਂ ਢਿਲੇ ਰਹੇ ਤਾਂ ਉਹ ਦਿਨ ਦੂਰ ਨਹੀਂ, ਜਦੋਂ ਸਾਡੀ ਆਉਣ ਵਾਲੀ ਪਨੀਰੀ ਅਤੇ ਅਸੀਂ ਖ਼ੁਦ ਧਰਮ ਤੋਂ ਦੂਰ ਹੋ ਜਾਵਾਂਗੇ। ਦੁਨੀਆਂ ਸਾਨੂੰ ਜੀਉਣ ਨਹੀਂ ਦੇਵੇਗੀ ਤੇ ਹਉਮੈ ਮਰਨ ਨਹੀਂ ਦੇਵੇਗੀ। ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਸਾਨੂੰ ਪ੍ਰਾਪਤ ਨਹੀਂ ਹੋ ਸਕਣਗੀਆਂ।

ਸਾਡੀ ਸਭ ਨੂੰ ਖਰਾਂ ਅਤੇ ਪੁਰਜ਼ੋਰ ਸ਼ਬਦਾਂ ਵਿਚ ਅਪੀਲ ਹੈ ਕਿ ਸਾਨੂੰ ਆਪਣੇ ਇਲਾਕੇ ਵਿਚ ਰਹਿ ਰਹੇ ਨਾਮਧਾਰੀ ਡਾਕਟਰਾਂ, ਇੰਜੀਨੀਅਰਾਂ, ਆਰਚੀਟੈਕਚਰਾਂ, ਪ੍ਰੋਫੈਸਰਾਂ, ਅਧਿਆਪਕਾਂ ਅਤੇ ਹੋਰ ਚੰਗੇ ਅਹੁਦਿਆਂ ਤੇ ਸੁਸ਼ੋਭਿਤ ਸਜਣਾਂ ਦੇ ਨਾਮ, ਪਤੇ ਤੇ ਨਿਜੀ ਜਾਣਕਾਰੀ ਛੇਤੀ ਤੋਂ ਛੇਤੀ ਭੇਜਣ।

ਅਸੀਂ ਤੁਸੀਂ ਸਭ ਕੰਮਾਂ ਕਾਰਾਂ ਵਾਲੇ ਹਾਂ। ਸਾਡੀਆਂ ਘਰੇਲੂ ਜ਼ਿਮੇਵਾਰੀਆਂ ਵੀ ਹਨ। ਪਰ ਇਸ ਦੇ ਨਾਲ ਹੀ ਸਾਡੀ ਜ਼ਿਮੇਵਾਰੀ ਹੈ, ਧਰਮ, ਦੇਸ਼ ਤੇ ਸਮਾਜ ਪ੍ਰਤੀ ਇਹ ਅਸੀਂ ਕਦੀ ਨਹੀਂ ਭੁਲਣੀ। ਸ੍ਰੀ ਸਤਿਗੁਰੂ ਜੀ ਕ੍ਰਿਪਾ ਕਰਨ, ਸਾਡੇ ਹੌਸਲੇ ਬਲੰਦ ਰਖਣ, ਤਾਂਕਿ ਅਸੀਂ ਕੁਝ ਸੇਵਾ ਕਰ ਸਕੀਏ।

**ਅਜੀਤ ਸਿੰਘ**

ਸਕੱਤਰ ਸ. ਹਿੰ. ਨਾ. ਵਿ. ਜਥਾ

ਨਿਰੀਖਿਅਕ/79

Sri Satguru Jagjit Singh Ji Elibrary NamdhariElibrary@gmail com

ਸਰਕੂਲਰ ਨੰ: ੨

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਸਰਬਹਿੰਦ ਨਾਮਧਾਰੀ ਵਿਦਿਅਕ ਜੱਥਾ (ਰਜਿਸਟਰਡ)

# All India Namdhari Educational Society (Regd.)

( ਮੁਖ ਦਫਤਰ : ਸ੍ਰੀ ਭੈਣੀ ਸਾਹਿਬ ਲੁਧਿਆਣਾ )

**E-25, ਫੋਕਲ ਪੁਆਇੰਟ, ਲੁਧਿਆਣਾ-141010**

Grams : Quick Lift. PHON No. 33601

Ref. No. ਸ/82/ਰ/2 ਤਰੀਕ : 12-8-82

ਸ੍ਰੀਮਾਨ ਜੀਓ,

ਸਤਿ ਸ੍ਰੀ ਅਕਾਲ ।

ਪੂਰਨ ਆਸ ਹੈ ਕਿ ਆਪ ਨੂੰ ਸਾਡਾ ਸਰਕੂਲਰ ਨੰ: ਸ/82/7/1 ਤਰੀਕ 20-7-82 ਦਾ ਮਿਲ ਗਿਆ ਹੋਵੇਗਾ । ਸਰਕੂਲਰ ਵਿਚ ਲਿਖਿਆ ਸੀ ਕਿ ਸੰਮੇਲਨ ਦੀ ਰਿਪੋਰਟ ਭੇਜਾਂਗੇ । ਪਰ ਕਿਉਂ ਜੁ ਰਿਪੋਰਟ 'ਸਤਿਜੁਗ' ਵਿਚ ਛਪ ਚੁਕੀ ਹੈ । ਦੁਬਾਰਾ ਛਾਪਣ ਦੀ ਜ਼ਰੂਰਤ ਨਾ ਸਮਝ, ਅਸੀਂ ਅਗੇ ਕਦਮ ਪਟਿਆ ਹੈ । ਆਪ ਨੂੰ ਕੁਝ ਕੁ ਅਰਜ਼ਾਂ ਕੀਤੀਆਂ ਸਨ ਕਿ :

ੳ/1. ਸਾਨੂੰ ਆਪਣੇ ਮੈਂਬਰਾਂ ਤੇ ਹੋਰ ਚੰਗੇ ਅਹੁਦਿਆਂ ਤੇ ਸੁਸ਼ੋਭਿਤ ਸੱਜਣਾਂ ਦੇ ਨਾਮ, ਪਤੇ ਤੇ ਨਿਜੀ ਜਾਣਕਾਰੀ ਲਿਖ ਕੇ ਭੇਜੋ । ਕੁਝ ਕੁ ਸ਼ਹਿਰਾਂ ਤੋਂ ਸਾਨੂੰ ਲਿਸਟਾਂ ਪਹੁੰਚੀਆਂ ਹਨ, ਪਰ ਸਭ ਨੇ ਨਹੀਂ ਭੇਜੀਆਂ । ਸੋ ਸਾਰੇ ਜੱਥੇ ਆਪਣੀਆਂ ਲਿਸਟਾਂ ਛੇਤੀ ਤੋਂ ਛੇਤੀ ਭੇਜਣ ਦੀ ਕ੍ਰਿਪਾਲਤਾ ਕਰਨ ।

2. ਸਾਰੇ ਮੈਂਬਰਾਂ ਨੇ ਆਪਣੇ ਨਾਮ ਅਤੇ ਪਤੇ (Address) ਕੇਂਦਰ ਨੂੰ ਨਹੀਂ ਦਿਤੇ । ਜਿਸ ਕਾਰਨ ਕਾਫ਼ੀ ਮੈਂਬਰਾਂ ਨੂੰ ਅਸੀਂ ਸਰਕੂਲਰ ਨਹੀਂ ਭੇਜ ਸਕੇ । ਜੋ ਭੇਜੇ ਵੀ ਹਨ ਤਾਂ ਪਤਾ ਨਹੀਂ ਉਹਨਾਂ ਤਕ ਪਹੁੰਚੇ ਹਨ ਕਿ ਨਹੀਂ । ਸੋ ਸਾਡੀ ਅਪੀਲ ਹੈ ਕਿ ਜਿਸ ਮੈਂਬਰ ਨੂੰ ਸਾਡੀ ਚਿੱਠੀ ਮਿਲੇ, ਉਹ ਚਿੱਠੀ ਰਾਹੀਂ ਪਤਾ ਦੇਵੇ ਕਿ ਸਾਡੀਆਂ ਚਿੱਠੀਆਂ ਉਹਨਾਂ ਤਕ ਪਹੁੰਚ ਰਹੀਆਂ ਹਨ । ਦੂਸਰਾ, ਜਿਹੜੇ ਮੈਂਬਰ ਤੁਹਾਡੇ ਸ਼ਹਿਰ ਵਿਚ ਰਹਿੰਦੇ ਹਨ ਉਹਨਾਂ ਦੇ ਨਾਮ, ਪਤੇ (Address) ਸਾਨੂੰ ਭੇਜੋ, ਤਾਂ ਕਿ ਸਭ ਮੈਂਬਰਾਂ ਨਾਲ ਮੇਲ-ਜੋਲ ਸਥਾਪਿਤ ਕੀਤਾ ਜਾ ਸਕੇ ।

ਅ/1. ਅਸੀਂ ਕੁਝ ਕੁ ਸ਼ਹਿਰਾਂ ਵਿਚ ਜਾ ਕੇ ਜਥਿਆਂ ਨੂੰ ਸੰਗਠਿਤ ਕੀਤਾ ਹੈ । ਬਾਕੀ ਸ਼ਹਿਰਾਂ ਵਿਚ ਜਾ ਰਹੇ ਹਾਂ । ਜਿਥੇ ਅਸੀਂ ਨਹੀਂ ਪਹੁੰਚੇ, ਉਥੋਂ ਦੇ ਪ੍ਰਬੰਧਕ ਸਾਨੂੰ ਆਪਣਾ ਪ੍ਰੋਗਰਾਮ ਲਿਖ ਕੇ ਭੇਜਣ ਤਾਂ ਕਿ ਅਸੀਂ ਉਹਨਾਂ ਕੋਲ ਪਹੁੰਚ ਸਕੀਏ । ਚਿੱਠੀ ਵਿਚ ਸਾਨੂੰ ਤਰੀਕ ਤੇ ਸਮਾਂ ਜ਼ਰੂਰ ਲਿਖ ਕੇ ਭੇਜਣ । ਇਸ ਤਰ੍ਹਾਂ ਕਰਨ ਨਾਲ ਸਮੇਂ ਦੀ ਬੱਚਤ ਹੋਵੇਗੀ ਤੇ ਅਸੀਂ ਜ਼ਿਆਦਾ ਕੰਮ ਕਰ ਸਕਾਂਗੇ ।

2. ਜਿੱਥੇ ਵਿਦਿਅਕ ਜੱਥੇ ਨਹੀਂ ਬਣੇ, ਉਥੋਂ ਦੇ ਦੋ ਚਾਰ ਨੌਜਆਨ ਇਕੱਠੇ ਹੋ ਕੇ ਸਾਨੂੰ ਲਿਖਣ ਤਾਂ ਕਿ ਉਹਨਾਂ ਦਾ ਭੀ ਸੰਗਠਨ ਕੀਤਾ ਜਾ ਸਕੇ ।

੪0/ਨਿਰੀਖਿਅਕ

3. ਸ੍ਰੀ ਸਤਿਗੁਰੂ ਜੀ ਨੇ ਸਾਨੂੰ ਇਸੇ ਲਈ ਸੰਗਠਿਤ ਕੀਤਾ ਸੀ ਕਿ ਅਸੀਂ ਨਾਮਧਾਰੀ ਨੌਜੁਆਨ ਆਪਣਾ ਵਿਰਸਾ ਨਾ ਭੁਲ ਜਾਈਏ। ਪਰ ਅਸੀਂ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਨਹੀਂ ਬਣ ਰਹੇ। ਸਾਡਾ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣੇ ਜਥਿਆਂ ਨੂੰ ਮਜ਼ਬੂਤ ਰਖੀਏ।

4. ਪਹਿਲੇ ਸਰਕੂਲਰ ਵਿਚ ਅਸੀਂ ਕੁਝ ਕੁ ਸ਼ਹਿਰਾਂ ਦੇ ਨੁਮਾਇੰਦਿਆਂ (ਕੇਂਦਰ ਕਾਰਜ ਕਾਰਣੀ) ਦੇ ਨਾਮ ਨਹੀਂ ਸਾਂ ਦੇ ਸਕੇ। ਕਿਉਂ ਜੁ ਅਸੀਂ ਲੋਕਲ ਜਥਿਆਂ ਦੀ ਰਾਇ ਨਾਲ ਮੈਂਬਰ ਲੈਣਾ ਚਾਹੁੰਦੇ ਸੀ। ਜਿਵੇਂ ਕਿ ਸ੍ਰੀ ਅੰਮ੍ਰਿਤਸਟ, ਗੁਰਦਾਸਪੁਰ, ਸ੍ਰੀ ਜੀਵਨ ਨਗਰ, ਯੂ. ਪੀ. ਆਦਿ ਦੇ ਇਲਾਕੇ। ਉਹਨਾਂ ਬਾਰੇ ਅਗਲੇ ਸਰਕੂਲਰ ਵਿਚ ਜਾਣਕਾਰੀ ਦਿਤੀ ਜਾਵੇਗੀ।

5 ਨਾਮਧਾਰੀ ਨੌਜੁਆਨ ਖਿਡਾਰੀਆਂ ਅੱਗੇ ਅਪੀਲ ਹੈ ਕਿ ਉਹ ਨਿੱਜੀ ਤੌਰ ਤੇ ਸਾਡੇ ਨਾਲ ਸੰਪਰਕ ਪੈਦਾ ਕਰਨ ਅਤੇ ਆਪਣੀ ਨਿੱਜੀ ਜਾਣਕਾਰੀ ਕੇਂਦਰ ਨੂੰ ਭੇਜਣ ਤਾਂ ਕਿ ਸਮੇਂ ਸਿਰ ਉਹਨਾਂ ਨੂੰ ਵਰਤਿਆ ਤੇ ਸਨਮਾਨਿਆ ਜਾ ਸਕੇ।

ੲ/1. ਅਸੀਂ ਸਭ ਨੇ ਇਕੱਠੇ ਹੋ ਕੇ ਕੀ ਕੰਮ ਕਰਨੇ ਹਨ, ਉਹ ਇਕ ਅਲੱਗ ਮਸਲਾ ਹੈ। ਪਰ ਸਾਡੇ ਹਰ ਇਕ ਮੈਂਬਰ ਜੰਰੂਰੇ ਇਹ ਕੰਮ ਹਨ ਜੋ ਅਸੀਂ ਨਿੱਜੀ ਤੌਰ ਤੇ ਕਰਨੇ ਹਨ।

1. ਨਾਮਧਾਰੀ ਪਹਿਰਾਵੇ ਵਿਚ ਰਹਿਣਾ ਹੈ ਅਤੇ ਨਾਮਧਾਰੀ ਮਰਿਆਦਾ ਦਾ ਪਾਲਣ ਕਰਨਾ ਹੈ। ਜਿਵੇਂ ਅੰਮ੍ਰਿਤ ਵੇਲੇ ਉਠ ਕੇ ਸਕੇਸ਼ ਇਸ਼ਨਾਨ ਕਰਨਾ ਹੈ।

ਬਾਣੀ ਪੜ੍ਹਨੀ ਤੇ ਕੰਠ ਕਰਨੀ ਹੈ।

ਹਰ ਇਕ ਮੈਂਬਰ ਨੇ ਅਰਦਾਸ ਯਾਦ ਕਰਨੀ ਹੈ।

ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ। ਜਿਸ ਸ਼ਹਿਰ ਵਿਚ ਨਹੀਂ ਹੁੰਦਾ, ਉਥੇ ਪ੍ਰਬੰਧ ਕਰੋ। ਜਿਥੇ ਹੈ ਉਹ ਸਾਨੂੰ ਪਤਾ ਦੇਣ, ਤਾਂ ਕਿ ਪ੍ਰੋਗਰਾਮ ਬਣਾ ਕੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਉਹਨਾਂ ਪਾਸੋਂ ਆਸਾ ਜੀ ਦੀ ਵਾਰ ਸੁਣੀ ਜਾ ਸਕੇ। ਇਸ ਤਰ੍ਹਾਂ ਕਰਨ ਨਾਲ ਸਾਨੂੰ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਹੋਣਗੀਆਂ ਤੇ ਬਾਣੀ ਸ਼ੁੱਧ ਪੜ੍ਹਨ ਦੀ ਜਾਚ ਆਵੇਗੀ।

ਘੱਟੋ ਘੱਟ ਇਕ ਘੰਟਾ ਨਾਮ ਸਿਮਰਨ ਰੋਜ਼ ਕਰੋ। ਕੋਸ਼ਿਸ਼ ਕਰੋ ਕਿ ਘਰੋ ਘਰੀ ਦਾ ਪ੍ਰਬੰਧ ਹੋ ਸਕੇ। ਜਿਸ ਘਰ ਵਿਚ ਅਰਦਾਸ ਹੋਵੇਗੀ ਬਰਕਤ ਪਵੇਗੀ ਤੇ ਮਿਲ ਬੈਠਣ ਦੀ ਜਾਚ ਆਵੇਗੀ। ਬੱਚਿਆਂ ਨੂੰ ਗੁਰਮਤਿ ਦੀ ਸੋਧ ਮਿਲੇਗੀ।

ਦਸਵੰਧ ਜ਼ਰੂਰ ਕਢਿਆ ਕਰੋ।

ਕੋਸ਼ਿਸ਼ ਕਰੋ ਕਿ ਰਾਤ ਨੂੰ ਇਕੱਠੇ ਬੈਠ ਕੇ ਕੀਰਤਨ ਹੋ ਸਕੇ। ਨਹੀਂ ਤਾਂ ਹਫਤੇ ਵਿਚ ਇਕ ਵਾਰ ਜ਼ਰੂਰ ਕਰਿਆ ਕਰੋ। ਸਤਿਗੁਰੂ ਸਾਖੀ ਕਰਨ ਨਾਲ ਜੀਵਨ ਉੱਚਾ ਤੇ ਸੁੱਚਾ ਬਣਦਾ ਹੈ।

2. 'ਸਤਿਜੁਗ' ਸਾਡਾ ਪੰਥਕ ਅਖਬਾਰ ਹੈ। ਜਿਸ ਰਾਹੀਂ ਸਾਨੂੰ ਸ੍ਰੀ ਸਤਿਗੁਰੂ ਜੀ ਦੇ ਦੌਰਿਆਂ ਬਾਰੇ, ਧਰਮ ਤੇ ਦੂਸਰੇ ਸਥਾਨਾਂ ਤੇ ਰਹਿ ਰਹੇ ਨਾਮਧਾਰੀ ਸੱਜਣਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਦੇ ਨਾਲ ਹੀ ਵਿਦਿਅਕ ਜੱਥਿਆਂ ਦੀ ਰਿਪੋਰਟ ਤੇ ਹੋਰ ਜਾਣਕਾਰੀ ਵੀ ਤੁਹਾਨੂੰ ਸਤਿਜੁਗ ਵਿਚੋਂ ਹੀ ਪ੍ਰਾਪਤ ਹੋਵੇਗੀ। ਇਸ ਲਈ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਖੁਦ ਸਤਿਜੁਗ ਪੜ੍ਹੀਏ ਤੇ ਹੋਰਨਾਂ ਨੂੰ ਪੜ੍ਹਨ ਲਈ ਪ੍ਰੇਰੀਏ। ਜੇ ਤੁਸੀਂ ਸਤਿਜੁਗ ਦੇ ਮੈਂਬਰ ਨਹੀਂ ਤਾਂ ਇਸ ਪਤੇ ਤੇ ਲਿਖੋ :

ਮੈਨੇਜਰ 'ਸਤਿਜੁਗ' (ਹਫ਼ਤਾਵਾਰ) V. P. O. ਸ੍ਰੀ ਜੀਵਨ ਨਗਰ, ਜ਼ਿਲਾ ਸਿਰਸਾ (ਹਰਿਆਣਾ)

ਜੋ ਉਸ ਦੇ ਮੈਂਬਰ ਹਨ ਉਹ ਆਪਣੇ ਚੰਦੇ ਟਾਈਮ ਸਿਰ ਭੇਜਦੇ ਰਹਿਣ ਤੇ ਹੋਰ ਮੈਂਬਰ ਬਣਾਉਣ ਦੀ ਕੋਸ਼ਿਸ਼ ਕਰਨ।

ਨਿਰੀਖਿਅਕ/81

Sri Satguru Jagjit Singh Ji Elibrary NamdhariElibrary@gmail.com

3. ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਗੁਰਪੁਰਬ ਤੇ ਸ਼ਹੀਦੀ ਦਿਵਸ ਤੇ ਹੋਰ ਤਿਉਹਾਰ ਸਭ ਸੱਜਣਾਂ ਨਾਲ ਮਿਲ ਕੇ ਮਨਾਇਆ ਕਰੀਏ। ਸਾਰੇ ਧਾਰਮਿਕ ਜਲੂਸਾਂ ਵਿਚ ਸ਼ਾਮਲ ਹੋਵੀਏ। ਹੋਲੇ ਮਹੱਲੇ, ਅਸੂ ਦਾ ਮੇਲਾ, ਵਿਦਿਅਕ ਸੰਮੇਲਨ ਤੇ ਜ਼ਰੂਰ ਪਹੁੰਚੋ। ਪੰਜ ਭਾਦਰੋਂ, ਬਸੰਤ ਪੰਚਮੀ, ਸ਼ਹੀਦੀ ਸਮਾਗਮ ਹਰ ਥਾਂ ਤੇ ਉਚੇਚੇ ਤੌਰ ਤੇ ਮਨਾਏ ਜਾਣ, ਤਾਂ ਕਿ ਆਮ ਲੋਕਾਂ ਨੂੰ ਨਾਮਧਾਰੀਆਂ ਬਾਰੇ ਜਾਣਕਾਰੀ ਹੋ ਸਕੇ। ਜਿਵੇਂ ਕਿ ਹੁਣ ਪੰਜ ਭਾਦਰੋਂ ਨੇੜੇ ਹੈ। ਤੁਸਾਂ ਇਹ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਕਰਨਾ ਹੈ। ਇਸ ਦਿਨ ਦੀ ਰਿਪੋਰਟ ਸਾਨੂੰ ਭੇਜੀ ਜਾਵੇ।

4. ਅੱਜ ਸਰਕਾਰ ਤੇ ਹੋਰ ਸਮਾਜਿਕ ਸੰਸਥਾਵਾਂ ਦਾਜ ਵਿਰੁਧ ਜ਼ੋਰਦਾਰ ਅਵਾਜ਼ ਉਠਾ ਰਹੀਆਂ ਹਨ। ਸਰਕਾਰ ਨੇ ਕਾਨੂੰਨ ਵੀ ਬਣਾਏ ਹਨ ਤੇ ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁਧ ਸਖਤ ਕਾਰਵਾਈਆਂ ਕੀਤੀਆਂ ਹਨ ਤੇ ਹੋਰ ਵੀ ਯਤਨ ਕਰ ਰਹੀ ਹੈ। ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਾਨੂੰ ਨਾਮਧਾਰੀਆਂ ਨੂੰ, ਕਰੀਬ ੨ ਸਵਾ ਸਦੀ ਪਹਿਲਾਂ ਹੀ ਇਸ ਲਾਹਨਤ ਤੋਂ ਮੁੱਕਤ ਕਰ ਦਿਤਾ ਸੀ। ਸੋ ਸਾਡਾ ਪਹਿਲਾ (ਨਿੱਜੀ ਤੌਰ ਤੇ) ਫ਼ਰਜ਼ ਬਣਦਾ ਹੈ ਕਿ ਨਾ ਅਸੀਂ ਦਾਜ ਲਈਏ ਤੇ ਨਾ ਦੇਵੀਏ ਤੇ ਹੋਰ ਸੱਜਣਾਂ ਨੂੰ ਅਜੇਹਾ ਕਰਨ ਤੋਂ ਰੋਕੀਏ, ਤਾਂ ਕਿ ਸਾਡਾ ਸਮਾਜ ਇਸ ਕੁਰੀਤੀ ਤੋਂ ਮੁਕਤ ਹੋ ਸਕੇ।

5. ਧਰਮ ਦੀ ਮੁੱਢਲੀ ਜਾਣਕਾਰੀ ਲਈ, ਅਸੀਂ ਕੁਝ ਕੁ ਲੈਕਚਰ ਤਿਆਰ ਕਰਨ ਲਈ ਯਤਨਸ਼ੀਲ ਹਾਂ, ਜੋ ਡਾਕ ਰਾਹੀਂ ਤੁਹਾਨੂੰ ਭੇਜੇ ਜਾਣਗੇ, ਜੋ ਤੁਸੀਂ ਯਾਦ ਕਰਨੇ ਹਨ। ਇਹਨਾਂ ਲੈਕਚਰਾਂ ਦੇ ਆਧਾਰ ਤੇ ਹੀ ਸਾਲਾਨਾ ਸੰਮੇਲਨ ਸਮੇਂ ਤੁਹਾਡੇ ਲਿਖਤੀ ਮੁਕਾਬਲੇ ਕਰਾਏ ਜਾਣਗੇ। ਨਿੱਜੀ ਤੌਰ ਤੇ ਵੀ ਅਸੀਂ ਵਿਦਵਾਨ ਸੱਜਣਾਂ ਨੂੰ ਤੁਹਾਡੇ ਪਾਸ ਭੇਜਣ ਦੀ ਕੋਸ਼ਿਸ਼ ਕਰਾਂਗੇ ਜੋ ਤੁਹਾਨੂੰ ਵੱਖ ਵੱਖ ਵਿਸ਼ਿਆਂ ਤੇ ਲੈਕਚਰ ਦੇਣਗੇ। ਪਰ ਇਹ ਸਭ ਤਾਂ ਹੀ ਹੋ ਸਕੇਗਾ ਜੇ ਤੁਸੀਂ ਸੰਗਠਿਤ ਹੋਵੋਗੇ।

6. ਸਤਿਜੁਗ ਤੋਂ ਇਲਾਵਾ ਸਾਡੇ ਦੋ ਮੈਗਜ਼ੀਨ ਹੋਰ ਵੀ ਹਨ। 'ਨਿਰਖਿਅਕ' ਜੋ ਮਾਸਕ ਨਿਕਲਦਾ ਹੈ ਤੇ ਵਰਿਯਾਮ ਮਾਸਿਕ ਪੱਤਰ ਹੈ। ਸਤਿਜੁਗ ਦੇ ਨਾਲ ਨਾਲ ਇਨ੍ਹਾਂ ਦੇ ਮੈਂਬਰ ਵੀ ਬਣੋ ਪਤੇ ਇਸ ਪ੍ਰਕਾਰ ਹਨ।

| | |
|---|---|
| ਐਡੀਟਰ | ਐਡੀਟਰ |
| ਨਿਰਿਅਖਕ | 'ਵਰਿਯਾਮ' (ਪੰਜਾਬੀ) |
| E-25, ਫੋਕਲ ਪੁਆਇੰਟ | ਲਾਡੋਵਾਲੀ ਰੋਡ, |
| ਲੁਧਿਆਣਾ-141010. | ਜਲੰਧਰ |

ਅਖੀਰ ਵਿਚ ਮੈਂ ਫਿਰ ਇਹ ਹੀ ਬੇਨਤੀ ਕਰਾਂਗਾ ਕਿ ਕੇਂਦਰ ਕਾਰਜ ਕਾਰਣੀ ਤੁਹਾਡੇ ਸਹਿਯੋਗ ਤੋਂ ਬਿਨਾਂ ਕੁਝ ਨਹੀਂ ਕਰ ਸਕਦੀ। ਤੁਹਾਡੇ ਨਾਲ ਹੀ ਇਸ ਦੀ ਜੀਵਨ ਤੰਦ ਜੁੜੀ ਹੋਈ ਹੈ। ਗੱਡੀ ਦੇ ਦੋ ਪਹੀਆਂ ਵਾਂਗ ਅਸਾਂ ਮਿਲ ਕੇ ਚਲਣਾ ਹੈ। ਸਾਡਾ ਜੀਵਨ ਮਨੋਰਥ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨਾ ਹੈ। ਪਰ ਉਹ ਤਾਂ ਹੀ ਪ੍ਰਾਪਤ ਹੋਣਗੀਆਂ ਜੇ ਅਸੀਂ 'ਕਹਿਣੀ' ਦੇ ਨਹੀਂ ਬਲਕਿ 'ਕਰਨੀ' ਦੇ ਪੱਕੇ ਹੋਵਾਂਗੇ। ਭਾਵੇਂ ਉਹ ਕੇਂਦਰ ਹੋਵੇ ਜਾਂ ਸਥਾਨਿਕ ਜੱਥਾ।

ਆਓ ਅਸੀਂ ਸਭ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰੀਏ ਕਿ ਉਹ ਸਾਨੂੰ ਬੱਲ ਬਖਸ਼ਣ ਤਾਂ ਕਿ ਅਸੀਂ ਆਪਣਾ ਮੰਤਵ ਪੂਰਾ ਕਰ ਸਕੀਏ।

ਆਪ ਦਾ ਹਿਤੂ,

**ਅਜੀਤ ਸਿੰਘ**

(ਸਕੱਤਰ ਸ: ਹਿੰ: ਨਾ: ਵਿ: ਜੱਥਾ)



Sri Satguru Jagjit Singh Ji Elibrary NamdhariElibrary@gmail.com

ਸਰਕੂਲਰ ਨੰ: ੩.

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# ਸਰਬ ਹਿੰਦ ਨਾਮਧਾਰੀ ਵਿਦਿਅਕ ਜੱਥਾ (ਰਜਿ:)

# All India Namdhari Educational Society (Regd)

( ਮੁਖ ਦਫਤਰ : ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ )

**E-25, Focal Point, Ludhiana**

**Grams : Quick Lift** | **Phone : 33601**

**Ref. No. ਸ/82/10/3** | ਤਰੀਕ : **10-10-82**

ਸ੍ਰੀ ਮਾਨ ਜੀਓ,

ਸਤਿ ਸ੍ਰੀ ਅਕਾਲ ।

ਸਤਿਗੁਰੂ ਬਚਨ ਹੈ "ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ।" ਅਸੀਂ ਗੁਰੂ ਵਾਲੇ ਹਾਂ, ਸਾਡਾ ਕਰਤੱਵ ਤਾਂ ਗੁਰੂ ਹੁਕਮਾਂ ਦਾ ਪਾਲਣ ਕਰਨਾ ਹੈ। ਜੇ ਅਸੀਂ ਅਜੇਹਾ ਨਹੀਂ ਕਰਦੇ ਤਾਂ ਸਾਡਾ ਕੀ ਹਾਲ ਹੋਵੇਗਾ, ਇਹ ਸਾਨੂੰ ਸੋਚ ਲੈਣਾ ਚਾਹੀਦਾ ਹੈ।

ਸਾਡਾ ਵਿਰਸਾ ਗੌਰਵਮਈ ਹੈ। ਸਾਨੂੰ ਉਸ ਵਿਰਸੇ ਨੂੰ ਸੰਭਾਲ ਕੇ ਰਖਣਾ ਚਾਹੀਦਾ ਹੈ। ਜੋ ਕੌਮ ਆਪਣਾ ਇਤਿਹਾਸ ਨਹੀਂ ਸੰਭਾਲਦੀ, ਚਿਰੰਜੀਵੀ ਨਹੀਂ ਰਹਿ ਸਕਦੀ। ਇਕ ਜਪਾਨੀ ਅਖੌਤ ਹੈ 'ਕੌਮ ਕਿਤਾਬ ਸਾੜੇ, ਕਿਤਾਬ ਕੌਮ ਸਾੜ ਲਵੇਗੀ।' ਪਰ ਇੰਜ ਲਗਦਾ ਹੈ ਕਿ ਅਸੀਂ ਆਪਣਾ ਪਿਛੋਕੜ ਭੁਲਦੇ ਜਾ ਰਹੇ ਹਾਂ। ਸਾਨੂੰ ਸੰਭਲਣਾ ਚਾਹੀਦਾ ਹੈ। ਇਹ ਸਮੇਂ ਦੀ ਲੋੜ ਹੈ। ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕਰਿਆ ਕਰੋ ਸਾਡੇ ਤੇ ਮਿਹਰ ਕਰਨ ਤਾਂ ਜੋ ਗ੍ਰਹਿਸਤ ਵਿਚ ਰਹਿੰਦੇ ਹੋਏ ਸਾਧ ਬਣ ਜੀਵਨ ਜੀਓ ਸਕੀਏ।

ਅਜ 18-19 ਸਾਲ ਹੋ ਚੁਕੇ ਹਨ ਸਾਨੂੰ ਸੰਗਠਿਤ ਹੋਇਆਂ। ਬਹੁਤ ਕੁਝ ਕੀਤਾ ਹੈ ਅਸਾਂ ਏਹਨਾਂ ਸਾਲਾਂ ਵਿਚ। ਪਰ ਜਿਸ ਚਾਲੇ ਅਸੀਂ ਚਲ ਰਹੇ ਹਾਂ, ਸ਼ਾਇਦ ਸਾਨੂੰ ਆਪਣੀ ਮੰਜ਼ਿਲ ਤੇ ਪਹੁੰਚਦੇ ਦੇਰ ਹੋ ਜਾਵੇਗੀ। ਜਿਸ ਸਾਲ ਅਸਾਂ ਪਹਿਲਾਂ ਸੰਮੇਲਨ ਮਨਾਇਆ ਸੀ, ਉਸ ਸਾਲ ਦਾ ਜੰਮਿਆ ਬੱਚਾ ਹੁਣ 18 ਸਾਲਾਂ ਦਾ ਯੁਵਕ ਹੈ। ਉਹ ਸਾਰੇ ਬਚੇ ਜੋ ਇਸ ਉਮਰ ਦੇ ਹਨ, ਕੀ ਉਹ ਨਾਮਧਾਰੀ ਅਸੂਲਾਂ ਵਿਚ ਪ੍ਰਪੱਕ ਹਨ। ਜੇ ਨਹੀਂ ਤਾਂ ਇਸਦਾ ਕਾਰਨ ਅਸੀਂ ਹਾਂ। ਇਸਤੋਂ ਇਹ ਪਤਾ ਲਗਦਾ ਹੈ ਕਿ ਅਸੀਂ ਆਪਣੀ ਜਿੰਮੇਵਾਰੀ ਠੀਕ ਤਰਾਂ ਨਹੀਂ ਨਿਭਾਈ।

ਸਾਲ ਬਾਅਦ ਜਦੋਂ ਸੰਮੇਲਨ ਤੇ ਇਕੱਠੇ ਹੁੰਦੇ ਹਾਂ ਤਾਂ ਗਲਾਂ ਨਾਲ ਪੁਲ ਬਣ ਛਡਦੇ ਹਾਂ। ਕੋਈ ਕਸਰ ਨਹੀਂ ਛਡਦੇ ਹਵਾ ਵਿਚ ਮਹਿਲ ਉਸਾਰਣ ਦੇ। ਪਰ ਘਰ ਪਹੁੰਚਦੇ ਹੀ ਢਿਲੇ ਪੈ ਜਾਂਦੇ ਹਾਂ। ਸੰਮੇਲਨ ਤੇ ਕੇਂਦਰ ਵਾਲੇ ਸਥਾਨਿਕ ਜਥੇ ਵਾਲਿਆਂ ਨੂੰ ਤੇ ਸਥਾਨਿਕ ਵਾਲੇ ਕੇਂਦਰ ਨੂੰ ਕੋਸਦੇ ਹਨ। ਖਾਸ ਕਰ ਸਾਡੀ ਇਹ ਸ਼ਿਕਾਇਤ ਰਹਿੰਦੀ ਸੀ ਕਿ ਕੇਂਦਰ ਸਿਵਾਇ ਸੰਮੇਲਨ ਤੋਂ ਕਦੇ ਵੀ ਸਥਾਨਿਕ ਜਥਿਆਂ ਨਾਲ ਸੰਪਰਕ ਨਹੀਂ ਕਰਦਾ। ਇਹਨਾਂ ਸਾਰੀਆਂ ਗਲਾਂ ਨੂੰ ਮੁਖ ਰਖਦੇ, ਜੱਥਿਆਂ ਦੀ ਹਾਲਤ ਨੂੰ ਵੇਖਦੇ ਅਸੀਂ ਪ੍ਰੋਗਰਾਮ ਉਲੀਕੇ ਸਨ। ਜੱਥਿਆਂ ਨੂੰ ਸੰਗਠਿਤ ਕੀਤਾ ਹੈ ਤੇ ਕਿਰ , ਰਹੇ ਹਾਂ। ਜੇ ਤੁਸੀਂ ਸਾਨੂੰ ਸਹਿਯੋਗ ਦਿੰਦੇ ਰਹੇ ਤਾਂ ਅਸੀਂ ਮਹੀਨਿਆਂ ਦਾ ਕੰਮ

ਨਿਰੀਖਿਅਕ/83

Sri Satguru Jagjit Singh Ji Elibrary NamdhariElibrary@gmail.com

ਦਿਨਾਂ ਵਿਚ ਕਰ ਸਕਦੇ ਹਾਂ ਜਿਵੇਂ ਚਾਹੀਦਾ ਸੀ ਉਸ ਤਰਾਂ ਤੁਸੀਂ ਸਾਨੂੰ ਸਹਿਯੋਗ ਨਹੀਂ ਦੇ ਰਹੇ। ਹੰਭਲਾ ਮਾਰੋ ! ਇਹ ਹੀ ਉਮਰ ਹੈ ਕੁਝ ਕਰ ਵਿਖਾਣ ਦੀ। ਕੰਮ ਕਾਰ, ਨਾਮ ਸਿਮਰਨ ਦੇਸ਼ ਤੇ ਸਮਾਜ ਸੇਵਾ ਸਭ ਇਸੇ ਉਮਰ ਵਿਚ ਹੀ ਹੋ ਸਕਦੀ ਹੈ। ਜੋ ਆਦਤ ਪਾ ਲਵੋਗੇ, ਉਹ ਹੀ ਉਮਰ ਨਾਲ ਨਿਭਦੀ ਹੈ। ਜੇ ਸੋਚੋਗੇ ਕਿ ਬੁਢੇਪੇ ਵੇਲੇ ਕਰਾਂਗੇ ਤਾਂ ਇਹ ਝੂਠ ਹੈ। ਉਸ ਵੇਲੇ ਤਾਂ ਸਰੀਰ ਦੀ ਕਿਰਿਆ ਨਹੀਂ ਸਾਂਭੀ ਜਾਣੀ, ਨਾਮ ਕੀ ਜਪਣਾ ਹੈ ਤੇ ਸੇਵਾ ਕੀ ਕਰਨੀ ਹੈ। ਫਰੀਦ ਜੀ ਮਨੁਖ ਨੂੰ ਸਮਝਾਂਦੇ ਹਨ "ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ। ਭਰ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ।"

ਤੁਹਾਨੂੰ ਦੋ ਸਰਕੂਲਰ ਭੇਜ ਚੁਕੇ ਹਾਂ ਤੇ ਤੀਸਰਾ ਤੁਹਾਡੇ ਹਥਾਂ ਵਿਚ ਹੈ। ਪਹਿਲੇ ਸਰਕੂਲਰ ਵਿਚ ਕੇਂਦਰ ਕਾਰਜ ਕਾਰਣੀ ਤੇ ਸਲਾਹ-ਕਾਰ ਕਮੇਟੀ ਦੀ ਜਾਣਕਾਰੀ ਦਿਤੀ ਸੀ। ਦੂਸਰੇ ਸਰਕੂਲਰ ਵਿਚ ਤੁਹਾਨੂੰ ਤੁਹਾਡੇ ਨਿਤਾਪ੍ਰਤੀ ਜੀਵਨ ਵਿਚ ਕੁਝ ਕੁ ਅਸੂਲਾਂ ਨੂੰ ਅਪਣਾਉਣ ਲਈ ਅਰਜ ਕੀਤੀ ਸੀ। ਤੁਹਾਥੋਂ ਮੰਗ ਕੀਤੀ ਸੀ ਕਿ ਚਿੱਠੀ ਰਾਹੀਂ ਸਾਨੂੰ ਪਤਾ ਦਿਉ ਕਿ ਸਾਡੀਆਂ ਚਿਠੀਆਂ ਤੁਹਾਡੇ ਤਕ ਪਹੁੰਚ ਰਹੀਆਂ ਹਨ ਤੇ ਤੁਸੀਂ ਉਹਨਾਂ ਅਨੁਸਾਰ ਚਲ ਰਹੇ ਹੋ। ਨਾਲ ਹੀ ਇਹ ਅਰਜ ਕੀਤੀ ਸੀ ਕਿ ਸਾਨੂੰ ਵਿਸ਼ੇਸ਼ ਸਜਣਾਂ ਜਿਵੇਂ ਡਾਕਟਰ, ਇੰਜੀਨਿਅਰ, ਆਰਕੀਟੈਕਚਰਾਂ, ਪ੍ਰੋਫੈਸਰਾਂ, ਅਧਿਆਪਕਾਂ, ਖਿਡਾਰੀਆਂ, ਚੰਗੇ ਪੜੇ ਲਿਖੇ ਸਜਣਾਂ ਦੇ ਨਾਮ ਤੇ ਨਿਜੀ ਜਾਣਕਾਰੀ ਭੇਜੋ ਸਿਵਾਇ ਕੁਝ ਕੁ ਮੈਂਬਰਾਂ ਦੇ ਇਹ ਜਾਣਕਾਰੀ ਭੇਜਣ ਦੀ ਕਿਸੇ ਨੇ ਕੋਸ਼ਿਸ਼ ਨਹੀਂ ਕੀਤੀ। ਸਾਡੇ ਇਹ ਯੋਗਤਾ ਰਖਣ ਵਾਲੇ ਮੈਂਬਰਾਂ ਨੂੰ ਅਪੀਲ ਹੈ ਕਿ ਉਹ ਆਪਣੀ ਜਾਣਕਾਰੀ ਸਾਨੂੰ ਭੇਜਣ।

ਅਸੀਂ ਲਿਖਿਆ ਸੀ ਕਿ ਤੁਹਾਨੂੰ ਲੈਕਚਰਜ਼ ਭੇਜਾਂਗੇ ਜਿਨ੍ਹਾਂ ਤੋਂ ਤੁਹਾਨੂੰ ਧਰਮ ਸੰਬੰਧੀ ਮੁਢਲੀ ਜਾਣਕਾਰੀ ਮਿਲੇਗੀ। ਪਰ ਉਹ ਅਸੀਂ ਦੋ ਕਾਰਨਾਂ ਕਰਕੇ ਨਹੀਂ ਭੇਜ ਰਹੇ ਕਿ—

1. ਇਕ ਤਾਂ ਸਾਡੇ ਸਥਾਨਿਕ ਜਥਿਆਂ ਨੇ ਆਪਣੇ ਮੈਂਬਰਾਂ ਦੀ ਪੂਰੀ ਲਿਸਟ ਸਾਨੂੰ ਨਹੀਂ ਭੇਜੀ।
2. ਸਾਨੂੰ ਇਹ ਪਤਾ ਲਗਾ ਹੈ ਕਿ ਸਾਡੇ ਸਾਰੇ ਮੈਂਬਰ ਜੋ ਪੰਜਾਬ ਤੋਂ ਬਾਹਰ ਰਹਿੰਦੇ ਹਨ ਉਹਨਾਂ ਨੂੰ ਚੰਗੀ ਤਰ੍ਹਾਂ ਪੰਜਾਬੀ ਲਿਖਣੀ ਪੜ੍ਹਨੀ ਨਹੀਂ ਆਉਂਦੀ। ਇਸ ਲਈ ਸਾਨੂੰ ਇਹ ਜਾਨਣਾ ਜਰੂਰੀ ਹੈ ਕਿ ਅਸੀਂ ਇਹ ਲੈਕਚਰਜ਼ ਕਿਹੜੀਆਂ 2 ਭਾਸ਼ਾਵਾਂ ਵਿਚ ਛਪਵਾਈਏ, ਤਾਂ ਜੁ ਸਾਰੇ ਮੈਂਬਰ ਇਸ ਤੋਂ ਲਾਭ ਉਠਾ ਸਕਣ। ਸੋ ਮੈਂਬਰ ਇਹ ਦਸਣ ਦੀ ਖੇਚਲ ਕਰਨ ਕਿ ਉਹ ਕਿਹੜੀ ਭਾਸ਼ਾ ਠੀਕ ਤਰ੍ਹਾਂ ਪੜ੍ਹ ਲਿਖ ਸਕਦੇ ਹਨ।

ਅਸੀਂ ਇਕ ਕਿਤਾਬਚਾ ਛਾਪ ਰਹੇ ਹਾਂ ਜਿਸ ਵਿਚ ਇਸ ਸੰਸਥਾ ਦੇ ਮੈਂਬਰਾਂ ਦੇ ਨਾਮ, ਪਤੇ ਤੇ ਨਿਜੀ ਜਾਣਕਾਰੀ ਹੋਵੇਗੀ ਅਸੀਂ ਤੁਹਾਨੂੰ ਫਾਰਮ ਭੇਜ ਰਹੇ ਹਾਂ। ਤੁਸੀਂ ਇਹ ਫ਼ਾਰਮ ਭਰ ਕੇ ਸਾਨੂੰ ਭੇਜਣਾ ਹੈ। ਇਹਨਾਂ ਫ਼ਾਰਮਾਂ ਦੇ ਅਧਾਰ ਤੇ ਹੀ ਅਸੀਂ ਕਿਤਾਬ ਵਿਚ ਨਾਮ ਦਰਜ ਕਰਨੇ ਹਨ। ਹੋਰ ਜਿੰਨੇ ਵੀ ਨਾਮਧਾਰੀ ਨੌਜਵਾਨ ਤੁਹਾਡੇ ਇਲਾਕੇ ਵਿਚ ਰਹਿੰਦੇ ਹਨ, ਉਹਨਾਂ ਨੂੰ ਮਿਲਕੇ, ਮੰਗੀ ਜਾਣਕਾਰੀ ਇਕਤਰ ਕਰਕੇ ਸਾਨੂੰ ਭੇਜੋ। ਜੇ ਫ਼ਾਰਮ ਨਹੀਂ ਵੀ ਹੈ ਤੁਹਾਡੇ ਕੋਲ, ਤਾਂ ਸਾਫ ਪੇਪਰ ਤੇ ਫ਼ਾਰਮ ਵਿਚ ਮੰਗੀ ਜਾਣਕਾਰੀ ਲਿਖ ਕੇ ਭੇਜ ਦੇਵੋ।

ਅਸੀਂ ਹਰ ਇਕ ਮੈਂਬਰ ਨੂੰ ਇਕ Identity Card ਦੇ ਰਹੇ ਹਾਂ। ਸੋ ਫਾਰਮ ਭਰਣ ਲਗੇ ਆਪਣੀਆਂ ਪਾਸਪੋਰਟ ਸਾਈਜ਼ ਦੀਆਂ ਦੋ ਤਸਵੀਰਾਂ ਵੀ ਨਾਲ ਭੇਜਣ ਦੀ ਕ੍ਰਿਪਾਲਤਾ ਕਰੋ। ਤਾਂ ਜੁ ਨਾਮ ਦਰਜ਼ ਕਰਨ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾ ਸਕੇ।

ਸਾਡੇ ਵਿਚੋਂ ਕਈ ਚੰਗੇ ਖਿਡਾਰੀ ਹੋਣਗੇ ਤੇ ਕਈ ਉਚਕੋਟੀ ਦੇ ਲਿਖਾਰੀ, ਕਈ ਸਜਣ ਪੜਾਈ ਵਿਚ ਅਗਾਂਹ ਵਧੂ ਹੋਣਗੇ ਤੇ ਕਈ ਵੀਰ ਸਮਾਜ ਸੇਵਕ ਹੋਣਗੇ। ਤੁਸੀਂ ਆਪਣੀਆਂ ਪ੍ਰਾਪਤੀਆਂ ਦੀ ਸਾਨੂੰ ਜਾਣਕਾਰੀ ਭੇਜੋ। ਸਾਡੀ ਇਹ ਇਛਾ ਹੈ ਕਿ ਕੇਂਦਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਡੇ ਮੈਂਬਰ ਕਿਥੋਂ ਤੀਕ ਪਹੁੰਚੇ ਹਨ। ਤਾਂ ਕਿ ਕੇਂਦਰ ਵਲੋਂ ਉਹਨਾਂ ਨੂੰ ਵੇਲੇ ਵਿਚ ਵਰਤਿਆ ਜਾ ਸਕੇ ਤੇ ਸਨਮਾਨਿਆ ਜਾ ਸਕੇ।



Sri Satguru Jagjit Singh Ji Elibrary NamdhariElibrary@gmail.com

**ਕੇਂਦਰ ਕਾਰਜ ਕਾਰਣੀ ਦੀ ਰੀਪੋਰਟ :—** ਆਪ ਜੀ ਨੂੰ ਪਤਾ ਹੀ ਹੈ ਕਿ ਇਸ ਸੰਮੇਲਨ ਤੇ ਨਵੀਂ ਕੇਂਦਰ ਕਾਰਜ ਕਾਰਣੀ ਬਣਾਈ ਗਈ ਹੈ। ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਇਸ ਤਿੰਨ ਕੁ ਮਹੀਨਿਆਂ ਵਿਚ ਸਾਨੂੰ ਕਾਫ਼ੀ ਸਫਲਤਾ ਹਥ ਲਗੀ ਹੈ। ਸਾਡਾ ਪਹਿਲਾ ਕੰਮ ਵਿਦਿਅਕ ਜਥਿਆਂ ਨੂੰ ਸੰਗਠਨ ਕਰਨਾ ਸੀ। ਅਸੀਂ 14-8-82 ਨੂੰ ਜਮਨਾ ਨਗਰ, 15-8-82 ਨੂੰ ਦਿੱਲੀ, 20-8-82 ਨੂੰ ਲੁਧਿਆਣਾ, 29-8-82 ਨੂੰ ਅੰਮ੍ਰਿਤਸਰ ਤੇ ਬਟਾਲਾ-ਗੁਰਦਾਸਪੁਰ, 30-8-82 ਨੂੰ ਜੰਮੂ, 5-9-82 ਨੂੰ ਮੰਡੀ, 6-9-82 ਨੂੰ ਭੂੰਤਰ ਤੇ 7-9-82 ਨੂੰ ਸੁੰਦਰ ਨਗਰ ਜਾ ਕੇ ਉਥੋਂ ਦੇ ਜਥਿਆਂ ਨੂੰ ਮੁੜ ਸੰਗਠਿਤ ਕੀਤਾ ਹੈ ਤੇ ਪ੍ਰਧਾਨ, ਸਕੱਤਰ ਤੇ ਖਜ਼ਾਨਚੀ ਤੇ ਹੋਰ ਅਹੁਦੇਦਾਰਾਂ ਵਿਚ ਕੰਮ ਕਾਜ ਦੀ ਵੰਡ ਕੀਤੀ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :—

ਜਮਨਾ ਨਗਰ—ਪ੍ਰਧਾਨ : ਸ੍ਰੀ ਸੰਤੋਖ ਸਿੰਘ ਜੀ। ਸਕੱਤਰ : ਹਰਜਿੰਦਰ ਸਿੰਘ ਜੀ B.Sc.।

ਦਿੱਲੀ—ਪ੍ਰਧਾਨ : ਸ੍ਰੀ ਸੁਖਦੇਵ ਸਿੰਘ ਜੀ (M.Sc. Previous Year)। ਸਕੱਤਰ : ਸ੍ਰੀ ਜੰਗ ਬਹਾਦਰ ਸਿੰਘ

ਲੁਧਿਆਣਾ—ਪ੍ਰਧਾਨ : ਸ੍ਰੀ ਦਰਸ਼ਨ ਸਿੰਘ ਜੀ। ਸਕੱਤਰ : ਸ੍ਰੀ ਹਰਭਜਨ ਸਿੰਘ ਜੀ।

ਅੰਮ੍ਰਿਤਸਰ—ਪ੍ਰਧਾਨ : ਸ੍ਰੀ ਬਲਦੇਵ ਸਿੰਘ ਜੀ। ਸਕੱਤਰ : ਸ੍ਰੀ ਮਹਿੰਦਰਪਾਲ ਸਿੰਘ ਜੀ।

ਬਟਾਲਾ-ਗੁਰਦਾਸਪੁਰ—ਪ੍ਰਧਾਨ : ਜਥੇਦਾਰ ਅਜੀਤ ਸਿੰਘ ਜੀ। ਸਕੱਤਰ : ਪ੍ਰੋ. ਜੋਗਿੰਦਰ ਸਿੰਘ ਕੰਗ M.A LibSc.

ਜੰਮੂ—ਪ੍ਰਧਾਨ : ਸ੍ਰੀ ਕਰਮ ਸਿੰਘ ਜੀ B.Sc.। ਸਕੱਤਰ : ਚਰਨ ਸਿੰਘ ਜੀ ਚੰਨ B.Sc.।

ਮੰਡੀ—ਪ੍ਰਧਾਨ : ਸ੍ਰੀ ਰਛਪਾਲ ਸਿੰਘ ਜੀ। ਸਕੱਤਰ : ਸਤਵਿੰਦਰ ਸਿੰਘ B Com.

ਭੂੰਤਰ—ਪ੍ਰਧਾਨ : ਸ੍ਰੀ ਕੇਹਰ ਸਿੰਘ ਜੀ ਹਮਰਾਹੀ। ਸਕੱਤਰ : ਸ੍ਰੀ ਅਮੋਲਕ ਸਿੰਘ ਜੀ B.A.

ਇਸ ਤੋਂ ਇਲਾਵਾ ਜਲੰਧਰ, ਦੋਆਬਾ, ਚੰਡੀਗੜ੍ਹ, ਮੁਹਾਲੀ, ਸਰਸਾ, ਹਿਸਾਰ ਫਤਿਆਬਾਦ, ਸ੍ਰੀ ਜੀਵਨ ਨਗਰ, ਸਿਆੜ, ਅਮਰੋਹਾ (ਯੂ. ਪੀ.) ਫਰੀਦਾਬਾਦ, ਬਰੇਲੀ, ਗਵਾਲੀਅਰ ਆਦਿ ਦੇ ਮੈਂਬਰਾਂ ਨਾਲ ਸੰਪਰਕ ਕਾਇਮ ਹੈ। ਅਗਲੇ ਸਰਕੂਲਰ ਵਿਚ ਇਹਨਾਂ ਜਥਿਆਂ ਬਾਰੇ ਵੀ ਜਾਣਕਾਰੀ ਦਿਤੀ ਜਾਵੇਗੀ। ਕਈ ਸ਼ਹਿਰਾਂ ਵਿਚ ਜਥੇ ਨਹੀਂ ਬਣਾਏ ਜਾ ਸਕਦੇ, ਉਨ੍ਹਾਂ ਮੈਂਬਰਾਂ ਨੂੰ ਨੇੜੇ ਦੇ ਜਥਿਆਂ ਨਾਲ ਗੁੱਟਬੰਦ ਕਰ ਰਹੇ ਹਾਂ ਜਾਂ ਸਿਧੇ ਤੌਰ ਤੇ ਉਹ ਕੇਂਦਰ ਨਾਲ ਹੀ ਸੰਪਰਕ ਰਖਣ, ਇਸ ਬਾਰੇ ਵੀ ਅਗਲੇ ਸਰਕੂਲਰ ਵਿਚ ਦਸਾਂਗੇ।

ਇਹ ਜੋ ਵਿਦਿਅਕ ਜਥੇ ਹਨ, ਸਾਡੇ ਅਧਿਆਤਮਕ ਸਕੂਲ ਹਨ। ਸਕੂਲ ਜਾਣ ਬਿਨਾ ਕੋਈ ਬੱਚਾ ਮਾਸਟਰ ਨਹੀਂ ਬਣ ਸਕਦਾ। ਵਿਦਿਆ ਜੀਵਨ ਦਾ ਜ਼ਰੂਰੀ ਅੰਗ ਹੈ। ਧਾਰਮਿਕ, ਸਮਾਜਿਕ ਤੇ ਆਰਥਿਕ ਵਿਵਸਥਾਵਾਂ ਦਾ ਸਾਨੂੰ ਗਿਆਨ ਹੋਣਾ ਚਾਹੀਦਾ ਹੈ। ਇਕੱਠੇ ਬੈਠ ਵਿਚਾਰਾਂ ਕਰਿਆ ਕਰੋ। ਤੁਹਾਡੀ ਜਾਣਕਾਰੀ ਵਿਚ ਵਾਧਾ ਹੋਵੇਗਾ, ਸਮਾਜ ਵਿਚ ਵਿਚਰਨਾ ਸਿਖੋਗੇ। ਸੰਮੇਲਨਾਂ ਤੇ ਆਉਗੇ, ਤੁਹਾਡਾ ਚੌਗਿਰਦਾ ਵਧੇਗਾ। ਅਸੀਂ ਤੁਹਾਨੂੰ ਇਕ ਵਿਸ਼ਾ ਭੇਜ ਰਹੇ ਹਾਂ। ਤੁਸੀਂ ਇਸ ਵਿਸ਼ੇ ਤੇ ਵਿਚਾਰ ਕਰੋ। ਤੁਸੀਂ ਕਿਸ ਨਤੀਜੇ ਤੇ ਪਹੁੰਚਦੇ ਹੋ। ਮਹੀਨੇ ਬਾਅਦ ਉਸ ਦੀ ਰਿਪੋਰਟ ਸਾਨੂੰ ਭੇਜੋ। ਵਿਸ਼ਾ ਹੈ—

**"ਨਾਮਧਾਰੀ ਅਸੂਲ ਤੇ ਅਜ ਦਾ ਸਮਾਜ"**

ਗਲਾਂ ਕਰਨ ਨਾਲ ਸਾਡੇ ਆਚਰਨ ਉਚੇ ਨਹੀਂ ਹੋਣੇ। ਪਿਆਸ ਪਾਣੀ ਪੀਣ ਨਾਲ ਹੀ ਬੁਝਦੀ ਹੈ, ਸਮੁੰਦਰ ਕਿਨਾਰੇ ਜਾਣ ਨਾਲ ਨਹੀਂ। ਕਹਿਣੀ ਨਹੀਂ 'ਕਰਨੀ' ਦੇ ਧਾਰਨੀ ਬਣੋ। ਧਰਮ ਲੇਖੇ ਟਾਈਮ ਕਢਿਆ ਕਰੋ। ਘਰੇਲੂ ਕੰਮ ਕਦੇ ਨਹੀਂ ਮੁਕਣੇ। ਚੰਗੇ ਕਰਮ ਕਰਦਿਆਂ ਨੁਕਸਾਨ ਨਹੀਂ ਹੁੰਦਾ। ਜਿੰਨਾ ਧਨ, ਸਮਾਂ, ਧਰਮ ਲੇਖੇ ਖਰਚ ਕਰੋਗੇ, ਤੁਹਾਡੀ ਕਮਾਈ ਵਿਚ ਬਰਕਤ ਪਵੇਗੀ। ਇਹ ਜਨਮ ਤਾਂ ਸਫਲਾ ਹੋਵੇਗਾ ਹੀ, ਸਗੋਂ ਅਗਲਾ ਜਨਮ ਵੀ ਸਵਰੇਗਾ।

ਸ੍ਰੀ ਸਤਿਗੁਰੂ ਜੀ ਸਾਡੇ ਤੇ ਕ੍ਰਿਪਾ ਕਰਨ, ਸਾਡੀ ਸੰਸਥਾ ਵਧਦੀ ਫੁਲਦੀ ਰਹੇ। ਇਹੀ ਸਾਡੀ ਆਰਜ਼ੂ ਹੈ। ਤੇ ਇਹ ਹੀ ਕਾਮਨਾ ਹੈ!

ਆਪ ਦਾ ਹਿਤੂ—
**ਅਜੀਤ ਸਿੰਘ ਸਕੱਤਰ**



Sri Satguru Jagjit Singh Ji Elibrary NamdhariElibrary@gmail.com

# ਕਾਲਾ ਪਾਣੀ (ਅੰਡਮਾਨ ਟਾਪੂ) ਅਤੇ ਇਸ ਨਾਲ ਨਾਮਧਾਰੀ ਇਤਿਹਾਸ ਦਾ ਸੰਬੰਧ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਬੰਗਾਲ ਦੀ ਖਾੜੀ ( ਸਮੁੰਦ੍ਰ ) ਵਿਚ ਭਾਰਤ ਤੋਂ ਦਖਨ ਪੂਰਬ ਵਲ ਕ੍ਰੀਬ ੬੫੦ ਮੀਲ ਸਥਿਤ ਅੰਡਮਾਨ ਨਿਕੋਬਾਰ ਨਾਮ ਦੇ ਛੋਟੇ ਵੱਡੇ ਟਾਪੂ ਜਿਨਾਂ ਦੀ ਗਿਣਤੀ ੨੦੦ ਤੋਂ ਉਪਰ ਹੈ, ਇਸ ਸਮੇਂ ਭਾਰਤ ਦੀ ਕੇਂਦ੍ਰੀ ਸਰਕਾਰ ਦੇ ਅਧੀਨ ਉਥੇ ਦੀ ਕੌਂਸਲ ਜਿਸਦੇ ਪੰਜ ਮੈਂਬਰ ਕੌਂਸਲਰ ਦੀ ਪਦਵੀ ਰਖਦੇ ਹਨ, ਦਖਣੀ ਅੰਡਮਾਨ ਦਾ ਵਡਾ ਸ਼ਹਿਰ ਪੋਰਟਬਲੇਅਰ (PORT BLAIR) ਜੋ ਇਸ ਦੀਪ ਸਮੂਹ ਦੀ ਰਾਜਧਾਨੀ ਹੈ, ਵਿਚ ਰਾਜ ਪ੍ਰਬੰਧ ਚਲਾ ਰਹੇ ਹਨ। ਅੰਡਮਾਨ-ਨਿਕੋਬਾਰ ਦੀਪ ਸਮੂਹ ਦੀ ਲੰਬਾਈ ਉਤਰ ਤੋਂ ਦਖਨ ਤਕ ਅੰਦਾਜਨ ੪੦੦ ਮੀਲ ਜਾਂ ਇਸਤੋਂ ਕੁਝ ਘਟ ਹੋ ਸਕਦੀ ਹੈ।

ਸੰਨ ੧੭੮੯ ਈ: ਵਿਚ ਅੰਗਰੇਜ਼ੀ ਸਰਕਾਰ ਨੇ ਇਨ੍ਹਾਂ ਟਾਪੂਆਂ ਤੇ ਇਕ ਬਸਤੀ ਵਸਾਈ ਸੀ। ਇਥੋਂ ਦਾ ਜਲ-ਵਾਯੂ ਸੇਹਤ ਦੇ ਪ੍ਰਤਿਕੂਲ ਹੋਣ ਕਰਕੇ ਅਤੇ ਵਰਤਮਾਨ ਸਮੇਂ ਜੈਸੀਆਂ ਲੋੜਾਂ ਪੂਰੀਆਂ ਕਰਨ ਦੇ ਸਾਧਨ ਉਪਲਬਧ ਨ ਹੋਣ ਕਰਕੇ ਇਸ ਬਸਤੀ ਵਿਚੋਂ ਬਹੁਤ ਸਾਰੇ ਮਰ ਗਏ ਅਤੇ ਇਸ ਜਗ੍ਹਾ ਤੋਂ ਵਸੋਂ ਹਟਾ ਲਈ ਗਈ।

ਸੰਮਤ ੧੯੧੪ (ਸੰਨ ੧੮੫੭) ਵਿਚ ਜਿਨ੍ਹਾਂ ਦੇਸ਼ਭਗਤਾਂ ਨੇ ਵਿਦੇਸ਼ੀ ਸਰਕਾਰ ਵਿਰੁਧ ਹਥਿਆਰ-ਬੰਦ ਅੰਦੋਲਨ ਕੀਤਾ, ਜਿਸ ਨੂੰ 'ਸਿਪਾਹੀ ਵਿਦਰੋਹ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਅੰਦੋਲਨ ਦੇ ਅਸਫਲ ਹੋਣ ਤੇ ਬੰਦੀ ਬਣਾਏ ਹੋਏ ਅਨੇਕਾਂ ਭਾਰਤੀ ਕਈ ਪ੍ਰਕਾਰ ਦੇ ਤਸੀਹੇ ਦੇ ਕੇ ਮਾਰ ਦਿਤੇ ਗਏ ਅਤੇ ਕੁਛ ਐਸੇ ਜਿਨ੍ਹਾਂ ਦੀ ਗਿਣਤੀ ੨੦੦ ਦੇ ਕਰੀਬ ਸੀ, ਇਸ ਜਗ੍ਹਾ ਇਸ ਕਰਕੇ ਲਿਆ ਕੇ ਰਖੇ ਗਏ ਕਿ ਜੇ ਇਹ ਬੀਮਾਰ ਹੋ ਜਾਣਗੇ ਜਾਂ ਮਰ ਜਾਣਗੇ ਤਾਂ ਅੱਛਾ ਹੋਇਗਾ। ਇਨ੍ਹਾਂ ਨੂੰ ਆਜੀਵਨ ਕਾਰਾਵਾਸ (ਉਮਰ ਕੈਦ) ਦੇ ਦੰਡ ਹੋਣ ਦੇ ਨਾਤੇ ਇਨ੍ਹਾਂ ਦਾ ਜਿਊਂਦੇ ਵਾਪਸ ਆਉਣਾ ਤਾਂ ਅਸੰਭਵ ਹੀ ਸੀ ਪਰ ਇਨ੍ਹਾਂ ਨੂੰ ਬੇਤਰਸ ਹੋ ਕੇ ਜੋ ਮੁਸ਼ਕਲਾਂ ਦਿਤੀਆਂ ਗਈਆਂ ਉਨ੍ਹਾਂ ਨੂੰ ਸੁਣ ਸੁਣ ਕੇ ਰੌਂਗਟੇ ਖੜੇ ਹੁੰਦੇ ਹਨ। ਇਸ ਦੀਪ ਸਮੂਹ ਦੀ ਵਰਤਮਾਨ ਰਾਜਧਾਨੀ ਪੋਰਟਬਲੇਅਰ ਤੋਂ ਪੂਰਬ ਵਲ ਜੋ ਪਹਾੜ (ਟਾਪੂ) ਹੈ ਉਸ ਤੇ ਪਹਿਲਾਂ ਵਾਈਪਰ ਜੇਲ੍ਹ ਬਣਾਈ ਗਈ। 'ਵਾਈਪਰ' ਅੰਗਰੇਜ਼ੀ ਸ਼ਬਦ ਦਾ ਅਰਥ ਹੈ 'ਜ਼ਹਿਰੀ ਨਾਗ' ਜਾਂ ਵਿਹੁ ਦੀ ਪੁੜੀ। ਇਥੇ ਕੁਝ ਹੀ ਕੈਦੀ ਰਹਿ ਸਕਦੇ ਸਨ, ਬਹੁਤੇ ਜੇਲ੍ਹ ਤੋਂ ਬਾਹਰ ਹੀ ਰਹਿੰਦੇ ਸਨ। ਇਨ੍ਹਾਂ ਤੋਂ [ਲਗੇ ਲਗਾਏ ਜ਼ੰਜੀਰਾਂ ਨਾਲ] ਦਰਖਤ ਕਟਾਉਣੇ, ਜਗ੍ਹਾ ਸਾਫ ਕਰਾਉਣੀ ਅਤੇ ਹੋਰ ਕਈ ਪ੍ਰਕਾਰ ਦੀ ਸਖਤ ਮੁਸ਼ੱਕਤ ਲਈ ਜਾਂਦੀ ਸੀ। ਖਾਣ ਪੀਣ ਨੂੰ ਥੋੜਾ



Sri Satguru Jagjit Singh Ji Elibrary NamdhariElibrary@gmail.com

ਮਿਲਦਾ ਸੀ। ਕੈਦੀ ਕਮਜ਼ੋਰ ਹੋ ਜਾਣ ਜਾਂ ਬੀਮਾਰ ਹੋ ਜਾਣ ਇਸ ਦੀ ਕੋਈ ਸੰਭਾਵਨਾ ਨਹੀਂ ਕੀਤੀ ਜਾ ਸਕਦੀ ਸੀ ਤਾਂ ਵੀ ਪ੍ਰਬੰਧਕਾਂ ਦੇ ਬੇਰਹਿਮ ਵਰਤਾਉ ਤੋਂ ਤੰਗ ਆ ਕੇ ਕਈਆਂ ਨੇ ਓਥੋਂ ਚੋਰੀ ਭਜਣ ਦੇ ਜਤਨ ਕੀਤੇ। ਇਨ੍ਹਾਂ ਵਿਚੋਂ ਜੋ ਪਕੜੇ ਗਏ ਉਨ੍ਹਾਂ ਨੂੰ ਫ਼ੁਰੰਤ ਫਾਂਸੀ ਦਿਤੀ ਗਈ। ਕੁਝ ਉਹ ਸਨ ਜਿਨ੍ਹਾਂ ਨੂੰ ਆਦੀ ਵਾਸੀਆਂ (ਭੀਲਾਂ) ਨੇ ਮਾਰ ਦਿਤਾ ਬਾਕੀ ਭੁਖ ਤਰੇਹ ਅਤੇ ਕਈ ਪ੍ਰਕਾਰ ਦੇ ਕਸ਼ਟ ਸਹਾਰਦੇ ਹੋਏ ਮਰ ਗਏ। ਏਹਨਾਂ ਸਭਨਾਂ ਦੀ ਗਿਣਤੀ ਕੀਤੀ ਨਹੀਂ ਜਾ ਸਕਦੀ। ਜੇਹਲ ਦੀ ਕੋਈ ਇਮਾਰਤ ਨਾ ਹੋਣ ਕਰਕੇ ਅਤੇ ਸੁਰਖਿਆ ਪ੍ਰਬੰਧ ਅਧੂਰੇ ਹੋਣ ਕਰਕੇ ਕਈ ਇਹ ਕੈਦੀ ਭੀਲਾਂ ਦਾ ਸ਼ਿਕਾਰ ਵੀ ਹੁੰਦੇ ਰਹਿੰਦੇ। ਇਨ੍ਹਾਂ ਕੈਦੀਆਂ ਵਿਚ ਰਾਜਸੀ ਬੰਦੀਆਂ ਤੋਂ ਬਿਨਾਂ ਕਈ ਫ਼ੌਜਦਾਰੀ, ਕਤਲ ਮੁਕੱਦਮਿਆਂ ਵਿਚ ਆਏ ਹੋਏ ਵੀ ਸਨ।

ਇਸ ਜੇਹਲ ਟਾਪੂ ਨੂੰ 'ਪੀਨਲ ਸੈਟਲਮੈਂਟ' (ਦੰਡਕਾਰ ਸਥਾਪਨਾ) ਦਾ ਨਾਮ ਦਿਤਾ ਗਿਆ। ਜਿਨ੍ਹਾਂ ਨੂੰ ਜੀਵਨ ਭਰ ਦੇਸ਼ ਨਿਰਵਾਸਤ ਕੀਤਾ ਜਾਂਦਾ ਸੀ, ਏਥੇ ਆਏ ਹੋਏ ਕੈਦੀਆਂ ਲਈ ਦੰਡ ਦੀ ਵਿਸ਼ੇਸ਼ ਧਾਰਾ ਦੀ ਵਿਆਖਿਆ ਇਓਂ ਹੈ :—

> "ਕਾਲੇ ਪਾਣੀ ਦੇ ਕੈਦੀ ਨੂੰ ਕਰੜੇ ਅਨੁਸ਼ਾਸਨ ਦੇ ਨਾਲ ਸਖਤ ਮਿਹਨਤ ਕਰਨੀ ਹੁੰਦੀ ਹੈ। ਖਾਣਾ ਉਤਨਾ ਹੀ ਮਿਲੇਗਾ ਜੋ ਸਿਹਤ ਵਾਸਤੇ ਜ਼ਰੂਰੀ ਹੈ। ਇਸ ਤੋਂ ਵਧ ਕੋਈ ਸਹੂਲਤ ਮਿਹਰਬਾਨੀ ਗਿਣੀ ਜਾਏਗੀ। ਜੋ ਕਿ ਸਾਰੀ ਜਾਂ ਥੋੜੀ ਕਿਸੇ ਵਕਤ ਵੀ ਵਾਪਸ ਲਈ ਜਾ ਸਕਦੀ ਹੈ।"

ਜੇਹਲ ਅੰਦਰ ਜਿਨ੍ਹਾਂ ਜਾ ਕੇ ਦੇਖਿਆ ਹੈ, ਇਹ ਉਹੀ ਜਾਣਦੇ ਹਨ ਕਿ ਜੇਹਲ ਦੀ ਦੁਨੀਆਂ ਬਾਹਰਲੀ ਨਾਲੋਂ ਅਲਗ ਹੈ। ਉਥੇ ਮਨੁੱਖਾਂ ਨਾਲ ਮਨੁੱਖੀ ਵਰਤਾਉ ਨਾ ਕੀਤਾ ਜਾਵੇ ਤਾਂ ਇਸ ਦੀ ਕੋਈ ਸੁਣਵਾਈ ਨਹੀਂ ਹੁੰਦੀ। ਅੱਜ ਦੀ ਜੇਲ੍ਹ ਦੀ ਦਸ਼ਾ ਹੋਰ ਹੈ। ਅਜ ਤੋਂ ਸੌ ਸਾਲ ਪਹਿਲਾਂ ਕੁਝ ਹੋਰ ਹੀ ਸਥਿਤੀ ਸੀ। ਸੁਣਵਾਈ ਤਾਂ ਵੈਸੇ ਨਹੀਂ ਹੁੰਦੀ ਅਤੇ ਜਿਥੇ ਜੀਵਨ ਭਰ ਕੋਈ ਮਿਲਣ ਵਾਲਾ ਨਹੀਂ ਜਾ ਸਕਦਾ ਸੀ, ਕੋਈ ਦੇਖਦਾ ਨਹੀਂ ਸੀ। ਓਥੇ ਸੁਣਵਾਈ ਹੋਣ ਦਾ ਪ੍ਰਸ਼ਨ ਹੀ ਨਹੀਂ ਉਠਦਾ।

ਦੂਸਰੀ, ਏਸੇ ਟਾਪੂ ਤੇ "ਸੈਲੂਲਰ" ਜੇਹਲ [ਬੰਦ ਕੋਠੜੀ ਜੇਹਲ] ਤਿੰਨ ਮੰਜ਼ਲੀ ਬਣਾਈ ਗਈ ਜਿਸ ਵਿਚ ੬੦੦ ਕੋਠੜੀਆਂ ਸਾਢੇ ਤੇਰਾਂ × ਸਾਢੇ ਸਤ ਫੁਟ ਅਕਾਰ ਦੇ ਕਮਰੇ ਅਤੇ ਲੋਹੇ ਦੇ ਜੰਗਲੇ ਵਾਲੇ ਦਰਵਾਜ਼ੇ ਹਰ ਕੋਠੜੀ ਨੂੰ ਲਗਾਏ ਗਏ। ਇਸ ਜੇਹਲ ਦੀ ਇਮਾਰਤ ੧੯੦੬ ਈ. ਵਿਚ ਮੁਕੰਮਲ ਹੋਈ ਸੀ। ਏਥੇ ਰਖੇ ਗਏ ਕੈਦੀਆਂ ਨੂੰ ਟੱਟੀ ਪੇਸ਼ਾਬ ਵਾਸਤੇ ਭਾਂਡਾ ਇਤਨਾ ਛੋਟਾ ਦਿਤਾ ਜਾਂਦਾ ਸੀ, ਕਿ ਇਕ ਅੱਧ ਵਾਰੀ ਹੀ ਵਰਤਿਆ ਜਾ ਸਕੇ। ਰਾਤ ਨੂੰ ਕੋਈ ਟੱਟੀ ਪੇਸ਼ਾਬ ਨਹੀਂ ਕਰ ਸਕਦਾ ਸੀ। ਜੇ ਕਿਤੇ ਕੋਈ ਬਾਹਰ ਕਰੇ ਤਾਂ ਸਖਤ ਸਜ਼ਾ ਦਿਤੀ ਜਾਂਦੀ ਸੀ।

ਅੰਮ੍ਰਿਤਸਰ ਬੁਚੜ-ਬਧ ਕੇਸ ਵਿਚ ਚਾਰ ਨਾਮਧਾਰੀ ਫਾਂਸੀ ਤੇ ਸ਼ਹੀਦ ਹੋਏ। ਇਨ੍ਹਾਂ ਤੋਂ ਬਿਨਾਂ ਲਾਲ ਸਿੰਘ [ਸਿਪਾਹੀ] ਅਤੇ ਲਹਿਣਾ ਸਿੰਘ ਨੂੰ ਕਾਲੇ ਪਾਣੀ [ਅੰਡੇਮਾਨ] ਦੀ ਸਜ਼ਾ ਹੋਈ ਸੀ। ਉਨ੍ਹਾਂ ਦਾ ਅੰਤ ਕਦੋਂ ਅਤੇ ਕਿਥੇ ਹੋਇਆ, ਅਜੇ ਤਕ ਕੋਈ ਸੰਕੇਤ ਨਹੀਂ ਮਿਲ ਸਕਿਆ। ਸੈਲੂਲਰ ਜੇਹਲ ਬਾਅਦ ਵਿਚ ਬਣੀ ਹੈ, ਇਹ ਦੋਵੇਂ ਨਿਸਚਯ ਹੀ ਵਾਈਪਰ ਜੇਹਲ ਵਿਚ ਰਖੇ ਗਏ ਹੋਣਗੇ।

ਪੋਰਟ ਬਲੇਅਰ ਤੋਂ ਦਖਣ ਪਾਸੇ "ਮਾਊਂਟ ਹੈਰੀਅਟ" ਪਹਾੜ ਹੈ। ਇਸ ਤੇ ਪੀਣ ਵਾਲਾ ਪਾਣੀ ਕਾਫੀ ਹੈ ਅਤੇ ਉਚਾ ਪਹਾੜ ਹੋਣ ਕਰਕੇ, ਉਚੋਂ ਦੇ ਪ੍ਰਬੰਧਕਾਂ ਨੇ ਕੈਦੀਆਂ ਦੇ ਸੁਆਸਥ ਲਈ ਹਸਪਤਾਲ ਬਨਾਉਣ ਦੀ ਤਜਵੀਜ਼ ਕੀਤੀ ਸੀ। ਇਹ ਤਜਵੀਜ਼ ਉਨ੍ਹਾਂ ਨੇ ਉਸ ਵੇਲੇ ਦੇ ਵਾਈਸਰਾਇ 'ਲਾਰਡ ਮਿਓ' ਨੂੰ ਭੇਜੀ। ਮਿਓ ਨੇ ਇਸ ਜਗ੍ਹਾ ਦਾ ਨਿਰੀਖਣ ਆਪ ਕਰਨਾ ਜ਼ਰੂਰੀ ਸਮਝਿਆ।

ਏਨਾਂ ਦਿਨਾਂ ਵਿਚ ਅੰਗਰੇਜ਼ੀ ਰਾਜ ਬੜੇ ਜ਼ੋਰਾਂ ਤੇ ਸੀ। ਦੇਸ਼ ਦੀ ਸੰਸਕ੍ਰਿਤੀ ਭ੍ਰਿਸ਼ਟ ਕਰਨ ਲਈ,



Sri Satguru Jagjit Singh Ji Elibrary NamdhariElibrary@gmail.com

ਦੇਸ਼ ਵਾਸੀਆਂ ਦੀ ਦੇਸ਼ ਪਿਆਰ ਦੀ ਭਾਵਨਾ ਕੁਚਲਣ ਲਈ; ਅੰਗਰੇਜ਼ਾਂ ਨੇ ਧਰਮ ਦੇ ਨਾਮ ਤੇ ਲੋਕਾਂ ਦੇ ਆਪਸੀ ਵਿਰੋਧ ਪੈਦਾ ਕੀਤੇ। ਪੰਜਾਬ ਵਿਚ ਖਾਸ ਕਰਕੇ ਮੁਸਲਮਾਨ ਇਕ ਪਾਸੇ ਅਤੇ ਹਿੰਦੂ ਅਤੇ ਸਿਖ ਦੂਜੇ ਪਾਸੇ ਕਰਕੇ ਕਈ ਤਰ੍ਹਾਂ ਦੇ ਉਪਦ੍ਰਵ ਪੈਦਾ ਕੀਤੇ। ਜਗ੍ਹਾ ਜਗ੍ਹਾ ਤੇ ਬੁਚੜ ਖਾਨੇ ਬਣਵਾਏ ਅਤੇ ਵਿਸ਼ੇਸ਼ ਕਰਕੇ ਗਊ ਘਾਤ ਕਰਨ ਲਈ ਮੁਸਲਮਾਨਾਂ ਨੂੰ ਪ੍ਰੋਤਸਾਹਨ ਦਿਤੇ। ਨਾਮਧਾਰੀ ਸਿੰਘਾਂ ਨੇ ਅੰਮ੍ਰਿਤਸਰ ਅਤੇ ਰਾਏਕੋਟ ਗੁਰਦੁਆਰਿਆਂ ਦੇ ਪਾਸ ਬੁਚੜਖਾਨੇ ਹੋਣ ਕਰਕੇ ਗੁਰਦਵਾਰਿਆਂ ਦਾ ਅਪਮਾਨ ਨਾ ਸਹਾਰਦਿਆਂ ਬੁਚੜਮਾਰੇ ਜਿਸਤੋਂ ਫਾਂਸੀਆਂ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਹੋਈਆਂ। ਮਲੇਰ ਕੋਟਲੇ ਵੀ ਇਸੇ ਕਾਰਣ ਵਡਾ ਸੰਘਰਸ਼ ਹੋਇਆ। ਅੰਗ੍ਰੇਜ਼ੀ ਸ਼ਾਸਕਾਂ ਨੇ ਬਿਨਾ ਮੁਕਦਮਾ ਚਲਾਏ ਹੋਏ ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕੀਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਮੁਖੀ ਸੂਬਿਆਂ ਨੂੰ ਵਖ ਵਖ ਜਗ੍ਹਾ ਤੇ ਬੰਦੀ ਬਣਾ ਕੇ ਰਖਣ ਲਈ ਪ੍ਰਯਾਗ ਦੇ ਕਿਲੇ ਵਿਚ ਲੈ ਗਏ।

ਪ੍ਰਯਾਗ (ਇਲਾਹਾਬਾਦ) ਦੇ ਕਿਲੇ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕ੍ਰੀਬ ੨ ਮਹੀਨੇ ਰਹੇ। ਬਾਦ ਵਿਚ ਆਪ ਜੀ ਨੂੰ ਨਾਨੂ ਸਿੰਘ ਸੇਵਕ ਸਮੇਤ ਰੰਗੂਨ (ਬਰਮਾ) ਭੇਜਿਆ ਗਿਆ। ਸੂਬਾ ਕਾਨ੍ਹ ਸਿੰਘ ਜੀ ਅਤੇ ਸੂਬਾ ਸਾਹਿਬ ਸਿੰਘ ਜੀ ਨੂੰ ਪਹਿਲਾ ਅਦਨ,* ਫੇਰ ਸੁਾਸਥ ਵਿਗੜਦਾ ਵੇਖਕੇ ਹਜ਼ਾਰੀ ਬਾਗ (ਬਿਹਾਰ) ਲੈ ਆਂਦਾ ਗਿਆ। ਸੂਬਾ ਅਰੂੜ ਸਿੰਘ ਜੀ, ਸੂਬਾ ਮਲੂਕ ਸਿੰਘ ਜੀ ਅਤੇ ਸੂਬਾ ਪਹਾੜਾ ਸਿੰਘ ਜੀ ਨੂੰ ਅਸੀਰਗੜ੍ਹ (ਜੋ ਵਰਤ ਮਾਨ ਰਾਜਨੀਤੀ ਅਨੁਸਾਰ ਮਹਾਰਾਸ਼ਟ੍ਰ ਅਤੇ ਮਧਯ ਪ੍ਰਦੇਸ਼ ਦੀ ਸਰਹਦ ਤੇ ਬੁਰਹਾਨ ਪੁਰ ਨੇੜੇ ਮਧਯ ਪ੍ਰਦੇਸ਼ ਵਿਚ ਹੈ) ਭੇਜਿਆ ਗਿਆ। ਸੂਬਾ ਪਹਾੜਾ ਸਿੰਘ ਜੀ ਜੇਲ ਦੇ ਤਸੀਹੇ ਸਹਿੰਦੇ ਹੋਏ ੨ ਮਾਰਚ ੧੮੮੨ ਨੂੰ ਅਸੀਰ ਗੜ੍ਹ ਸ਼ਹੀਦੀ ਪਾ ਗਏ। ਸੂਬਾ ਮਲੂਕ ਸਿੰਘ ਨੂੰ ਬਾਦ ਵਿਚ ਰਿਹਾ ਕਰ ਦਿਤਾ ਗਿਆ ਸੀ। ਸੂਬਾ ਸਾਹਿਬ ਸਿੰਘ ਜੀ ੧੦ ਜੂਨ ੧੮੭੯ ਨੂੰ ਹਜ਼ਾਰੀ ਬਾਗ਼ ਜੇਲ ਵਿਚ ਸ਼ਹੀਦ ਹੋ ਗਏ। ਉਪ੍ਰੰਤ ਸੂਬਾ ਕਾਨ੍ਹ ਸਿੰਘ ਜੀ ਨੂੰ ਬਦਲ ਕੇ ਚੁਨਾਰ ਜੇਲ ਵਿਚ ਸੂਬਾ ਮਾਨ ਸਿੰਘ ਅਤੇ ਸੂਬਾ ਹੁਕਮ ਸਿੰਘ ਜੀ ਪਾਸ ਭੇਜਿਆ ਗਿਆ ਸੀ ਅਤੇ ਜਦੋਂ ਇਨ੍ਹਾਂ ਦਾ ਸੁਾਸਥ ਇਤਨਾ ਨਿਰਬਲ ਹੋ ਗਿਆ ਦੇਖਿਆ ਕਿ ਹੁਣ ਜਾਂਦਿਆਂ ਹੀ ਚੜ੍ਹਾਈ ਕਰ ਜਾਣਗੇ ਤਦੋਂ ਏਹਾਂ ਨੂੰ ਰਿਹਾ ਕੀਤਾ ਗਿਆ।

ਸੂਬਾ ਬਰਮਾ ਸਿੰਘ ਜੀ ਸੂਬਾ ਲਖਾ ਸਿੰਘ ਜੀ ਅਤੇ ਸੂਬਾ ਜਵਾਹਰ ਸਿੰਘ ਜੀ ਨੂੰ ਮੌਲ ਮਈਨ (ਬਰਮਾ) ਜੇਲ ਵਿਚ ਭੇਜ ਦਿਤਾ ਗਿਆ ਸੀ। ਸੂਬਾ ਜਵਾਹਰ ਸਿੰਘ ਜੀ ਉਥੇ ਹੀ ੨੯ ਨਵੰਬਰ ਚੜ੍ਹਾਈ ਕਰ ਗਏ ਸੂਬਾ ਲਖਾ ਸਿੰਘ ਜੀ ਰਿਹਾ ਕਰ ਦਿਤੇ ਗਏ ਸੀ ਪਰ ਉਹ ਵਾਪਸ ਦੇਸ਼ ਨਹੀਂ ਆਏ। ਸੂਬਾ ਬਰਮਾ ਸਿੰਘ ਜੀ ਦਾ ਅੰਤਲੇ ਦਿਨਾਂ ਦਾ ਵੇਰਵਾ ਅਜੇ ਤਕ ਅਪ੍ਰਾਪਤ ਹੈ।

ਅੰਗਰੇਜ਼ ਸਰਕਾਰ ਨੂੰ ਨਾਮਧਾਰੀ ਸਿੰਘਾਂ ਦੇ ਅੰਦੋਲਨ ਤੋਂ ਬਹੁਤ ਘਬਰਾਹਟ ਹੋਈ। ਛੋਟੇ ਤੋਂ ਵੱਡੇ ਤਕ ਸਭ ਅੰਗਰੇਜ਼ ਅਫਸਰ ਬਹੁਤ ਬੇਚੈਨ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਲ ਦੇ ਮੁਖੀ ਸੂਬਿਆਂ ਨੂੰ ਕਿਸ ਪ੍ਰਕਾਰ ਦੇ ਦੰਡ ਦਿਤੇ ਜਾਣ, ਇਸ ਬਾਰੇ ਕਈ ਤਜਵੀਜ਼ਾਂ ਹੋਈਆਂ। ਇਤਿਹਾਸ ਅਨੁਸਾਰ ਵਾਇਸਰਾਇ 'ਮਿਓ' ਨੇ ਸ੍ਰੀ ਸਤਿਗੁਰੂ ਜੀ ਸਮੇਤ ਸਭ ਸੂਬਿਆਂ ਨੂੰ ਫਾਂਸੀ ਲਾਏ ਜਾਣ ਦਾ ਹੁਕਮ ਦਿਤਾ। ਕਿਹਾ ਨਹੀਂ ਜਾ ਸਕਦਾ ਕਿ ਇਹ ਹੁਕਮ ਕਦੋਂ ਅਮਲ ਵਿਚ ਆਉਣਾ ਸੀ। ਪਰ ਇਸ ਹੁਕਮ ਦੀ ਖਬਰ ਸ੍ਰੀ ਸਤਿਗੁਰੂ ਜੀ ਅਤੇ ਸੂਬਿਆਂ ਪਾਸ ਕਿਲੇ ਅੰਦਰ ਪਹੁੰਚ ਗਈ ਸੀ। ਇਸ ਸੰਬੰਧੀ ਸੂਬਿਆਂ ਅਤੇ ਸ੍ਰੀ ਸਤਿਗੁਰੂ ਜੀ ਵਿਚ ਜੋ ਬਚਨ ਹੁੰਦੇ ਰਹੇ ਉਨ੍ਹਾਂ ਦੀ ਵਿਆਖਿਆ

* (ਅਰਬ ਦੇਸ਼ ਨਾਲ ਲਗਦਾ ਭਾਰਤ ਤੋਂ ਦਖਣ-ਪੱਛਮ ਵਲ 'ਅਦਨ' ਸਮੁੰਦ੍ਰ ਦੇ ਕਿਨਾਰੇ ਤੇ ਹੈ ਜੋ ੧੮੩੯ ਵਿਚ ਅੰਗਰੇਜ਼ਾਂ ਦੇ ਕਬਜ਼ੇ ਆਇਆ ਅਤੇ ਉਸ ਵੇਲੇ ਇਸ ਨੂੰ ਭਾਰਤ ਵਿਚ ਹੀ ਸ਼ਾਮਲ ਕੀਤਾ ਗਿਆ ਸੀ। ਏਥੇ ਸਖਤ ਗਰਮੀ ਪੈਂਦੀ ਹੈ।)



Sri Satguru Jagjit Singh Ji Elibrary NamdhariElibrary@gmail.com

ਸੰਤ ਇੰਦਰ ਸਿੰਘ ਚਕਰਵਰਤੀ ਜੀ ਦੀ ਕਲਮ ਤੋਂ ਇਉਂ ਕੀਤੀ ਗਈ ਹੈ :

ਨਾਨੂ ਸਿੰਘਾ ਸੁਣਾ ਬਈ ਗੋਰਾ ਕੀ ਗੱਲਾਂ ਕਰਦਾ ਸੀ ?

ਬਾਬਾ ਲਖਾ ਸਿੰਘ ਜੀ ਕਿਹਾ।

"ਸੰਤ ਜੀ ਕੀ ਦਸਾਂ। ਡਾਢੀ ਅਜੀਬ ਜਹੀ ਗੱਲ ਏ, ਦੁਖਦਾਈ ਵੀ ਏ। ਜੋ ਸਤਿਗੁਰਾਂ ਦੀ ਰਜਾ ਏ ਹੋ ਕੇ ਰਹੇਗਾ। ਸਾਡੇ ਕਰਮਾ ਵਿਚ ਇੰਵ ਹੀ ਲਿਖਿਆ ਸੀ।"

"ਇਸ ਤੋਂ ਪਤਾ ਲਗਦਾ ਏ ਕਿ ਸਾਡੇ ਲਈ ਕੋਈ ਖਾਸ ਹੁਕਮ ਆਇਆ ਏ। ਤੁਸੀਂ ਫਿਕਰ ਨਾ ਕਰੋ, ਸਾਫ ਸਾਫ ਗੱਲ ਦਸੋ। ਘਬਰਾਉਣ ਦੀ ਕੋਈ ਲੋੜ ਨਹੀਂ, ਅਸੀਂ ਤੇ ਉਸ ਦਿਨ ਦੀ ਉਡੀਕ ਵਿਚ ਬੈਠੇ ਹਾਂ ਜਦ ਏਹ ਮਲ ਮੂਤ੍ਰ ਦਾ ਭਾਂਡਾ ਮਲੇਛਾਂ ਸਿਰ ਡੰਨਕੇ ਮੁੜ ਨੌਜਵਾਨ ਹੋ ਕੇ ਆਜਾਦੀ ਦੀ ਲਹਿਰ ਵਿਚ ਅਗਵਾਈ ਕਰੀਏ। ਮਰਨਾ ਇਕ ਦਿਨ ਜਰੂਰ ਏ। ਫਿਰ ਜਨਨੀ (ਜਨਮ ਭੂਮੀ) ਤੋਂ ਮਰੀਏ ਤਾਂ ਇਸ ਤੋਂ ਚੰਗੀ ਮੌਤ ਹੋਰ ਕੀ ਹੋ ਸਕਦੀ ਏ ?

"ਨਾਨੂੰ ਸਿੰਘ ਜੀ ਨੇ ਫਿਰ ਸਪਸ਼ਟ ਦਸਿਆ ਗੋਰਾ ਆਹਦਾ ਸੀ ਤੁਹਾਨੂੰ ਸ੍ਰੀ ਗੁਰੂ ਜੀ ਸਮੇਤ ਫਾਂਸੀ ਦਾ ਹੁਕਮ ਹੋਇਆ ਏ।"

ਸ੍ਰੀ ਸਤਿਗੁਰੂ ਜੀ ਪਾਸ, ਨਾਨੂੰ ਸਿੰਘ ਨੇ ਅਰਜ ਕੀਤੀ ਤਾਂ ਅਗੋਂ ਸ੍ਰੀ ਸਤਿਗੁਰੂ ਜੀ ਬਚਨ ਕੀਤਾ :

ਨਾਨੂੰ ਸਿੰਘ ਜੀ ਅਤੇ ਨਿਰਬਾਣ ਸਿੰਘ ਜੀ ਫਿਕਰ ਨ ਕਰੋ। ਤੁਹਾਨੂੰ ਫਾਂਸੀ ਦਾ ਹੁਕਮ ਲੈਣ ਵਾਲਾ ਆਪ ਹੀ ਨਾ ਰਹੇਗਾ। ਪਹਿਲਾਂ ਉਹ ਹੀ ਜਮ ਦੀ ਫਾਂਸੀ ਲਗ ਜਾਏਗਾ।

ਚਕ੍ਰਵਰਤੀ ਜੀ ਅੱਗੇ ਜਾ ਕੇ ਲਿਖਦੇ ਹਨ :

"ਅਜੇ ਇਹ ਬਚਨ ਹੋ ਹੀ ਰਹੇ ਸਨ ਕਿ ਯੂ.ਪੀ. ਦਾ ਲਾਟ ਕਿਲੇ ਵਿਚ ਆਇਆ। ਸਤਿਗੁਰਾਂ ਨੂੰ ਆਖਣ ਲਗਾ "ਬਾਬਾ ਰਾਮ ਸਿੰਘ ਤੁਹਾਡੇ ਕਰਮ ਅਛੇ ਹਨ। ਅਸੀਂ ਤੁਹਾਨੂੰ ਫਾਂਸੀ ਲਾਉਣਾ ਸੀ ਪਰ ਉਹ ਸਲਾਹ ਹਟ ਗਈ। ਵਡੇ ਸਾਹਿਬ ਨੂੰ ਅੰਡਮਾਨ ਇਕ ਪਠਾਨ ਨੇ ਮਾਰ ਦਿਤਾ। ਹੁਣ ਤੁਹਾਨੂੰ ਫਾਂਸੀ ਦੀ ਸਜਾ ਨਹੀਂ ਦਿਤੀ ਜਾਏਗੀ। ਪਰ ਏਥੇ ਇਕਠਿਆ ਨਹੀਂ ਰਖਿਆ ਜਾਇਗਾ।

(ਸਤਿਜੁਗ ਦਾ ਬਸੰਤ ਨੰਬਰ ੧੯੯੨ ਬਿਕ੍ਰਮੀ)
ਪੰਨਾ ੩੩ ਅਤੇ ੩੭

ਇਨ੍ਹਾਂ ਦਿਨਾਂ ਵਿਚ ਅੰਡਮਾਨ ਦੇ ਬੀਮਾਰ ਕੈਦੀਆਂ ਵਾਸਤੇ ਹਸਪਤਾਲ ਬਨਾਉਣ ਲਈ ਜਗ੍ਹਾ ਦੇਖਣ ਵਾਸਤੇ ਵਾਇਸਰਾਇ ਆਪ ਓਥੇ ਪਹੁੰਚਿਆ। ਮਾਊਂਟ ਹੈਰੀਅਟ ਤੇ ਜਹਾਜ਼ਾਂ ਵਿਚ ਪੀਣ ਵਾਲਾ ਪਾਣੀ ਭਰਨ ਦੀ ਜਗ੍ਹਾ ਬਣਾਈ ਗਈ ਸੀ। ਸਭ ਜਹਾਜ਼ ਏਥੋਂ ਪਾਣੀ ਲੈਂਦੇ ਸਨ। ਇਹ ਜਗ੍ਹਾ ਦੇਖਣ ਵਾਇਰਾਏ ਪਹਾੜੀ ਦੇ ਉਪਰ ਗਿਆ ਅਤੇ ਵਾਪਸ ਆਉਣ ਵੇਲੇ ਸੂਰਜ ਦੇ ਛਿਪਣ ਦਾ ਸਮਾਂ ਹੋ ਚੁਕਾ ਸੀ। ਭਾਰਤ ਦੇ ਉਤਰ ਪਛਮੀ ਸਰਹਦ ਤੋਂ ਆਏ ਹੋਏ ਇਕ ਸ਼ੇਰ ਅਲੀ ਨਾਮ ਦੇ ਕੈਦੀ ਨੇ ਵਾਇਸਰਾਇ ਨੂੰ ਮਾਰ ਦੇਣ ਦੇ ਇਰਾਦੇ ਨਾਲ, ਜਿਥੇ ਵਾਇਸਰਾਇ ਨੇ, ਪਹਾੜ ਤੋਂ ਉਤਰ ਕੇ ਕਿਸ਼ਤੀ ਵਿਚ ਬੈਠ ਕੇ ਆਪਣੀ ਸਵਾਰੀ ਵਾਲੇ ਜਹਾਜ਼ ਵਿਚ ਪਹੁੰਚਣਾ ਸੀ, ਸਮੁੰਦਰ ਦੇ ਉਸ ਕਿਨਾਰੇ ਵਡੇ ਪੱਥਰ ਦੀ ਓਟ ਲੈ ਕੇ ਸਾਰਾ ਦਿਨ ਬਿਤਾਇਆ। ਜਦ ਕਿਸ਼ਤੀ ਵਿਚ ਬੈਠਣ ਲਈ ਵਾਇਸਰਾਇ ਸਮੁੰਦਰ ਦੇ ਕਿਨਾਰੇ ਉਥੇ ਪਹੁੰਚਿਆ, ਜਿਥੇ ਸ਼ੇਰ ਅਲੀ ਪਥਰ ਉਹਲੇ (ਜਿਥੇ ਉਸ ਵੇਲੇ ਛੋਟਾ ਛੋਟਾ ਪਾਣੀ ਵੀ ਸੀ) ਬੈਠਾ ਸੀ। ਸ਼ੇਰ ਵਾਂਗੂੰ ਝਪਟ ਕੇ ਸ਼ੇਰ ਅਲੀ ਨੇ ਜਫਾ ਮਾਰ ਕੇ ਵਾਇਸਰਾਇ ਨੂੰ ਪਾਣੀ ਵਿਚ ਸੁਟ ਲਿਆ ਅਤੇ ਦੋ ਛੁਰੇ ਮਾਰੇ। ਵਾਇਸਰਾਇ ਮਿਓ ਨੇ ਆਖਿਆ ਕਿ ਮੈਨੂੰ ਸਟ ਮਾਰੀ ਗਈ ਹੈ। ਇਤਨੇ ਵਿਚ ਨਾਲ ਦੇ ਅਹਿਲਕਾਰਾਂ ਨੇ ਸ਼ੇਰ ਅਲੀ ਨੂੰ ਫੜ ਲਿਆ ਅਤੇ ਵਾਇਸਰਾਇ ਨੂੰ ਵੀ ਬਾਹਰ ਕਢ ਲਿਆ।

**ਲਾਰਡ ਮਿਓ ਦੀ ਮੌਤ ਅਤੇ ਉਸ ਦਾ ਕਾਤਲ :**

੧੯੩੧ ਈ. ਵਿਚ ਛਪੀ ਹੋਈ "ਅੰਡਮਾਨ ਫਰੀਲੈਂਡ" ਨਾਮ ਦੀ ਕਿਤਾਬ ਵਿਚ ਉਸ ਦੇ ਲੇਖਕ ਸ੍ਰੀ ਐਫ. ਏ. ਐਮ. ਦਾਸ ਵਾਇਸਰਾਇ ਮਿਓ ਦੀ



Sri Satguru Jagjit Singh Ji Elibrary NamdhariElibrary@gmail.com

ਖੌਫਨਾਕ ਮੌਤ ਦਾ ਵਰਨਣ ਕਰਦੇ ਹੋਏ ਲਿਖਦੇ ਹਨ : "ਗਲਾਸਗੋ" ਨਾਮ ਦੇ ਜਹਾਜ਼ ਤੇ ਉਤਾਵਲੀ ਹੋਈ ਦਿਨ ਛਿਪਨ ਵੇਲੇ ਮਿਓ ਦੀ ਮੇਮ ਉਡੀਕ ਰਹੀ ਸੀ, ਉਸ ਨੇ ਬੈਂਡ ਵਾਲਿਆਂ ਨੂੰ "ਰੂਲ ਬ੍ਰਿਟੇਨੀਆ" (ਅੰਗਰੇਜ਼ੀ ਰਾਜ ਹੋਵੇ) ਦੀ ਤਰਜ਼ ਤੇ ਵਾਜਾ ਵਜਾਉਣ ਲਈ ਆਖਿਆ। ਇਸ ਦੀ ਮਿਠੀ ਅਵਾਜ਼ ਮਿਓ ਦੇ ਕੰਨਾਂ ਵਿਚ ਪਈ। ਪਹਾੜੀ ਤੋਂ ਥਲੇ ਆ ਕੇ ਫਿਰ ਘਾਟ ਦੀਆਂ ਪੌੜੀਆਂ ਰਸਤੇ ਉਤਰ ਕੇ ਲਾਰਡ ਮਿਓ, ਜਹਾਜ਼ ਤਕ ਪਹੁੰਚਣ ਲਈ ਲਾਂਚ (ਛੋਟੀ ਮੋਟਰ ਕਿਸ਼ਤੀ) ਵਿਚ ਜਿਉਂ ਹੀ ਚੜ੍ਹਨ ਲਗਾ, ਤਦ ਧਾਵਾ ਕਰਦੇ ਹੋਏ ਕਿਸੇ ਜਾਨਵਰ ਦੀ ਅਵਾਜ਼ ਉਥੇ ਪਏ ਹੋਏ ਪਥਰਾਂ ਪਿਛੋਂ ਸੁਣਾਈ ਦਿਤੀ। ਕੀ ਦੇਖਿਆ, ਉਸੇ ਛਿਨ ਸ਼ੇਰ ਦੀ ਤਰ੍ਹਾਂ ਝਪਟ ਕੇ ਇਕ ਆਦਮੀ ਨੇ ਵਾਇਸਰਾਇ ਨੂੰ ਪਿਛੋਂ ਪਕੜ ਲਿਆ। ਇਕ ਸੈਕੰਡ ਵਿਚ ਬਾਰਾਂ ਜਣਿਆਂ ਉਸ ਹਮਲਾਵਰ ਨੂੰ ਪਕੜ ਲਿਆ। ਇਕ ਗੋਰਾ ਅਫ਼ਸਰ ਉਨ੍ਹਾਂ ਨੂੰ ਬਾਹਰ ਕਢ ਰਿਹਾ ਸੀ ਅਤੇ ਆਪਣੀ ਤਲਵਾਰ ਦੇ ਮੁਠੇ ਨਾਲ ਕੋਲ ਖੜੋਤੇ ਪਹਿਰੇਦਾਰ ਨੂੰ ਉਸ ਨੇ ਰੋਕਿਆ, ਨਹੀਂ ਤਾਂ ਉਹ ਹਮਲਾਵਰ ਨੂੰ ਉਸੇ ਵੇਲੇ ਮਾਰ ਦਿੰਦਾ।

ਸ੍ਰੀ ਦਾਸ ਨੇ ਅਗੇ ਜਾ ਕੇ ਲਿਖਿਆ ਹੈ :—

ਆਪਣੇ ਪ੍ਰਾਈਵੇਟ ਸੈਕਟਰੀ 'ਬਾਇਰਨ' ਨੂੰ ਵਾਇਸਰਾਇ ਨੇ ਆਖਿਆ ਕਿ ਮੇਰੇ ਤੇ ਪ੍ਰਹਾਰ ਕੀਤਾ ਗਿਆ ਹੈ ਪਰ ਇਉਂ ਪ੍ਰਤੀਤ ਹੁੰਦਾ ਹੈ ਕਿ ਬਹੁਤਾ ਘਾਓ ਨਹੀਂ ਲਗਿਆ। ਉਪ੍ਰੰਤ ਚੁਕ ਕੇ ਵਾਇਸਰਾਇ ਨੂੰ ਦੇਖਿਆ ਗਿਆ ਕਿ ਉਸ ਦੀ ਪਿਠ ਵਿਚ ਗਹਿਰਾ ਘਾਓ ਲਗਿਆ ਹੋਇਆ ਸੀ ਅਤੇ ਪਰਨਾਲੇ ਦੀ ਤਰ੍ਹਾਂ ਖੂਨ ਵਗ ਰਿਹਾ ਸੀ। ਉਸ ਦੇ ਆਖਰੀ ਸ਼ਬਦ ਸਨ, "ਮੇਰਾ ਸਿਰ ਚੁਕੋ" ਅਤੇ ਉਹ ਪ੍ਰਾਣ ਦੇ ਗਿਆ।

ਫੇਰ ਅਗੇ ਜਾ ਕੇ ਸ੍ਰੀ ਦਾਸ ਨੇ ਲਿਖਿਆ ਹੈ :-

ਜਹਾਜ਼ ਵਿਚ ਲਾਰਡ ਮਿਓ ਦੀ ਲੋਥ ਦੇ ਪਾਸ ਕਾਤਲ (ਸ਼ੇਰ ਅਲੀ) ਨੂੰ ਬੁਲਾਇਆ ਗਿਆ ਅਤੇ ਵਿਦੇਸ਼ ਸਕੱਤਰ ਨੇ ਪੁਛਿਆ ਕਿ ਤੂੰ ਇਹ ਕਤਲ ਕਿਉਂ ਕੀਤਾ ਹੈ ? ਬਿਨਾ ਝਿਜਕ ਤੋਂ ਉਸ (ਸ਼ੇਰ ਅਲੀ) ਨੇ ਆਖਿਆ, "ਖੁਦਾ ਨੇ ਹੁਕਮ ਦੀਆ"। ਫਿਰ ਉਸ ਤੋਂ ਪੁਛਿਆ ਗਿਆ ਕਿ ਤੇਰੇ ਨਾਲ ਹੋਰ ਕੌਣ ਹੈ ? ਅਗੋਂ ਉਸ ਨੇ ਕਿਹਾ, "ਮੇਰਾ ਸ਼ਰੀਕ ਕੋਈ ਨਹੀਂ, ਮਰਾ ਸ਼ਰੀਕ ਖੁਦਾ ਹੈ।" ਅਗਲੇ ਦਿਨ ਜਦ ਆਪਣੇ ਬਚਾਉ ਵਾਸਤੇ ਉਸ ਨੂੰ ਦਲੀਲ ਪੇਸ਼ ਕਰਨ ਦਾ ਮੌਕਾ ਦਿਤਾ, ਤਦ ਉਸ ਨੇ ਕਿਹਾ, "ਹਾਂ, ਮੈਂ ਨੇ ਕੀਆ ਹੈ।"

ਸ੍ਰੀ ਦਾਸ ਦੇ ਲਿਖਣ ਅਨੁਸਾਰ :—ਇਸ ਸ਼ੇਰ ਅਲੀ ਨੂੰ ਪੁਛਿਆ ਗਿਆ ਕਿ ਤੇਰੀ ਤਸਵੀਰ ਉਤਾਰ ਲਈ ਜਾਏ ? ਉਹ ਝਟ ਕੈਮਰੇ ਦੇ ਅਗੇ ਆ ਖੜੋਤਾ। ਉਪ੍ਰੰਤ ਅਦਾਲਤੀ ਕਾਰਵਾਈ ਕਰ ਕੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿਤੀ ਗਈ ਅਤੇ ਵਾਈਪਰ ਜੇਲ ਵਿਚ ਫਾਂਸੀ ਦੇ ਦਿਤਾ ਗਿਆ।

ਅਖਬਾਰ 'ਨਿਊਵੇਵ' ਦਿੱਲੀ ੧੫ ਅਗਸਤ ੧੯੭੨, ਇਸ ਸ਼ੇਰ ਅਲੀ ਦੀ ਸੰਖੇਪ ਜਾਣ ਪਛਾਣ ਦਿੰਦਾ ਹੈ। ਇਸ ਦੇ ਲਿਖਣ ਅਨੁਸਾਰ, ੩੦ ਸਾਲ ਦੀ ਉਮਰ ਦਾ ਸ਼ੇਰ ਅਲੀ, ਖੈਬਰ ਪਾਸ ਦੇ ਨਜ਼ਦੀਕ ਇਕ ਪਠਾਨ ਜਿਸ ਦਾ ਨਾਮ 'ਵਲੀ' ਹੈ, ਉਸ ਦਾ ਪੁੱਤ੍ਰ ਸੀ।

ਸ਼ੇਰ ਅਲੀ ਪਹਿਲਾਂ ਪੰਜਾਬ ਦੀ ਹਥਿਆਰਬੰਦ ਪੋਲੀਸ ਵਿਚ ਭਰਤੀ ਸੀ। ਖਾਨਦਾਨੀ ਵਿਰੋਧ ਰਖਦਿਆਂ ਇਸ ਨੇ ਆਪਣੇ ਇਕ ਸੰਬੰਧੀ ਨੂੰ ਮਾਰ ਦਿਤਾ ਜਿਸ ਤੋਂ ਇਸ ਨੂੰ ਮ੍ਰਿਤਯੂ ਦੰਡ ਮਿਥਿਆ, ਜੋ ਬਾਦ ਵਿਚ ਬਦਲ ਕੇ ਆਜੀਵਨ ਕਾਰਾਵਾਸ ਕਰ ਦਿਤਾ ਗਿਆ ਅਤੇ ਇਸ ਨੂੰ ਕਾਲੇ ਪਾਣੀ (ਅੰਡਮਾਨ) ਭੇਜ ਦਿਤਾ ਗਿਆ।

ਇਸ ਸੇਰ ਅਲੀ ਬਾਰੇ ਸ੍ਰੀ ਮਫਾਕੀਰ 'ਨਿਊ ਵੇਵ' ਵਿਚ ਲਿਖਦਾ ਹੈ ਕਿ ਲੇਖਕਾਂ ਨੇ ਇਹ ਖੋਜ ਨਹੀਂ ਕੀਤੀ ਕਿ ਸ਼ੇਰ ਅਲੀ ਨੂੰ ਮ੍ਰਿਤਯੂ ਦੰਡ ਤੋਂ ਉਮਰ ਕੈਦ ਹੋਣ ਤੇ ਜੋ ਅਹਿਸਾਨਮੰਦ ਹੋਣਾ ਚਾਹੀਦਾ ਸੀ ਉਹ ਕਿਉਂ ਨਹੀਂ ਹੋਇਆ, ਅਤੇ ਇਹ ਕਿਸ ਕਰਕੇ ਬਦਲੇ ਦੀ ਭਾਵਨਾ ਰਖਦਾ ਹੋਇਆ ਜੋਸ਼ ਵਿਚ ਆ ਕੇ ਮੌਕਾ ਤਾੜਦਾ ਰਿਹਾ। ਏਹ ਅਖਬਾਰ ਲਿਖਦਾ ਹੈ ਕਿ ਸਮਕਾਲੀ ਪ੍ਰਾਪਤ ਸਮਗਰੀ ਅਨੁਸਾਰ ਇਹ



Sri Satguru Jagjit Singh Ji Elibrary NamdhariElibrary@gmail.com

ਸਾਧਾਰਣ ਕਾਤਲ ਨਹੀਂ ਸੀ। ਦਿਤੇ ਹੋਏ ਇਸ ਦੇ ਬਿਆਨ ਅਨੁਸਾਰ ਇਸ ਨੂੰ ਇਸ ਉੱਚ ਨਿਸ਼ਾਨੇ (ਲਖਸ਼) ਲਈ ਖਾਸ ਪ੍ਰੇਰਨਾ ਮਿਲੀ।

ਮਿਲੇ ਹੋਏ ਅਪਣੇ ਦੰਡ ਬਾਰੇ ਸ਼ੇਰ ਅਲੀ ਆਖਦਾ ਹੈ :—

ਮੈਂ ਕਾਤਲ ਨਹੀਂ ਹਾਂ ਇਹ ਮਨ ਵਿਚ ਧਾਰੀ ਹੋਈ ਵੀਰਤਾ ਦਾ ਗੁਪਤ ਮਹੱਤਵ ਹੈ। ਜਿਸ ਸਾਹਿਬ ਨੂੰ ਮੈਂ ਮਾਰਿਆ ਹੈ ਇਸ ਤੋਂ ਵੱਡਾ ਕੋਈ ਨਹੀਂ, ਮੇਰੇ ਨਸੀਬਾਂ ਵਿਚ ਇਹ ਕਰਨਾ ਲਿਖਿਆ ਸੀ। ਪ੍ਰਮਾਤਮਾ ਦਾ ਹੁਕਮ ਸੀ। ਏਹ ਮੈਂ ਨਹੀਂ ਦਸਾਂਗਾ ਕਿ ਹੁਕਮ ਕਦੋਂ ਆਇਆ ਸੀ।

ਸ਼ੇਰ ਅਲੀ ਦੇ ਆਖਰੀ ਸ਼ਬਦ :—

'ਜਿਥੇ ਜਾਓ ਸਭ ਸ੍ਰੇਸ਼ਟ ਪੁਰਸ਼ਾਂ ਨੂੰ ਮੇਰੀ ਸਲਾਮ ਆਖਣੀ। ਉਹ ਮੇਰੇ ਵਾਸਤੇ ਦੁਆ ਕਰਨ। ਹਿੰਦੂ ਅਤੇ ਮੁਸਲਮਾਨ ਸਭ ਭਾਈ ਭਾਈ ਹਨ ਅਤੇ ਮੇਰੇ ਕੀਤੇ ਹੋਏ ਕੰਮ ਨੂੰ ਸੁਣ ਕੇ ਉਹ ਪ੍ਰਸੰਨ ਹੋਣਗੇ। ਏਹਨਾਂ ਕਾਫਰਾਂ (ਅੰਗਰੇਜ਼ਾਂ) ਨੇ ਸਾਡੇ ਵਾਸਤੇ ਇਹ ਬੰਦੀਖਾਨਾ ਬਣਾ ਰਖਿਆ ਹੈ।'

ਸ਼ੇਰ ਅਲੀ ਨੂੰ ੧੮੬੯ ਈ: ਵਿਚ ਕਾਲੇ ਪਾਣੀ ਭੇਜਿਆ ਗਿਆ, ਪਰ ਉਸ ਦਾ ਵਾਈਸਰਾਇ, ਲਾਰਡ ਮਿਓ ਨੂੰ ੧੮੭੨ ਵਿਚ ਕਤਲ ਕਰਨਾ, ਫਿਰ ਆਪਣੇ ਇਸ ਗੁਪਤ ਇਰਾਦੇ ਦੀ ਪੂਰਤੀ ਲਈ ਹਿੰਦੂ ਮੁਸਲਮਾਨਾਂ ਨੂੰ ਸੰਦੇਸ਼ ਭੇਜਣਾ—ਇਹ ਸਭ ਕੁਝ ਭੇਦ ਭਰੇ ਰਹਸਯ ਦਾ ਸੂਚਕ ਹੈ।

ਸ੍ਰੀ ਸਤਿਗੁਰੂ ਜੀ ਨੂੰ ੧੮ ਜਨਵਰੀ ਸੰਨ ੧੮੭੨ ਨੂੰ ਲੁਧਿਆਣੇ ਤੋਂ ਗੱਡੀ ਚੜ੍ਹਾ ਕੇ ਪ੍ਰਯਾਗ ਲਿਆਂਦਾ ਗਿਆ। ਛੇਤੀ ਹੀ ਬਾਦ ਵਿਚ ਸੂਬੇ ਲਿਆਂਦੇ ਗਏ। ਵਾਇਸਰਾਇ ਮਿਓ ਨੂੰ ੮ ਫਰਵਰੀ ਸੰਨ ੧੮੭੨ ਨੂੰ ਕਤਲ ਕੀਤਾ ਗਿਆ ਹੈ।

ਅੰਗਰੇਜ਼ੀ ਸਰਕਾਰ ਦੇ ਰੀਕਾਰਡ ਵਿਚ ਭਾਵੇਂ ਉਪ੍ਰੋਕਤ ਵਰਣਨ ਇਸ ਤਰ੍ਹਾਂ ਨਹੀਂ ਕਰਦੇ ਪਰ ਸ਼ੇਰ ਅਲੀ ਦਾ ਇਹ ਕਹਿਣਾ ਕਿ 'ਖੁਦਾ ਕਾ ਹੁਕਮ ਥਾ' ਅਤੇ ਮੇਰਾ ਸ਼ਰੀਕ ਕੋਈ ਨਹੀਂ ਆਦਿ ਆਦਿ। ਸ੍ਰੀ ਸਤਿਗੁਰੂ ਜੀ ਦੇ ਬਚਨ ਦੀ ਪੂਰਤੀ ਦੇ ਸਪਸ਼ਟ ਪ੍ਰਮਾਣ ਹਨ।

ਅੰਮ੍ਰਿਤਸਰ ਬੁਚੜ-ਬਧ ਕੇਸ ਵਿਚ ਕਿਤਨੇ ਨਿਰਦੋਸ਼ ਫਾਂਸੀ ਲਗ ਜਾਣੇ ਸੀ ਜੇ ਨਾਮਧਾਰੀ ਆਪ ਜਾ ਕੇ ਆਪਣਾ ਅਪਰਾਧ ਸਵੀਕਾਰ ਨਾ ਕਰਦੇ। ਪਰ ਅੰਗਰੇਜ਼ਾਂ ਨੇ ਅਪਣੀ ਇਸ ਝੂਠੀ ਤਫਤੀਸ਼ ਨੂੰ ਲੁਕਾਉਣ ਦਾ ਜਤਨ ਕੀਤਾ ਹੈ। ਭਾਵੇਂ ਉਹਨਾਂ ਦੀਆਂ ਲਿਖਤਾਂ ਵਿਚ ਘਟਨਾਵਾਂ ਦਾ ਬਹੁਤ ਵੇਰਵਾ ਮਿਲਦਾ ਹੈ ਪਰ ਆਪਣੇ ਕਮਜ਼ੋਰ ਪੱਖ ਨੂੰ ਲੁਕਾਉਣ ਤੋਂ ਜਗ੍ਹਾ ਜਗ੍ਹਾ ਤੇ ਸੰਕੋਚ ਕੀਤਾ ਹੈ। ਇਸੇ ਤਰ੍ਹਾਂ ਲਾਰਡ ਮਿਓ ਵਲੋਂ ਫਾਂਸੀ ਦਾ ਹੁਕਮ ਦੇਣ ਅਤੇ ਉਸ ਦੀ ਮੌਤ ਦੇ ਕਾਰਣ ਦਾ ਸਹੀ ਵਰਣਨ ਉਹ ਆਪਣੇ ਕਾਗਜ਼ਾਂ ਵਿਚ ਨਹੀਂ ਲਿਖਦੇ।

ਅੰਡਮਾਨ ਦੀਪ ਦੀ 'ਵਾਈਪਰਜੇਲ੍ਹ' ਛੋਟੀ ਹੋਣ ਕਰਕੇ ਕੈਦੀਆਂ ਲਈ ਪੂਰੀ ਸੁਰਖਯਾ ਨਾ ਹੋਣ ਕਰਕੇ, ਸੰਨ ੧੮੯੬ ਵਿਚ ਓਥੇ ਨਵੀਂ ਜੇਹਲ ਦਾ ਨਿਰਮਾਣ ਕੀਤਾ ਗਿਆ। ਇਸ ਦੀ ਉਸਾਰੀ, ਜੋ ਕੇਂਦਰੀ ਪ੍ਰਮੁਖ ਸ਼ਾਸਕ-ਗ੍ਰਿਹ ਤੋਂ ਸਤ, ਤਿੰਨ ਤਿੰਨ ਮੰਜ਼ਲੇ ਜੁੜਵੇਂ ਸੈਲਾਂ (ਛੋਟੀਆਂ ਕੋਠੜੀਆਂ) ਵਿਚ ਸੀ, ਸੰਨ ੧੯੦੬ ਵਿਚ ਮੁਕੰਮਲ ਹੋਈ।

ਫੋਜਦਾਰੀ ਅਪਰਾਧ ਵਿਚ ਕਾਲੇ ਪਾਣੀ ਦੇ ਦੰਡ ਧਾਰੀਆਂ ਅਤੇ ਵਿਸ਼ੇਸ਼ ਕਰਕੇ ਰਾਜਸੀ ਕੈਦੀਆਂ ਨੂੰ ਇਨ੍ਹਾਂ ਕਾਲ ਕੋਠੜੀਆਂ ਵਿਚ ਰਖਿਆ ਜਾਂਦਾ ਰਿਹਾ ਹੈ। ਉਹਨਾਂ ਨਾਲ ਜੋ ਦੁਰ-ਵਿਹਾਰ ਹੁੰਦਾ ਰਿਹਾ, ਪਹਿਲੀਆਂ ਨਾਲੋਂ ਇਹ ਵੀ ਕੋਈ ਘਟ ਨਹੀਂ ਸੀ।

ਖੁਰਾਕ ਓਨੀ ਜਿਸ ਨਾਲ ਮਸਾਂ ਦਿਨ ਭਰ ਆਦਮੀ ਤੁਰ ਫਿਰ ਸਕੇ ਅਤੇ ਮੁਸ਼ੱਕਤ ਐਸੀ ਸਖਤ ਕਿ ਮਨੁੱਖ ਦੇ ਕਰਨ ਜੋਗ ਨਾ ਹੋਵੇ। ਬਲਦਾਂ ਵਾਲਾ ਕੋਹਲੂ ਖਿਚ ਕੇ ਤੇਲ ਕੱਢਣਾ ਇਕ ਵਿਸ਼ੇਸ਼ ਦੰਡ ਸੀ, ਜੋ ਇਤਨੀ ਸ਼ਕਤੀ ਨਹੀਂ ਰਖਦੇ ਸਨ ਕਈ ਵਾਰੀ ਬੇਹੋਸ਼ ਹੋ ਕੇ ਡਿਗ ਪੈਂਦੇ ਸਨ। ਮੂੰਹ ਤੇ ਪਾਣੀ ਛਿੜਕ ਛਿੜਕ ਕੇ ਉਠਾ ਕੇ ਫੇਰ ਕੋਹਲੂ ਅਗੇ ਜੋੜਨਾ। ਖਿਚਣ ਵਾਲੇ ਨੂੰ ਕੋਰੜੇ ਵੀ ਮਾਰੇ ਜਾਂਦੇ ਸਨ। ਕੋਰੜੇ



Sri Satguru Jagjit Singh Ji Elibrary NamdhariElibrary@gmail.com

ਮਾਰਨ ਤੋਂ ਪਹਿਲਾਂ ਡਾਕਟਰ ਸੇਰਟੀਫੀਕੇਟ ਦਿੰਦਾ ਸੀ ਕਿ ਇਹ ਇਤਨੇ ਕੋਰੜੇ ਝੱਲ ਸਕਣ ਦੇ ਯੋਗ ਹੈ। ਪੀਣ ਨੂੰ ਸਾਰੇ ਦਿਨ ਵਿਚ ਦੋ ਕਪ ਪਾਣੀ ਅਤੇ ਨਹਾਉਣ ਲਈ ਸਮੁੰਦਰ ਦਾ ਪਾਣੀ। ਕੈਦੀਆਂ ਦੇ ਛੋਟੇ ਛੋਟੇ ਕਮਰਿਆਂ ਦੇ ਅੰਦਰ ਹੀ ਟੱਟੀ ਪਿਸ਼ਾਬ ਲਈ ਛੋਟੇ ਛੋਟੇ ਬਰਤਣ ਉਹਨਾਂ ਨੂੰ ਦਿਤੇ ਜਾਂਦੇ ਸਨ। ਇਹਨਾਂ ਛੋਟੇ ਬੰਦ ਕਮਰਿਆਂ ਵਿਚ ਮਲ ਮੂਤ੍ਰ ਦੀ ਮੁਸ਼ਕ ਵੀ ਇਹਨਾਂ ਨੇ ਸਹਿਣ ਕਰਨੀ ਹੁੰਦੀ ਸੀ।

ਗ਼ਦਰ ਪਾਰਟੀ ਦੇ ਬਾਬਾ ਵਿਸਾਖਾ ਸਿੰਘ, ਜਿਨ੍ਹਾਂ ਨੂੰ ਲਾਹੌਰ ਸਾਜ਼ਸ਼ ਕੇਸ ਵਿਚ ਕਾਲੇ ਪਾਣੀ ਦੀ ਸਜ਼ਾ ਹੋਈ ਸੀ। ਅੰਗਰੇਜ਼ ਅਫਸਰਾਂ ਦੇ ਦੁਰਵਿਹਾਰ ਦਾ ਵਰਣਨ ਇਸ ਕਬਿਤ ਰਾਹੀਂ ਕੀਤਾ ਹੈ :—

ਅੰਡਮਾਨ ਵਿਚ ਸੀ ਡਾਕੂ ਤਿੰਨ 'ਬੜਕ' (ਬਰਕ)
'ਸੀ ਸੀ ਮਰੇ' ਸਵਾਰੀ ਪਛਾਣ ਤਿੰਨੇ।
ਰਹੇ ਖੂਨ ਨਿਚੋੜ ਸੀ ਕੈਦੀਆਂ ਦਾ
ਇਕ ਦੂਸਰੇ ਤੋਂ ਬੇਈਮਾਨ ਤਿੰਨੇ।
ਜੋ ਚਾਹੁੰਦੇ ਜ਼ੁਲਮ ਸੀ ਕਰੀ ਜਾਂਦੇ
ਬੇਰਹਿਮ ਬੇਤੁਖਮ ਸ਼ੈਤਾਨ ਤਿੰਨੇ।
ਅੱਖੀਂ ਵੇਖਿਆ ਸਚ 'ਵਿਸਾਖ' ਲਿਖਦਾ
ਜਾਨ ਕੈਦੀਆਂ ਦੀ ਓਥੇ ਖਾਣ ਤਿੰਨੇ।

ਦੂਜੇ ਮਹਾਂਯੁਧ ਦੇ ਸਮੇਂ ਮਾਰਚ ੧੯੪੨ ਵਿਚ ਅੰਡਮਾਨ ਨਿਕੋਬਾਰ ਤੇ ਜਾਪਾਨ ਦਾ ਕਬਜ਼ਾ ਹੋ ਗਿਆ ਸੀ। ਉਨ੍ਹਾਂ ਨੇ ਪਹਿਲਾਂ ਤਾਂ ਸੈਲੂਲਰ ਜੇਲ ਤੋਂ ਸਭ ਕੈਦੀ ਛਡ ਦਿਤੇ। ਫੇਰ ਉਨ੍ਹਾਂ ਨੂੰ ਆਖਿਆ ਕਿ ਕੰਮ ਕਰੋ ਤਦ ਖਾਣ ਨੂੰ ਮਿਲੇਗਾ। ਕੰਮ ਜੰਗਲ ਕਟਣੇ ਤੇ ਸੜਕਾਂ ਬਨਾਉਣੀਆਂ ਆਦਿ ਮੁਸ਼ੱਕਤ ਵਰਗੇ ਹੀ ਸਨ। ਖਾਣ ਪੀਣ ਨੂੰ ਪੇਟ ਭਰਨ ਜੋਗਾ ਨਹੀਂ ਸੀ ਮਿਲਦਾ। ਜਿਸ ਤੇ ਜਾਸੂਸੀ ਦਾ ਥੋੜਾ ਜਿਹਾ ਸ਼ੱਕ ਪੈਂਦਾ, ਉਸ ਨੂੰ ਉਸੇ ਵੇਲੇ ਮਾਰ ਦਿਤਾ ਜਾਂਦਾ ਸੀ। ਭਾਰਤ ਨਾਲੋਂ ਆਵਾਜਾਈ ਦੇ ਸਬੰਧ ਟੁੱਟ ਜਾਣ ਕਰਕੇ ਖੁਰਾਕ ਦੀ ਭਾਰੀ ਥੁੜ ਆ ਗਈ। ਕੈਦ ਵਿਚੋਂ ਛੁਟ ਕੇ ਵੀ ਕਈ ਪ੍ਰਕਾਰ ਦੇ ਕਸ਼ਟ ਇਨ੍ਹਾਂ ਲੋਕਾਂ ਨੂੰ ਸਹਾਰਨੇ ਪਏ। ਇਥੇ ਵਸ ਰਹੇ ਲੋਕਾਂ ਨੂੰ ਪੂਰੀ ਔਣ ਜੋਗੀ ਖੁਰਾਕ ਅਨਾਜ ਸਬਜ਼ੀਆਂ ਆਦਿ ਏਥੇ ਪੈਦਾ ਨਹੀਂ ਹੁੰਦੀਆਂ ਸਨ। ਜੋ ਕੋਈ ਖੇਤੀ ਕਰਨ ਜੋਗ ਸਨ ਉਨਾਂ ਨੂੰ ਕੈਦੀ ਬਣਾ ਕੇ ਜੇਲ ਵਾਲੀ ਮੁਸ਼ਕਤ ਲਈ ਜਾਂਦੀ ਸੀ। ਅੰਡਮਾਨ ਟਾਪੂ ਨੂੰ ਬਾਹਰ ਕਿਸੇ ਧਰਤੀ ਤੋਂ ਖੁਰਾਕ ਲਈ ਪਾਣੀ ਵਾਲੇ ਜਹਾਜ਼ ਤੋਂ ਸਿਵਾਇ ਹੋਰ ਕੋਈ ਸਾਧਨ ਨਹੀਂ ਸੀ। ਖਾਣ ਪੀਣ ਦਾ ਸਾਮਾਨ ਲਈ ਆ ਰਿਹਾ ਜਾਪਾਨ ਦਾ ਇਕ ਜਹਾਜ਼ ਬੰਬ ਮਾਰਕੇ ਅੰਗਰੇਜ਼ਾਂ ਨੇ ਡੋਬ ਦਿਤਾ ਸੀ।

ਖੁਰਾਕ ਦੀ ਪੂਰਤੀ ਨਾ ਹੁੰਦੀ ਵੇਖਕੇ ਜਾਪਾਨੀਆਂ ਨੇ ਬੇ ਤਰਸ ਹੋਕੇ ਸੈਂਕੜੇ ਭਾਰਤੀਆਂ ਨੂੰ ਸਮੁੰਦਰ ਵਿਚ ਡੋਬ ਕੇ ਅਤੇ ਦੂਰ ਦੂਰ ਉਨਾਂ ਟਾਪੂਆਂ ਤੇ ਜਿਥੇ ਖਾਣ ਪੀਣ ਜਾਂ ਰਹਿਣ ਦਾ ਕੋਈ ਸਾਧਨ ਨਹੀਂ ਸੀ, ਉਥੇ ਭੇਜ ਕੇ ਮਾਰ ਦਿਤਾ। ਅੰਡਮਾਨ ਵਿਚ, ਦੂਸਰੇ ਮਹਾਂ ਯੁਧ ਜਿਤਣ ਤੇ ਅੰਗ੍ਰੇਜ਼ੀ ਰਾਜ ਫਿਰ ਸਥਾਪਿਤ ਹੋਇਆ। ਬਚੇ ਹੋਏ ਭਾਰਤੀਆਂ ਵਿਚੋਂ ਹੁਣ ਓਥੇ ਕਈ ਆਬਾਦ ਹੋ ਚੁਕੇ ਹਨ। ਦੇਸ਼ ਸੁਤੰਤਰ ਹੋਣ ਤੋਂ ਉਪ੍ਰੰਤ ਅੰਡਮਾਨ ਦੀ ਦਸ਼ਾ ਕਾਫੀ ਸੁਧਰੀ ਹੈ। ਭਾਰਤ ਦੇ ਸਭ ਪ੍ਰਾਂਤਾਂ ਦੇ ਲੋਕ ਏਥੇ ਰਹਿੰਦੇ ਹਨ। ਇਸ ਨੂੰ ਲਿਟਲ ਇੰਡੀਆ (ਛੋਟਾ ਭਾਰਤ) ਵੀ ਆਖਿਆ ਜਾਂਦਾ ਹੈ। ਅੱਜ ਵੀ ਇਹ ਟਾਪੂ ਉਥੋਂ ਦੇ ਰਹਿਣ ਵਾਲਿਆਂ ਵਾਸਤੇ ਪੂਰਾ ਸਫਲ ਸਾਧਨ ਨਹੀਂ ਹੋ ਸਕਿਆ। ਖੁਰਾਕ ਅਤੇ ਹੋਰ ਲੋੜੀਂਦੀਆਂ ਵਸਤਾਂ ਪਹੁੰਚਾਉਣ ਦੇ ਅਤੇ ਓਥੋਂ ਉਪਜ (ਨਾਰੀਅਲ ਆਦਿ) ਦੀ ਖਪਤ, ਵਪਾਰ ਆਦਿ ਲਈ ਜਹਾਜ਼ਰਾਨੀ ਦੇ ਸਾਧਨ ਬਹੁਤ ਅਧੂਰੇ ਹਨ। ਇਹ ਭਾਰਤ ਸਰਕਾਰ ਦੇ ਵਿਸ਼ੇਸ਼ ਧਿਆਨ ਜੋਗ ਹੈ।

ਇਸ ਲੇਖ ਦੀ ਸਮਗ੍ਰੀ ਪ੍ਰਾਪਤ ਕਰਨ ਵਿਚ ਅੰਡਮਾਨ ਦੇ ਕੌਂਸਲਰ ਸ੍ਰ. ਨਿਹਚਲ ਸਿੰਘ ਜੀ, ਅਤੇ ਵਿਦਿਆ ਵਿਭਾਗ ਦੇ ਅਫਸਰ ਸ੍ਰੀ ਪ੍ਰਸ਼ੋਤਮ ਸ੍ਰੀ ਵਾਸਤਵਾ ਦਾ ਵਿਸ਼ੇਸ਼ ਯੋਗ ਦਾਨ ਹੈ। ਲੇਖਕ ਉਨਾਂ ਦਾ, ਉਨ੍ਹਾਂ ਰਾਹੀਂ ਸੰਪਰਕ ਵਿਚ ਆਏ ਦੋ ਪੁਰਾਣੇ ਜੇਲ-ਅਫਸਰਾਂ ਦਾ ਹਾਰਦਿਕ ਧੰਨਵਾਦੀ ਹੈ।



Sri Satguru Jagjit Singh Ji Elibrary NamdhariElibrary@gmail.com

ਪੈਸਾ ਬਚਾਵੇ

ਦਾ ਸਾਥ ਨਿਭਾਵੇ

ਐਸਾ ਬਣਾਵੇ

ਜੋ ਖਾਵਣ ਨੂੰ ਜੀ ਲਲਚਾਵੇ




# ਪ੍ਰਿਆ ਪ੍ਰੈਸ਼ਰ ਕੂਕਰ

ਬਾਲਣ ਖਰਚ ਘਟ
ਪੰਜ ਸਾਲ ਦੀ ਗਾਰੰਟੀ *(5 years Guarantee)*

Distributors :

## ANAND LIGHT CO.,

Sadar Bazar, DELHI—110006

Phone : 513700

Sri Satguru Jagjit Singh Ji Elibrary NamdhariElibrary@gmail.com




TOOLS (INDIA)

66, East Mohan Nagar, Industrial Area Amritsar-143001

Sri Satguru Jagjit Singh Ji Elibrary NamdhariElibrary@gmail.com

पाँच वर्ष की गारन्टी वाला

# प्रेसटाइम

## प्रेशर कुकर




- भारी शीट से बना हुआ
- कभी न टूटने वाला हैन्डल फैरूल (ब्रेकेट)
- कुशल कारीगरों द्वारा निर्मित
- सम्पूर्ण जाँच किया हुआ
- अधिक सुरक्षित एवम् टिकाऊ

वितरक :- आनन्द लाईट कं०

सदर बाजार दिल्ली-११०००६, फोन : ५१२७००

*Manufactured by :*

**MAHINDRA INDUSTRIES**

Rajinder Nagar, Industrial Area, Mohan Nagar,
GHAZIABAD-201007

Sri Satguru Jagjit Singh Ji Elibrary NamdhariElibrary@gmail.com

TRADE MARK

**Manson**



PHONE 28647

MFRS. **MAN SINGH & SONS**

**OPP. PARTAP INDS. G.T.Rd. LUDHIANA-3.**

Sri Satguru Jagjit Singh Ji Elibrary NamdhariElibrary@gmail.com

# JANTA

## HYDRAULIC PRESSES

- Known for trouble free service
- More out put with less cost
- Satisfaction guaranteed
- Easy to operate
- Simple to maintain



FOR GENERAL MOULDED RUBBER GOODS



DOWN STROKE HEAVY DUTY for Harrow Discs, Rim Plates & Brake Linnings



FOR VULCANIZING OF CONVEYOR & TRANSMISSION BELTINGS



FOR STRAIGHTENING BENDING PRESSING & FASTENING

JEW

**JANTA ENGINEERING WORKS**
G T. ROAD, P.O. MOHAN NAGAR
RAJINDER NAGAR INDUSTRIAL AREA
GHAZIABAD (INDIA)
PHONE : 201286 (CONNECTED WITH DELHI)

Sri Satguru Jagjit Singh Ji Elibrary NamdhariElibrary@gmail.com

ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

# SOKHI TIMBER

*Specialists in* :—SHUTTERING MATERIAL ON HIRE

Village Harolla, Opp. Noida Office, Sector-6,
NOIDA Distt. Gaziabad (U.P.)

*Resi. Phone* : 642740

With best compliment from :

# *J. B. D. ENTERPRISES*

*Specialists in* :
CONCRETE MIXERS, VIBRATORS & CONSTRUCTION
EQUIPMENTS ON HIRE

**Village Harolla, Opp. Noida Office, Sector-6,**
**NOIDA Distt. Gaziabad (U.P.)**

*Phone Resi.* : 642740

Sri Satguru Jagjit Singh Ji Elibrary NamdhariElibrary@gmail.com

*With best compliments from :*

# TARGET KNITWEARS

**Janak Puri Gali No. 3,
Industrial Area-A,
LUDHIANA.**

Phone : 31783

*Manufacturers :*
Gents Pullovers, Ladies Cardigans in Pure Wool and Summer Garments in Acryl Fabrics.

*Sister Concern :*

## M/s. Tanbro Hosiery Industries

**LUDHIANA.**

*Always Depend On :*

## LYALL QUALITY TOOLS

### *Lyall Garrage & Hardware Tools*

*At the Service of the Nation*

**Heavy Duty Socket Sets**

## TRADE *Kuka* MARK

*Are Available In :—*

1/4", 3/8", 3/4" and 1" Square
Drive Complete with Attachment
Also LOOSE SOCKET Size In

**WW, MM & SAE**

( ENGLISH SIZE ) ( METRIC SIZE ) ( AMERICAN SIZE )

*Manufacturers & Suppliers :*

*Grams* : LYALL

*Phone* [ Factory : 34073
Office : 26040

# Lyall Engineering Works Regd.

*Office* : Gandhi Nagar, G.T. Road, Ludhiana.
*Factory* : Daba Road, Ludhiana.

*Sister Concern :*

## LYALL TOOLS (India)

**Gandhi Nagar, G. T. Road, LUDHIANA.**

## LYALL FORGINGS

*Factory* : Daba Road, Ludhiana.
*Forgings* : Auto and Disel Engine Parts and Agricultural Parts

Sri Satguru Jagjit Singh Ji Elibrary NamdhariElibrary@gmail.com

*Remember Always :*

**A House of Engineering Works**

***JAGJIT INDUSTRIES***

*Manufacturers of :*

**Hydraulic Machines**

Hydraulic Presses for Mechanical

TRADE MARK

PARTAP

*Such as :*

- Deep Drawing Double Action Presses
- For Harrow Discs & Pipe Poles Fabrication
- For Pressure Cookers and Drawing Hydraulic Presses for use of Rubber Industries, for Rubber Sheets, Moulding, Nylon Chappals and other Rubber Goods Moulding

# JAGJIT INDUSTRIES

Rajinder Nagar, Industrial Area, P. O. Mohan Nagar,

**GHAZIABAD.**

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਭਾਰਤ ਵਿਚ ਸਭ ਤੋਂ ਵੱਧ ਵਿਕਣ ਵਾਲੇ ਬਿਸਕੁਟ

# ਅਸੋਕਾ ਬਿਸਕੁਟ

ਤੇ ਵਧੀਆ ਸਵਾਦ ਲਈ

# ASOKA BISCUIT




ਦੁੱਧ, ਕਣਕ, ਖੰਡ ਅਤੇ ਗਲੂਕੋਜ਼ ਦੇ ਸਵਾਦ ਅਤੇ ਪੌਸਟਿਕ ਵਿਟਾਮਿਨਾਂ ਨਾਲ ਭਰਪੂਰ

ਅਸੋਕਾ ਬਿਸਕੁਟ

Phones 565693, 562588

## Sri Hari Partap Trading Centre

6/85, W. E. A. Karol Bagh,

NEW DELHI-115005.

Sri Satguru Jagjit Singh Ji Elibrary NamdhariElibrary@gmail.com

R. No. 30775/78 Sept., 1982

੧ਓ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

**RAJPAL**

The Leading Name in Construction Machineries



Manufacturers of

- Concrete Mixers of All Sizes
- Lime Mortar Mills
- Vibrators of All Types
- Tower Hoists

- Steel Scrap Bailing Hydraulic Presses
- Spare Parts of all Makes of Concrete Mixer



# *Balwant Singh & Sons*

Factory :
A-2/3 Maya Puri Phase-2,
Opp. C-70, NEW DELHI-110064.

Office :
4E-11, Jhandewalan Ext.
NEW DELHI-110055.

Phones : Fact. 501973 Off. 529033 Resi. 505454

Sri Satguru Jagjit Singh Ji Elibrary NamdhariElibrary@gmail.com